ਨਾਨਕ ਨਾਮ ਚੜ੍ਹਦੀਕਲਾ ਤੇਰੇ ਭਾਣੇ ਸਰਬੱਤ ਦਾ ਭਲਾ

# ਚੜ੍ਹਦੀਕਲਾ

www.charhdikala.com DAILY CHARHDIKALA, NEW DELHI Email : charhdikala@gmail.com

ਬਾਨੀ : (ਸਵ:) ਗਿ: ਹਰਨਾਮ ਸਿੰਘ ਜੀ ਮੁੱਖ ਸੰਪਾਦਕ : ਡਾ. ਜਗਜੀਤ ਸਿੰਘ 'ਦਰਦੀ' ਸੰਪਾਦਕ : ਜਸਕੀਰਤ ਸਿੰਘ

PRGI (RNI) Regd. No. 57283/1994 ਸਾਲ/ year 31 ਅੰਕ ਨੰ. Volume No : 166 ਨਵੀਂ ਦਿੱਲੀ, ਬੁੱਧਵਾਰ 17 ਜੂਨ, 2026, Wednesday 17 June, 2026 ਮੁੱਲ/Price in Rs. 2 ਰੁਪਏ, ਕੁਲ ਪੇਜ/Total Pages 8 ਫੋਨ ਨੰ. : 23353936


## ਰਾਜੌਰੀ 'ਚ ਬਾਰੂਦੀ ਸੁਰੰਗ ਧਮਾਕੇ ਦੌਰਾਨ ਜੇ.ਓ.ਸੀ.ਸਣੇ ਫੌਜ ਦੇ ਚਾਰ ਜਵਾਨ ਜ਼ਖ਼ਮੀ

ਰਾਜੌਰੀ/ਜੰਮੂ, 16 ਜੂਨ (ਪ੍ਰਤੀਨਿਧੀ) : ਜੰਮੂ-ਕਸ਼ਮੀਰ ਦੇ ਰਾਜੌਰੀ ਜ਼ਿਲ੍ਹੇ 'ਚ ਕੰਟਰੋਲ ਰੇਖਾ ਦੇ ਨੇੜੇ ਮੰਗਲਵਾਰ ਨੂੰ ਇੱਕ ਅਚਾਨਕ ਹੋਏ ਧਮਾਕੇ ਵਿੱਚ ਇੱਕ ਜੂਨੀਅਰ ਕਮਿਸ਼ਨਡ ਅਫਸਰ (ਜੇ.ਓ.ਸੀ.) ਸਮੇਤ ਫੌਜ ਦੇ ਚਾਰ ਜਵਾਨ ਜ਼ਖ਼ਮੀ ਹੋ ਗਏ ਹਨ। ਇਹ ਧਮਾਕਾ ਨੌਸ਼ਹਿਰਾ ਸੈਕਟਰ ਦੇ ਅਗਲੇ ਇਲਾਕੇ ਕਲਾਲ ਵਿੱਚ ਉਸ ਸਮੇਂ ਹੋਇਆ ਜਦੋਂ ਫੌਜ ਦੇ ਜਵਾਨ ਇਲਾਕੇ ਵਿੱਚ ਨਿਗਰਾਨੀ ਲਈ ਗਸ਼ਤ ਕਰ ਰਹੇ ਸਨ। ਗਸ਼ਤ ਦੌਰਾਨ ਇੱਕ ਬਾਰੂਦੀ ਸੁਰੰਗ ਅਚਾਨਕ ਸਰਗਰਮ ਹੋ ਗਈ, ਜਿਸ ਕਾਰਨ ਇਹ ਜ਼ੋਰਦਾਰ ਧਮਾਕਾ ਹੋਇਆ।

## ਕੈਲਾਸ਼ ਮਾਨਸਰੋਵਰ ਯਾਤਰਾ ਦੀਆਂ ਤਿਆਰੀਆਂ ਤੇਜ਼: 30 ਜੂਨ ਤੋਂ ਸ਼ੁਰੂ

ਨੈਨੀਤਾਲ, 16 ਜੂਨ (ਪ੍ਰਤੀਨਿਧੀ) : ਕੁਮਾਊਂ ਮੰਡਲ ਵਿਕਾਸ ਨਿਗਮ ਵਲੋਂ ਸੰਚਾਲਿਤ ਮਸ਼ਹੂਰ ਕੈਲਾਸ਼ ਮਾਨਸਰੋਵਰ ਯਾਤਰਾ ਦੀਆਂ ਤਿਆਰੀਆਂ ਸ਼ੁਰੂ ਹੋ ਗਈਆਂ ਹਨ। ਉੱਤਰਾਖੰਡ ਦੇ ਲਿਪੁਲੇਖ ਦਰੇ ਤੋਂ 10 ਯਾਤਰੀ ਦਲ ਕੈਲਾਸ ਮਾਨਸਰੋਵਰ ਦੀ ਯਾਤਰਾ 'ਤੇ ਜਾਣਗੇ। ਹਰ ਦਲ 'ਚ 48 ਯਾਤਰੀ ਤੇ ਦੋ ਲਾਇਜ਼ਨ ਆਫਿਸਰ ਦੇ ਨਾਲ ਹੀ ਆਈਟੀਬੀਪੀ ਦਾ ਇਕ ਡਾਕਟਰ ਹੋਵੇਗਾ। ਕੇਐੱਮਵੀਐੱਨ ਵਲੋਂ ਯਾਤਰਾ ਦਾ ਪ੍ਰੋਗਰਾਮ ਜਾਰੀ ਕਰ ਦਿੱਤਾ ਗਿਆ ਹੈ। ਯਾਤਰਾ 30 ਜੂਨ ਤੋਂ 26 ਅਗਸਤ ਤੱਕ ਚੱਲੇਗੀ।

# ਪ੍ਰਧਾਨ ਮੰਤਰੀ ਮੋਦੀ ਨੂੰ ਮਿਲਿਆ ਸਲੋਵਾਕੀਆ ਦਾ ਸਰਵਉੱਚ ਸਨਮਾਨ

### ਭਾਰਤ ਤੇ ਸਲੋਵਾਕੀਆ ਦੁਵੱਲੀ ਭਾਈਵਾਲੀ ਮਜ਼ਬੂਤ ਕਰਨ ਲਈ ਸਹਿਮਤ



ਬਰਾਤਿਸਲਾਵਾ, 16 ਜੂਨ (ਪ੍ਰਤੀਨਿਧੀ) : ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਅੱਜ ਸਲੋਵਾਕੀਆ ਦੇ ਸਰਵਉੱਚ ਸਨਮਾਨ 'ਆਰਡਰ ਆਫ ਦਿ ਵ੍ਹਾਈਟ ਡਬਲ ਕਰਾਸ' (ਪਹਿਲਾ ਦਰਜਾ) ਨਾਲ ਸਨਮਾਨਿਤ ਕੀਤਾ ਗਿਆ। ਇਸ ਤੋਂ ਪਹਿਲਾਂ ਭਾਰਤ ਅਤੇ ਸਲੋਵਾਕੀਆ ਨੇ ਅੱਜ ਆਪਣੇ ਸਬੰਧਾਂ ਨੂੰ 'ਵਿਆਪਕ ਭਾਈਵਾਲੀ' ਦੇ ਪੱਧਰ ਤੱਕ ਵਧਾ ਦਿੱਤਾ ਅਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੇ ਉਨ੍ਹਾਂ ਦੇ ਸਲੋਵਾਕ ਹਮਰੁਤਬਾ ਰੌਬਰਟ ਫਿਕੋ ਦਰਮਿਆਨ ਹੋਈ ਗੱਲਬਾਤ ਤੋਂ ਬਾਅਦ ਦੁਵੱਲੇ ਵਪਾਰ ਤੇ ਰੱਖਿਆ ਸਹਿਯੋਗ ਨੂੰ ਹੁਲਾਰਾ ਦੇਣ ਦਾ ਅਹਿਦ ਲਿਆ ਗਿਆ। ਦੋਵਾਂ ਆਗੂਆਂ ਨੇ ਭਾਰਤ-ਯੂਰੋਪੀਅਨ ਯੂਨੀਅਨ ਮੁਕਤ ਵਪਾਰ ਸਮਝੌਤੇ ਨੂੰ 'ਜਲਦੀ ਤੋਂ ਜਲਦੀ' ਲਾਗੂ ਕਰਨ ਲਈ ਕੰਮ ਕਰਨ 'ਤੇ ਵੀ ਸਹਿਮਤੀ ਜਤਾਈ। ਦੋਵਾਂ ਨੇਤਾਵਾਂ ਦਰਮਿਆਨ ਹੋਈ ਗੱਲਬਾਤ ਤੋਂ ਬਾਅਦ ਰੱਖਿਆ ਸਹਿਯੋਗ ਬਾਰੇ 'ਸਹਿਮਤੀ ਪੱਤਰ' ਨੂੰ ਅੰਤਿਮ ਰੂਪ ਦਿੱਤਾ ਗਿਆ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕਿਹਾ ਕਿ ਇਸ ਨਾਲ ਦੋਵਾਂ ਧਿਰਾਂ ਦੇ ਰੱਖਿਆ ਉਦਯੋਗਾਂ ਵਿਚਾਲੇ ਸਹਿਯੋਗ ਨੂੰ ਨਵੀਂ ਗਤੀ ਮਿਲੇਗੀ। ਪ੍ਰਧਾਨ ਮੰਤਰੀ ਮੋਦੀ ਨੇ ਰੌਬਰਟ ਫਿਕੋ ਨੂੰ ਭਾਰਤ ਆਉਣ ਦਾ ਸੱਦਾ ਦਿੱਤਾ ਜਿਸ ਨੂੰ ਉਨ੍ਹਾਂ ਜਨਤਕ ਤੌਰ 'ਤੇ ਸਵੀਕਾਰ ਕਰ ਲਿਆ ਹੈ। ਪ੍ਰਧਾਨ ਮੰਤਰੀ ਮੋਦੀ ਆਪਣੀ ਹਫ਼ਤਾ ਭਰ ਚੱਲਣ ਵਾਲੀ ਯੂਰੋਪ ਯਾਤਰਾ ਦੇ ਹਿੱਸੇ ਵਜੋਂ ਬ੍ਰਾਤਿਸਲਾਵਾ ਵਿੱਚ ਹਨ। ਕਿਸੇ ਭਾਰਤੀ ਪ੍ਰਧਾਨ ਮੰਤਰੀ ਦੀ ਸਲੋਵਾਕੀਆ ਦੀ ਇਹ ਪਹਿਲੀ ਯਾਤਰਾ ਹੈ। ਉਨ੍ਹਾਂ ਮੀਡੀਆ 'ਤੇ ਕਿਹਾ, "ਅਸੀਂ ਆਪਣੇ ਸਬੰਧਾਂ ਨੂੰ ਵਿਆਪਕ ਭਾਈਵਾਲੀ ਦਾ ਦਰਜਾ ਦੇਣ ਦਾ ਫ਼ੈਸਲਾ ਕੀਤਾ ਹੈ। ਇਹ ਸਾਡੇ ਸਾਂਝੇ ਭਰੋਸਿਆਂ, ਸਾਂਝੀਆਂ ਤਰਜੀਹਾਂ ਅਤੇ ਸਾਂਝੇ ਭਵਿੱਖ ਦਾ ਪ੍ਰਤੀਕ ਹੈ।"

ਮੋਦੀ ਨੇ ਭਾਰਤ-ਯੂਰੋਪੀਅਨ ਯੂਨੀਅਨ ਮੁਕਤ ਵਪਾਰ ਸਮਝੌਤੇ ਨੂੰ ਅੰਤਿਮ ਰੂਪ ਦੇਣ ਵਿੱਚ ਸਲੋਵਾਕੀਆ ਵੱਲੋਂ ਦਿੱਤੇ ਸਹਿਯੋਗ ਲਈ ਫਿਕੋ ਦਾ ਧੰਨਵਾਦ ਵੀ ਕੀਤਾ।

### ਸਰਵਉੱਚ ਅਦਾਲਤ ਨੇ ਕੇਂਦਰ ਤੇ ਸੂਬਿਆਂ ਤੋਂ ਮੰਗਿਆ ਜਵਾਬ

# ਆਧਾਰ ਕਾਰਡ ਦੀ ਹੋ ਰਹੀ ਗ਼ਲਤ ਵਰਤੋਂ: ਸੁਪਰੀਮ ਕੋਰਟ




ਨਵੀਂ ਦਿੱਲੀ, 16 ਜੂਨ (ਪ੍ਰਤੀਨਿਧੀ) : ਸੁਪਰੀਮ ਕੋਰਟ ਨੇ ਮੰਗਲਵਾਰ ਨੂੰ ਕੇਂਦਰ ਅਤੇ ਸੂਬਿਆਂ ਤੋਂ ਉਸ ਪਟੀਸ਼ਨ 'ਤੇ ਜਵਾਬ ਮੰਗਿਆ, ਜਿਸ 'ਚ ਦੋਸ਼ ਲਗਾਇਆ ਗਿਆ ਹੈ ਕਿ 'ਯੂਨਿਕ ਆਈਡੈਂਟੀਫਿਕੇਸ਼ਨ ਅਥਾਰਟੀ ਆਫ਼ ਇੰਡੀਆ' (ਯੂਆਈਡੀਏਆਈ) ਵਲੋਂ ਜਾਰੀ ਆਧਾਰ ਕਾਰਡ ਦਾ ਇਸਤੇਮਾਲ ਨਾਗਰਿਕਤਾ, ਮੂਲ ਨਿਵਾਸ ਅਤੇ ਰਿਹਾਇਸ਼ੀ ਪਤੇ ਦੇ ਸਬੂਤ ਵਜੋਂ ਗਲਤ ਤਰੀਕੇ ਨਾਲ ਕੀਤਾ ਜਾ ਰਿਹਾ ਹੈ। ਪਟੀਸ਼ਨ 'ਚ ਮੰਗ ਕੀਤੀ ਗਈ ਹੈ ਕਿ ਇਸ ਦੇ ਇਸਤੇਮਾਲ ਨੂੰ ਸਿਰਫ਼ ਪਛਾਣ ਦੀ ਪੁਸ਼ਟੀ ਤੱਕ ਸੀਮਿਤ ਕਰਨ ਦੇ ਨਿਰਦੇਸ਼ ਦਿੱਤੇ ਜਾਣ।

ਚੀਫ਼ ਜਸਟਿਸ ਸੂਰੀਆਕਾਂਤ ਅਤੇ ਜਸਟਿਵ ਵੀ. ਮੋਹਨਾ ਦੀ ਬੈਂਚ ਨੇ ਵਕੀਲ ਅਸ਼ਵਨੀ ਕੁਮਾਰ ਉਪਾਧਿਆਏ ਦੀ ਪਟੀਸ਼ਨ 'ਤੇ ਕੇਂਦਰ ਅਤੇ ਸਾਰੇ ਸੂਬਿਆਂ ਤੇ ਕੇਂਦਰ ਸ਼ਾਸਿਤ ਪ੍ਰਦੇਸ਼ਾਂ ਨੂੰ ਨੋਟਿਸ ਜਾਰੀ ਕੀਤਾ ਅਤੇ ਇਸ ਤਰ੍ਹਾਂ ਦੇ ਪੈਂਡਿੰਗ ਮਾਮਲਿਆਂ ਨਾਲ ਜੋੜ ਦਿੱਤਾ। ਪਟੀਸ਼ਨ 'ਚ ਕੇਂਦਰ, ਸੂਬਿਆਂ ਅਤੇ ਚੋਣ ਕਮਿਸ਼ਨ ਨੂੰ ਨਿਰਦੇਸ਼ ਦੇਣ ਦੀ ਮੰਗ ਕੀਤੀ ਗਈ ਹੈ ਕਿ ਇਹ ਯਕੀਨੀ ਕੀਤਾ ਜਾਵੇ ਕਿ ਆਧਾਰ ਦਾ ਇਸਤੇਮਾਲ ਪਛਾਣ ਦੇ ਸਬੂਤ ਵਜੋਂ ਹੋਵੇ, ਨਾ ਕਿ ਨਾਗਰਿਕਤਾ, ਮੂਲ ਨਿਵਾਸ, ਪਤੇ ਅਤੇ ਜਨਮ ਤਰੀਕੇ ਵਜੋਂ। ਵਕੀਲ ਅਸ਼ਵਨੀ ਦੂਬੇ ਰਾਹੀਂ ਦਾਇਰ ਪਟੀਸ਼ਨ 'ਚ ਇਹ ਵੀ ਮੰਗ ਕੀਤੀ ਗਈ ਕਿ ਨਵੇਂ ਵੋਟਰ ਰਜਿਸਟਰੇਸ਼ਨ ਲਈ ਐਪਲੀਕੇਸ਼ਨ ਫਾਰਮ 'ਚ ਜਨਮ ਤਰੀਕ ਅਤੇ ਨਿਵਾਸ ਦੇ ਸਬੂਤ ਵਜੋਂ ਆਧਾਰ ਦੇ ਇਸਤੇਮਾਲ ਨੂੰ ਆਧਾਰ ਐਕਟ, 2016 ਦੀ ਧਾਰਾ 9, ਆਰਪੀਏ, 1950 ਦੀ ਧਾਰਾ 23 (4) ਅਤੇ ਸੰਵਿਧਾਨ ਦੀ ਧਾਰਾ 14 ਦੀ ਉਲੰਘਣਾ ਮੰਨਿਆ ਜਾਵੇ।

ਆਧਾਰ ਐਕਟ 2016 ਦੀ ਧਾਰਾ 9 'ਚ ਸਾਫ਼ ਤੌਰ 'ਤੇ ਕਿਹਾ ਗਿਆ ਹੈ ਕਿ 'ਆਧਾਰ ਨਾਗਰਿਤਾ ਜਾਂ ਮੂਲ ਨਿਵਾਸ ਦਾ ਸੂਬਤ ਨਹੀਂ ਹੈ।' ਯੂਆਈਡੀਏਆਈ ਦੇ 22 ਅਗਸਤ 2023 ਦੀ ਨੋਟੀਫਿਕੇਸ਼ਨ 'ਚ ਸਾਫ਼ ਕਿਹਾ ਗਿਆ ਹੈ ਕਿ 'ਆਧਾਰ ਪਛਾਣ ਦਾ ਸਬੂਤ ਹੈ, ਨਾ ਕਿ ਨਾਗਰਿਕਤਾ, ਪਤੇ ਜਾਂ ਜਨਮ ਤਰੀਕ ਦਾ..."। ਪਟੀਸ਼ਨ 'ਚ ਕਿਹਾ ਗਿਆ ਹੈ,"ਇਸ ਦੇ ਬਾਵਜੂਦ ਆਧਾਰ ਦਾ ਇਸਤੇਮਾਲ ਨਾ ਸਿਰਫ਼ ਸਕੂਲ 'ਚ ਦਾਖ਼ਲੇ, ਪ੍ਰਾਪਰਟੀ ਖਰੀਦਣ ਅਤੇ ਜਨਮ ਪ੍ਰਮਾਣ ਪੱਤਰ, ਰਾਸ਼ਨ ਕਾਰਡ, ਡਰਾਈਵਿੰਗ ਲਾਇਸੈਂਸ ਪਾਉਣ ਲਈ ਉਮਰ, ਨਾਗਰਿਕਤਾ ਅਤੇ ਮੂਲ ਨਿਵਾਸ ਦੇ ਸਬੂਤ ਵਜੋਂ ਕੀਤਾ ਜਾ ਰਿਹਾ ਹੈ, ਸਗੋਂ ਨਵੇਂ ਵੋਟਰ ਰਜਿਸਟਰੇਸ਼ਨ ਦੇ ਐਪਲੀਕੇਸ਼ਨ ਫਾਰਮ (ਫਾਰਮ-6) 'ਚ ਜਨਮ ਤਰੀਕ ਅਤੇ ਨਿਵਾਸ ਦੇ ਸਬੂਤ ਵਜੋਂ ਵੀ ਕੀਤਾ ਜਾ ਰਿਹਾ ਹੈ ਅਤੇ ਇਸ ਤਰ੍ਹਾਂ ਘੁਸਪੈਠੀਏ ਅਤੇ ਗੈਰ-ਪ੍ਰਵਾਸੀ ਆਧਾਰ ਦਾ ਇਸਤੇਮਾਲ ਕਰ ਕੇ ਕਈ ਤਰ੍ਹਾਂ ਦੇ ਦਸਤਾਵੇਜ਼ ਹਾਸਲ ਕਰ ਰਹੇ ਹਨ।"

ਪਟੀਸ਼ਨ 'ਚ ਤਰਕ ਦਿੱਤਾ ਗਿਆ ਹੈ ਕਿ ਫਾਰਮ-6 ਦੇ ਅਧੀਨ ਮੌਜੂਦਾ ਵੈਰੀਫਿਕੇਸ਼ਨ ਸਿਸਟਮ ਨਾਕਾਫ਼ੀ ਹੈ ਅਤੇ ਇਸ ਤੋਂ ਬਿਨਾਂ ਸਹੀ ਸਪੋਰਟਿੰਗ ਦਸਤਾਵੇਜ਼ ਵਾਲੇ ਲੋਕਾਂ ਨੂੰ ਵੋਟਰ ਡਾਟਾਬੇਸ 'ਚ ਸ਼ਾਮਲ ਕੀਤੇ ਜਾਣ ਦੀ ਸੰਭਾਵਨਾ ਹੋ ਸਕਦੀ ਹੈ। ਪਟੀਸ਼ਨ 'ਚ ਚੋਣ ਪ੍ਰਕਿਰਿਆਵਾਂ 'ਚ ਇਸਤੇਮਾਲ ਹੋਣ ਵਾਲੇ ਵੈਰੀਫਿਕੇਸ਼ਨ ਸਿਸਟਮ 'ਚ ਵੱਡੇ ਬਦਲਾਅ ਦੀ ਮੰਗ ਕੀਤੀ ਗਈ ਅਤੇ ਸੁਧਾਰਾਂ ਦੀ ਨਿਗਰਾਨੀ ਲਈ ਇਕ ਹਾਈ-ਪਾਵਰਡ ਮਾਨੀਟਰਿੰਗ ਕਮੇਟੀ ਬਣਾਉਣ ਦਾ ਪ੍ਰਸਤਾਵ ਦਿੱਤਾ ਗਿਆ, ਜਿਸ 'ਚ ਸੁਪਰੀਮ ਕੋਰਟ ਦੇ ਸੇਵਾਮੁਕਤ ਜੱਜ ਦੇ ਨਾਲ-ਨਾਲ ਸਾਈਬਰ ਸਕਿਓਰਿਟੀ ਅਤੇ ਫੋਰੈਂਸਿਕ ਮਾਹਿਰ ਸ਼ਾਮਲ ਹੋਣ।

# ਹਾਥਰਸ ਮਾਣਹਾਨੀ ਕੇਸ 'ਚ ਰਾਹੁਲ ਗਾਂਧੀ ਵਿਰੁੱਧ 15 ਜੁਲਾਈ ਨੂੰ ਹੋਵੇਗੀ ਮਾਮਲੇ ਦੀ ਸੁਣਵਾਈ



ਹਾਥਰਸ (ਯੂਪੀ), 16 ਜੂਨ (ਪ੍ਰਤੀਨਿਧੀ) : ਹਾਥਰਸ 'ਚ ਬਲਾਤਕਾਰ ਦੇ ਇੱਕ ਦੋਸ਼ ਤੋਂ ਬਰੀ ਹੋਏ ਤਿੰਨ ਨੌਜਵਾਨਾਂ ਵੱਲੋਂ ਲੋਕ ਸਭਾ ਵਿੱਚ ਵਿਰੋਧੀ ਧਿਰ ਦੇ ਨੇਤਾ ਰਾਹੁਲ ਗਾਂਧੀ ਵਿਰੁੱਧ ਦਾਇਰ ਕੀਤੇ ਗਏ ਮਾਣਹਾਨੀ ਮਾਮਲੇ ਵਿੱਚ ਅਦਾਲਤ ਨੇ ਨਜ਼ਰਸਾਨੀ ਪਟੀਸ਼ਨ ਨੂੰ ਸਵੀਕਾਰ ਕਰ ਲਿਆ ਹੈ। ਹੁਣ ਇਸ ਮਾਮਲੇ ਦੀ ਅਗਲੀ ਸੁਣਵਾਈ 15 ਜੁਲਾਈ ਨੂੰ ਹੋਵੇਗੀ। ਵਕੀਲ ਮੁਨਾ ਸਿੰਘ ਪੁੰਢੀਰ ਨੇ ਦੱਸਿਆ ਕਿ ਉਨ੍ਹਾਂ ਦੇ ਇੱਕ ਮੁਵੱਕਿਲ ਰਾਮਕੁਮਾਰ ਉਰਫ਼ ਰਾਮੂ ਵੱਲੋਂ ਏ.ਸੀ.ਜੇ.ਐੱਮ. ਦੀਪਕ ਨਾਥ ਸਰਸਵਤੀ ਦੇ ਹੁਕਮਾਂ ਖ਼ਿਲਾਫ਼ ਇਹ ਪਟੀਸ਼ਨ ਦਾਇਰ ਕੀਤੀ ਗਈ ਸੀ, ਜਿਸ ਨੂੰ ਸੋਮਵਾਰ ਨੂੰ ਸਵੀਕਾਰ ਕਰ ਲਿਆ ਗਿਆ। ਹੁਣ ਇਸ ਮਾਮਲੇ ਦੀ ਸੁਣਵਾਈ ਵਧੀਕ ਜ਼ਿਲ੍ਹਾ ਜੱਜ ਐੱਮ.ਪੀ.-ਐੱਮ.ਐੱਲ.ਏ. ਅਦਾਲਤ (ਨੰਬਰ ਪੰਜ) ਵਿਜੇ ਕੁਮਾਰ ਦੂਜੇ ਦੀ ਅਦਾਲਤ ਵਿੱਚ ਹੋਵੇਗੀ। ਇਸ ਤੋਂ ਪਹਿਲਾਂ 13 ਮਈ ਨੂੰ ਏ.ਸੀ.ਜੇ.ਐੱਮ. ਵੱਲੋਂ ਇਹ ਪਟੀਸ਼ਨ ਰੱਦ ਕਰ ਦਿੱਤੀ ਗਈ ਸੀ।

ਸਤੰਬਰ 2020 'ਚ ਹਾਥਰਸ ਦੇ ਇੱਕ ਪਿੰਡ ਵਿੱਚ ਇੱਕ ਦਲਿਤ ਲੜਕੀ ਨਾਲ ਕਥਿਤ ਤੌਰ 'ਤੇ ਸਮੂਹਿਕ ਬਲਾਤਕਾਰ ਹੋਇਆ ਸੀ ਅਤੇ ਇਲਾਜ ਦੌਰਾਨ ਦਿੱਲੀ ਦੇ ਹਸਪਤਾਲ ਵਿੱਚ ਉਸਦੀ ਮੌਤ ਹੋ ਗਈ ਸੀ। ਪਿੰਡ ਦੇ ਚਾਰ ਵਿਅਕਤੀਆਂ 'ਤੇ ਇਸ ਦਾ ਦੋਸ਼ ਲੱਗਾ ਸੀ। ਸੀ.ਬੀ.ਆਈ. ਦੀ ਜਾਂਚ ਅਤੇ ਮੁਕੱਦਮੇ ਤੋਂ ਬਾਅਦ ਰਾਮਕੁਮਾਰ, ਲਵਕੁਸ਼ ਅਤੇ ਰਵੀ ਨੂੰ ਬਰੀ ਕਰ ਦਿੱਤਾ ਗਿਆ ਸੀ, ਜਦੋਂ ਕਿ ਸੰਦੀਪ ਨੂੰ ਦੋਸ਼ੀ ਕਰਾਰ ਦਿੱਤਾ ਗਿਆ ਸੀ। ਬਰੀ ਹੋਏ ਤਿੰਨ ਵਿਅਕਤੀਆਂ ਨੇ ਰਾਹੁਲ ਗਾਂਧੀ ਵਿਰੁੱਧ ਮਾਣਹਾਨੀ ਦਾ ਕੇਸ ਇਸ ਲਈ ਕੀਤਾ ਕਿਉਂਕਿ ਉਨ੍ਹਾਂ ਨੂੰ ਕਥਿਤ ਤੌਰ 'ਤੇ ਫਿਰ ਵੀ 'ਦੋਸ਼ੀ' ਕਿਹਾ ਗਿਆ ਸੀ।

# ਈ.ਡੀ. ਹੁਣ 'ਆਪ' ਦੇ ਛੋਟੇ ਵਰਕਰਾਂ ਦੇ ਘਰ ਮਾਰ ਰਹੀ ਹੈ ਛਾਪੇ:ਕੇਜਰੀਵਾਲ



ਨਵੀਂ ਦਿੱਲੀ, 16 ਜੂਨ (ਅੰਮ੍ਰਿਤਪਾਲ ਸਿੰਘ) : 'ਆਪ' ਸੁਪਰੀਮੋ ਅਰਵਿੰਦ ਕੇਜਰੀਵਾਲ ਨੇ ਟਵੀਟ ਕਰ ਕਿਹਾ ਕਿ ਜਦੋਂ ਸਾਡੇ ਬਹੁਤ ਸਾਰੇ ਆਗੂਆਂ 'ਤੇ ਛਾਪਿਆਂ ਦਾ ਕੁਝ ਵੀ ਨਤੀਜਾ ਨਹੀਂ ਨਿਕਲਿਆ, ਤਾਂ ਹੁਣ ਈ.ਡੀ. ਨੇ ਦੇਸ਼ ਭਰ ਵਿਚ ਸਾਡੇ ਬਹੁਤ ਸਾਰੇ ਛੋਟੇ ਵਰਕਰਾਂ 'ਤੇ ਛਾਪੇਮਾਰੀ ਸ਼ੁਰੂ ਕਰ ਦਿੱਤੀ ਹੈ। ਸਾਰੇ ਵਰਕਰੋ, ਮਜ਼ਬੂਤ ਰਹੋ। ਇਹ ਲੋਕ ਡਰਪੋਕ ਹਨ। ਉਹ ਟਰੰਪ ਦੇ ਸਾਹਮਣੇ ਦੇਸ਼ ਨੂੰ ਜ਼ਲੀਲ ਕਰਦੇ ਹੋਏ ਆਮ ਲੋਕਾਂ 'ਤੇ ਛਾਪੇਮਾਰੀ ਕਰਨਾ ਆਪਣੀ ਮਰਦਾਨਗੀ ਸਮਝਦੇ ਹਨ। ਵੈਸੇ, ਜੇ ਤੁਸੀਂ ਦੇਸ਼ ਦਾ ਕਾਲਾ ਧਨ ਲੱਭਣਾ ਚਾਹੁੰਦੇ ਹੋ, ਤਾਂ ਇਹ ਦੋ ਲੋਕਾਂ ਦੇ ਘਰਾਂ ਵਿਚ ਮਿਲੇਗਾ, ਜੋ ਹਰ ਰੋਜ਼ ਕਈ ਵਿਧਾਇਕਾਂ ਅਤੇ ਸੰਸਦ ਮੈਂਬਰਾਂ ਨੂੰ ਖਰੀਦਦੇ ਹਨ। ਪਰ ਈ.ਡੀ. ਉਨ੍ਹਾਂ ਦੇ ਕੰਟਰੋਲ ਹੇਠ ਆਉਂਦੀ ਹੈ।

## ਹਵਾ ਵਿੱਚ ਤਕਨੀਕੀ ਖ਼ਰਾਬੀ, ਏਅਰ ਇੰਡੀਆ ਐਕਸਪ੍ਰੈਸ ਦੀ ਉਡਾਣ ਦੀ ਐਮਰਜੈਂਸੀ ਲੈਂਡਿੰਗ

ਕੰਨੂਰ, 16 ਜੂਨ (ਪ੍ਰਤੀਨਿਧੀ) : ਕੇਰਲ ਦੇ ਕੰਨੂਰ ਅੰਤਰਰਾਸ਼ਟਰੀ ਹਵਾਈ ਅੱਡੇ ਤੋਂ ਸਾਊਦੀ ਅਰਬ ਦੇ ਜੇਦਾਹ ਲਈ ਰਵਾਨਾ ਹੋਈ ਏਅਰ ਇੰਡੀਆ ਐਕਸਪ੍ਰੈਸ ਦੀ ਇੱਕ ਉਡਾਣ ਵਿੱਚ ਹਵਾ ਵਿੱਚ ਤਕਨੀਕੀ ਖ਼ਰਾਬੀ ਆਉਣ ਕਾਰਨ ਐਮਰਜੈਂਸੀ ਸਥਿਤੀ ਪੈਦਾ ਹੋ ਗਈ। ਜਾਣਕਾਰੀ ਅਨੁਸਾਰ ਉਡਾਣ ਭਰਨ ਤੋਂ ਲਗਭਗ ਦੋ ਘੰਟਿਆਂ ਬਾਅਦ ਜਹਾਜ਼ ਦੇ ਇੰਜਣ ਵਿੱਚ ਤਕਨੀਕੀ ਨੁਕਸ ਦਾ ਸੰਕੇਤ ਮਿਲਿਆ, ਜਿਸ ਤੋਂ ਬਾਅਦ ਪਾਇਲਟਾਂ ਨੇ ਤੁਰੰਤ ਸੁਰੱਖਿਆ ਪ੍ਰੋਟੋਕੋਲ ਅਪਨਾਉਂਦੇ ਹੋਏ ਜਹਾਜ਼ ਨੂੰ ਵਾਪਸ ਕੰਨੂਰ ਹਵਾਈ ਅੱਡੇ ਵੱਲ ਮੋੜ ਦਿੱਤਾ। ਏਅਰ ਟ੍ਰੈਫਿਕ ਕੰਟਰੋਲ ਨਾਲ ਸੰਪਰਕ ਕਰਨ ਤੋਂ ਬਾਅਦ ਹਵਾਈ ਅੱਡੇ 'ਤੇ ਐਮਰਜੈਂਸੀ ਪ੍ਰਬੰਧ ਕੀਤੇ ਗਏ। ਫਾਇਰ ਬ੍ਰਿਗੇਡ ਅਤੇ ਐਂਬੂਲੈਂਸਾਂ ਨੂੰ ਰਨਵੇਅ ਨੇੜੇ ਤਾਇਨਾਤ ਕੀਤਾ ਗਿਆ ਤਾਂ ਜੋ ਕਿਸੇ ਵੀ ਅਣਚਾਹੀ ਸਥਿਤੀ ਨਾਲ ਨਜਿੱਠਿਆ ਜਾ ਸਕੇ। ਪਾਇਲਟਾਂ ਦੀ ਸੂਝਬੂਝ ਅਤੇ ਤਜਰਬੇ ਸਦਕਾ ਜਹਾਜ਼ ਦੀ ਸੁਰੱਖਿਅਤ ਲੈਂਡਿੰਗ ਕਰਵਾਈ ਗਈ। ਉਡਾਣ ਵਿੱਚ ਸਵਾਰ 180 ਤੋਂ ਵੱਧ ਯਾਤਰੀ ਅਤੇ ਚਾਲਕ ਦਲ ਦੇ ਮੈਂਬਰ ਪੂਰੀ ਤਰ੍ਹਾਂ ਸੁਰੱਖਿਅਤ ਹਨ। ਲੈਂਡਿੰਗ ਤੋਂ ਬਾਅਦ ਸਾਰੇ ਯਾਤਰੀਆਂ ਨੂੰ ਸੁਰੱਖਿਅਤ ਬਾਹਰ ਕੱਢ ਲਿਆ ਗਿਆ।

# ਸੀਜੇਪੀ ਚੋਣਾਂ ਲੜਨ ਦੀ ਇਛੁੱਕ ਨਹੀਂ : ਅਭਿਜੀਤ ਦੀਪਕੇ



ਨਾਗਪੁਰ, 16 ਜੂਨ (ਪ੍ਰਤੀਨਿਧੀ) : ਕਾਕਰੋਚ ਜਨਤਾ ਪਾਰਟੀ (ਸੀਜੇਪੀ) ਦੇ ਸੰਸਥਾਪਕ ਅਭਿਜੀਤ ਦੀਪਕੇ ਨੇ ਮੰਗਲਵਾਰ ਨੂੰ ਸੰਕੇਤ ਦਿੱਤਾ ਕਿ ਉਨ੍ਹਾਂ ਦੀ ਪਾਰਟੀ ਚੋਣਾਂ ਲੜਨ ਦੀ ਇਛੁੱਕ ਨਹੀਂ ਹੈ। ਦੀਪਕੇ ਨੇ ਨੀਟ-ਯੂਜੀ ਵਿਵਾਦ (ਮੈਡੀਕਲ ਦਾਖਲਾ ਪ੍ਰੀਖਿਆ 'ਚ ਪ੍ਰਸ਼ਨ ਪੱਤਰ ਲੀਕ ਹੋਣ) ਤੋਂ ਬਾਅਦ ਦੇਸ਼ ਦੇ ਵਿਦਿਆਰਥੀਆਂ ਨਾਲ ਗੱਲਬਾਤ ਨਾ ਕਰਨ ਨੂੰ ਲੈ ਕੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਵੀ ਆਲੋਚਨਾ ਕੀਤੀ। ਕੇਂਦਰੀ ਸਿੱਖਿਆ ਮੰਤਰੀ ਧਰਮੇਂਦਰ ਪ੍ਰਧਾਨ ਦੇ ਅਸਤੀਫ਼ੇ ਦੀ ਮੰਗ ਕਰਦੇ ਹੋਏ ਸੀਜੇਪੀ ਦੇ ਵਿਰੋਧ ਪ੍ਰਦਰਸ਼ਨ ਤੋਂ ਪਹਿਲਾਂ ਦੀਪਕੇ ਨੇ ਇੱਥੇ ਇਕ ਪ੍ਰੈਸ ਕਾਨਫਰੰਸ ਕੀਤੀ। ਜਦੋਂ ਉਨ੍ਹਾਂ ਤੋਂ ਪੁੱਛਿਆ ਗਿਆ ਕਿ ਕੀ ਸੀਜੇਪੀ ਚੋਣਾਂ ਲੜਨਗੇ, ਤਾਂ ਉਨ੍ਹਾਂ ਕਿਹਾ, 'ਅਸੀਂ ਚੋਣਾਂ ਕਿਉਂ ਲੜੀਏ ? ਮੇਰਾ ਮਤਲਬ ਹੈ, ਜੇਕਰ ਦੇਸ਼ 'ਚ ਹਰ ਕਿਸੇ ਨੂੰ ਆਪਣੇ ਅਧਿਕਾਰਾਂ ਦੀ ਮੰਗ ਕਰਨ ਲਈ ਚੋਣਾਂ ਲੜਨੀਆਂ ਪੈਣ... ਤਾਂ ਇਹ ਇਹ ਕਿਵੇਂ ਚੱਲੇਗਾ ?"

ਜਦੋਂ ਦੀਪਕੇ ਨੂੰ ਇਹ ਕਿਹਾ ਗਿਆ ਕਿ ਕੀ ਪ੍ਰਧਾਨ ਮੰਤਰੀ ਨੂੰ ਦੇਸ਼ ਦੇ ਨੌਜਵਾਨਾਂ ਨੂੰ ਸੰਬੋਧਨ ਕਰਨਾ ਚਾਹੀਦਾ ਅਤੇ ਉਨ੍ਹਾਂ ਨੂੰ ਭਰੋਸਾ ਦਿਵਾਉਣਾ ਚਾਹੀਦਾ ਕਿ ਪੇਪਰ ਲੀਕ ਮੁੜ ਨਹੀਂ ਹੋਵੇਗਾ ਤਾਂ ਉਨ੍ਹਾਂ ਨੇ ਕਿਹਾ ਕਿ ਪੀ.ਐੱਮ. ਮੋਦੀ ਨੂੰ ਸਭ ਤੋਂ ਪਹਿਲਾਂ ਉਨ੍ਹਾਂ 5 ਜਾਂ 6 ਵਿਦਿਆਰਥੀਆਂ ਦੇ ਮਾਤਾ-ਪਿਤਾ ਤੋਂ ਮੁਆਫ਼ੀ ਮੰਗਣੀ ਚਾਹੀਦੀ ਹੈ, ਜਿਨ੍ਹਾਂ ਨੇ (3 ਮਈ ਦੀ ਨੀਟ-ਯੂਜੀ ਪ੍ਰੀਖਿਆ ਰੱਦ ਹੋਣ ਮਗਰੋਂ) ਖੁਦਕੁਸ਼ੀ ਕਰ ਲਈ ਸੀ। ਦੀਪਕੇ ਨੇ ਕਿਹਾ,"ਪ੍ਰਧਾਨ ਮੰਤਰੀ ਦੁਨੀਆ ਭਰ 'ਚ ਕਿਤੇ ਵੀ ਕੁਝ ਹੋਣ 'ਤੇ ਟਵੀਟ ਕਰਦੇ ਹਨ ਪਰ ਇੱਥੇ ਦੇਸ਼ ਦੇ ਵਿਦਿਆਰਥੀ ਖੁਦਕੁਸ਼ੀ ਕਰ ਰਹੇ ਹਨ ਅਤੇ ਪ੍ਰਧਾਨ ਮੰਤਰੀ ਵਲੋਂ ਉਨ੍ਹਾਂ ਲਈ ਹਮਦਰਦੀ ਦਾ ਇਕ ਟਵੀਟ ਤੱਕ ਨਹੀਂ ਆਉਂਦਾ। ਤੁਸੀਂ ਕਦੋਂ ਤੱਕ ਆਪਣੀ 'ਮਨ ਕੀ ਬਾਤ' ਅਤੇ 'ਪ੍ਰੀਖਿਆ ਤੇ ਚਰਚਾ' ਦੀਂ ਗੱਲਾਂ ਕਰਦੇ ਰਹੋਗੇ ? ਘੱਟੋ-ਘੱਟ ਵਿਦਿਆਰਥੀਆਂ ਦੀ 'ਮਨ ਦੀ ਗੱਲ' ਤਾਂ ਸੁਣੋ।" ਸੀਜੇਪੀ ਦੇ ਸੰਸਥਾਪਕ ਨੇ ਕਿਹਾ ਕਿ ਜੇਕਰ ਪ੍ਰਧਾਨ ਮੰਤਰੀ ਵਿਦਿਆਰਥੀਆਂ ਨਾਲ ਗੱਲਬਾਤ ਕਰਦੇ ਤਾਂ ਉਹ ਉਨ੍ਹਾਂ ਦੀਆਂ ਸਮੱਸਿਆਵਾਂ ਨੂੰ ਸਮਝ ਪਾਉਂਦੇ ਅਤੇ ਉਨ੍ਹਾਂ ਦਾ ਹੱਲ ਕੱਢ ਪਾਉਂਦੇ। ਉਨ੍ਹਾਂ ਦੋਹਰਾਇਆ ਕਿ ਸੀਜੇਪੀ ਦਾ ਦੇਸ਼ਵਿਆਪੀ ਵਿਰੋਧ ਉਦੋਂ ਤੱਕ ਨਹੀਂ ਰੁਕੇਗਾ, ਜਦੋਂ ਕਿ ਕੇਂਦਰੀ ਸਿੱਖਿਆ ਮੰਤਰੀ ਧਰਮੇਂਦਰ ਪ੍ਰਧਾਨ ਅਸਤੀਫ਼ਾ ਨਹੀਂ ਦੇ ਦਿੰਦੇ।

# ਅਮਰੀਕਾ-ਈਰਾਨ ਦੇ ਸ਼ਾਂਤੀ ਸਮਝੌਤੇ ਤੋਂ ਬਾਅਦ ਸ਼ੇਅਰ ਬਜ਼ਾਰਾਂ 'ਚ ਲਗਾਤਾਰ ਤੇਜ਼ੀ ਜਾਰੀ



ਮੁੰਬਈ, 16 ਜੂਨ (ਪ੍ਰਤੀਨਿਧੀ) : ਈਰਾਨ ਤੇ ਅਮਰੀਕਾ ਵਿਚਾਲੇ ਹੋਏ ਸ਼ਾਂਤੀ ਸਮਝੌਤੇ ਤੋਂ ਬਾਅਦ ਕੱਚੇ ਤੇਲ ਦੀਆਂ ਕੀਮਤਾਂ ਵਿਚ ਨਰਮੀ ਅਤੇ ਵਿਸ਼ਵ ਬਜ਼ਾਰਾਂ ਵਿਚ ਸਕਾਰਾਤਮਕ ਰੁਝਾਨ ਦੇ ਕਾਰਨ ਮੰਗਲਵਾਰ ਨੂੰ ਸੈਂਸੈਕਸ ਅਤੇ ਨਿਫਟੀ ਵਰਗੇ ਪ੍ਰਮੁੱਖ ਸ਼ੇਅਰ ਬਜ਼ਾਰ ਸੂਚਕਾਂ ਨੇ ਲਗਾਤਾਰ ਤੀਜੇ ਦਿਨ ਵੀ ਵਾਧਾ ਦਰਜ ਕੀਤਾ ਹੈ।

30-ਸ਼ੇਅਰਾਂ ਵਾਲੇ ਬੀਐਸਈ ਸੈਂਸੈਕਸ 544.15 ਅੰਕ, ਜਾਂ 0.71 ਫੀਸਦੀ ਵਧਕੇ 76,808.48 ਅੰਕਾਂ ਤੇ ਆ ਗਿਆ। ਕਾਰੋਬਾਰ ਦੌਰਾਨ ਇਹ 582.41 ਅੰਕ, ਜਾਂ 0.76 ਫੀਸਦੀ, ਵੱਧ ਕੇ 76,846.74 ਅੰਕਾਂ ਤਕ ਪਹੁੰਚ ਗਿਆ ਸੀ।

ਇਸੇ ਤਰ੍ਹਾਂ 50-ਸ਼ੇਅਰਾਂ ਵਾਲਾ ਐਨਐਸਈ ਨਿਫਟੀ 135.42 ਅੰਕਾਂ ਨਾਲ ਵਧਕੇ 23,989.15 'ਤੇ ਬੰਦ ਹੋਇਆ। ਹਾਲਾਂਕਿ ਦਿਨ ਦੌਰਾਨ ਇਹ 148.7 ਅੰਕ, ਜਾਂ 0.62 ਫੀਸਦੀ ਨਾਲ ਵੱਧ ਕੇ 24.002.60 'ਤੇ ਆ ਗਿਆ ਸੀ।

ਮਾਹਿਰਾਂ ਅਨੁਸਾਰ ਵਿਦੇਸ਼ੀ ਨਿਵੇਸ਼ਕਾਂ ਵੱਲੋਂ ਭਾਰਤੀ ਸ਼ੇਅਰਾਂ ਵਿੱਚ ਖਰੀਦਦਾਰੀ ਕਰਨ ਨਾਲ ਵੀ ਨਿਵੇਸ਼ਕਾਂ ਦਾ ਭਰੋਸਾ ਮਜ਼ਬੂਤ ਹੋਇਆ ਹੈ। ਇਸ ਦੌਰਾਨ ਸੈਂਸੈਕਸ ਵਿੱਚ ਸਭ ਤੋਂ ਵੱਧ ਲਾਭ ਦਰਜ ਕਰਨ ਵਾਲਿਆਂ ਕੰਪਨੀਆਂ ਵਿੱਚ ਐੱਚਸੀਐੱਲ ਟੈੱਕ, ਬਜਾਜ ਫਿੰਸਰਵਜ, ਐੱਨਟੀਪੀਸੀ, ਹਿੰਦੁਸਤਾਨ ਯੂਨੀਲੀਵਰ, ਟਾਟਾ ਕਸਲਟੈਂਸੀ ਸਰਵਿਸਿਜ਼ (ਟੀਸੀਐਸ) ਅਤੇ ਬਜਾਜ ਫਾਇਨੈਂਸ ਸ਼ਾਮਿਲ ਰਹੀਆਂ। ਦੂਜੇ ਪਾਸੇ ਇੰਟਰਗਲੋਬ ਐਵੀਏਸ਼ਨ, ਅਲਟਰਾਟੈੱਕ ਸੀਮਿੰਟ, ਮਾਰੂਤੀ ਸੁਜ਼ੂਕੀ ਅਤੇ ਟਾਟਾ ਸਟੀਲ ਦੇ ਸ਼ੇਅਰਾਂ 'ਚ ਗਿਰਾਵਟ ਦੇਖੀ ਗਈ। ਐਕਸਚੇਂਜ ਅੰਕੜਿਆਂ ਅਨੁਸਾਰ, ਵਿਦੇਸ਼ੀ ਸੰਸਥਾਗਤ ਨਿਵੇਸ਼ਕਾਂ ਨੇ ਸੋਮਵਾਰ ਨੂੰ 200.05 ਕਰੋੜ ਰੁਪਏ ਦੇ ਸ਼ੇਅਰਾਂ ਦੀ ਸ਼ੁੱਧ ਖਰੀਦ ਕੀਤੀ। ਅਮਰੀਕਾ ਅਤੇ ਇਰਾਨ ਨੇ ਐਤਵਾਰ ਨੂੰ ਹੋਰਮੁਜ਼ ਜਲਮਾਰਗ ਨੂੰ ਮੁੜ ਖੋਲ੍ਹਣ ਲਈ ਇਕ ਸਮਝੌਤਾ ਕੀਤਾ, ਜਿਸ ਨਾਲ ਦੁਨੀਆ ਦੇ ਸਭ ਤੋਂ ਮਹੱਤਵਪੂਰਨ ਊਰਜਾ ਮਾਰਗ ਰਾਹੀਂ ਤੇਲ ਅਤੇ ਕੁਦਰਤੀ ਗੈਸ ਦੀ ਆਵਾਜਾਈ ਮੁੜ ਸ਼ੁਰੂ ਹੋਣ ਦੀ ਉਮੀਦ ਹੈ। ਹਾਲਾਂਕਿ ਸਮਝੌਤੇ ਦੇ ਵੇਰਵੇ ਹੁਣ ਤੱਕ ਜਨਤਕ ਨਹੀਂ ਕੀਤੇ ਗਏ।

ਜ਼ਿਕਰਯੋਗ ਹੈ ਕਿ ਸੋਮਵਾਰ ਨੂੰ ਵੀ ਸੈਂਸੈਕਸ 736.38 ਅੰਕ ਜਾਂ 0.97 ਫੀਸਦੀ ਚੜ੍ਹ ਕੇ 76,264.33 ਅੰਕ 'ਤੇ ਬੰਦ ਹੋਇਆ ਸੀ, ਜਦਕਿ ਨਿਫਟੀ 231 ਅੰਕ ਜਾਂ 0.98 ਫੀਸਦੀ ਵਧ ਕੇ 23,853.90 ਅੰਕ 'ਤੇ ਪਹੁੰਚ ਗਿਆ ਸੀ।

# ਅਮਰੀਕਾ ਦੇ ਕੈਲੀਫੋਰਨੀਆ 'ਚ ਬੀ-52 ਬੰਬਾਰ ਜਹਾਜ਼ ਹਾਦਸਾਗ੍ਰਸਤ, 8 ਦੀ ਮੌਤ



ਕੈਲੀਫੋਰਨੀਆ, 16 ਜੂਨ (ਪ੍ਰਤੀਨਿਧੀ) : ਕੈਲੀਫੋਰਨੀਆ ਦੇ ਐਡਵਰਡਸ ਏਅਰ ਫੋਰਸ ਬੇਸ 'ਤੇ ਇਕ ਬੀ-52 ਬੰਬਾਰ ਜਹਾਜ਼ ਹਾਦਸਾਗ੍ਰਸਤ ਹੋ ਗਿਆ। ਅਮਰੀਕੀ ਹਵਾਈ ਸੈਨਾ ਦੇ ਅਨੁਸਾਰ ਇਸ ਵਿਚ ਸਵਾਰ ਸਾਰੇ ਅੱਠ ਲੋਕ ਮਾਰੇ ਗਏ। ਅਧਿਕਾਰੀਆਂ ਨੇ ਕਿਹਾ ਕਿ ਜਹਾਜ਼ ਇਕ ਨਿਯਮਤ ਟੈਸਟ ਉਡਾਣ 'ਤੇ ਸੀ। ਬੀਤੀ ਸਵੇਰ ਲਗਭਗ 11:20 ਵਜੇ ਉਡਾਣ ਭਰਨ ਤੋਂ ਥੋੜ੍ਹੀ ਦੇਰ ਬਾਅਦ, ਜਹਾਜ਼ ਹਾਦਸਾਗ੍ਰਸਤ ਹੋ ਗਿਆ ਅਤੇ ਇਸ ਵਿਚ ਅੱਗ ਲੱਗ ਗਈ। ਮ੍ਰਿਤਕਾਂ ਵਿਚ ਹਵਾਈ ਸੈਨਾ ਦੇ ਕਰਮਚਾਰੀ ਅਤੇ ਹਵਾਈ ਜਹਾਜ਼ ਜਾਂਚ ਮਾਹਰ ਸ਼ਾਮਿਲ ਸਨ। ਹਾਦਸੇ ਦਾ ਕਾਰਨ ਫਿਲਹਾਲ ਸਪੱਸ਼ਟ ਨਹੀਂ ਹੋ ਸਕਿਆ ਹੈ ਪਰ ਇਹ ਸ਼ੱਕ ਪ੍ਰਗਟ ਕੀਤਾ ਜਾ ਰਿਹਾ ਹੈ ਕਿ ਜਹਾਜ਼ ਦੇ ਕੰਟਰੋਲ ਸਿਸਟਮ, ਇੰਜਣ ਜਾਂ ਟੈਸਟ ਕੀਤੇ ਜਾ ਰਹੇ ਉਪਕਰਨਾਂ ਵਿਚ ਖ਼ਰਾਬੀ ਹੋ ਸਕਦੀ ਹੈ। ਅਧਿਕਾਰੀਆਂ ਨੇ ਇਹ ਨਹੀਂ ਦੱਸਿਆ ਹੈ ਕਿ ਕੀ ਜਹਾਜ਼ ਹਥਿਆਰ ਲੈ ਕੇ ਜਾ ਰਿਹਾ ਸੀ ਜਾਂ ਨਹੀਂ। ਹਾਦਸੇ ਤੋਂ ਬਾਅਦ, ਹਵਾਈ ਖੇਤਰ ਨੂੰ ਬੰਦ ਕਰ ਦਿੱਤਾ ਗਿਆ ਹੈ ਅਤੇ ਆਉਣ ਵਾਲੇ ਜਹਾਜ਼ਾਂ ਨੂੰ ਕਿਸੇ ਹੋਰ ਏਅਰਬੇਸ ਵੱਲ ਮੋੜਿਆ ਜਾ ਰਿਹਾ ਹੈ।

### ਐਫ.ਏ.ਓ.ਵੱਲੋਂ ਵੱਡੀ ਚਿਤਾਵਨੀ

# ਅਲ ਨੀਨੋ ਦੇ ਪ੍ਰਭਾਵ ਨਾਲ ਭਾਰਤ 'ਚ ਕਮਜ਼ੋਰ ਪੈ ਸਕਦੈ ਮਾਨਸੂਨ



ਨਵੀਂ ਦਿੱਲੀ, 16 ਜੂਨ (ਪ੍ਰਤੀਨਿਧੀ) : ਪ੍ਰਸ਼ਾਂਤ ਮਹਾਸਾਗਰ 'ਚ ਵਿਕਸਤ ਹੋਣ ਵਾਲੀ ਪੌਣ ਪਾਣੀ ਸਬੰਧੀ ਘਟਨਾ ਅਲ ਨੀਨੋ ਦਾ ਨਵਾਂ ਦੌਰ ਸ਼ੁਰੂ ਹੋ ਗਿਆ ਹੈ। ਇਸ ਦੇ ਨਾਲ ਹੀ ਸੰਯੁਕਤ ਰਾਸ਼ਟਰ ਦੀ ਸੰਸਥਾ ਖੁਰਾਕ ਤੇ ਖੇਤੀ ਸੰਗਠਨ (ਐਫ.ਏ.ਓ. ) ਨੇ ਚਿਤਾਵਨੀ ਦਿੱਤੀ ਹੈ ਕਿ ਇਸ ਦਾ ਭਾਰਤ ਸਮੇਤ ਏਸ਼ੀਆ ਦੇ ਕਈ ਮੁਲਕਾਂ ਦੀ ਖੇਤੀ ਤੇ ਖੁਰਾਕ ਸੁਰੱਖਿਆ 'ਤੇ ਵਿਆਪਕ ਅਸਰ ਪੈ ਸਕਦਾ ਹੈ। ਖ਼ਾਸ ਤੌਰ 'ਤੇ ਭਾਰਤ 'ਚ ਮੌਨਸੂਨ ਕਮਜ਼ੋਰ ਪੈਣ ਦਾ ਖ਼ਦਸ਼ਾ ਪ੍ਰਗਟਾਇਆ ਗਿਆ ਹੈ ਜਿਸ ਨਾਲ ਝੋਨੇ ਤੇ ਮੱਕੀ ਵਰਗੀਆਂ ਬਾਰਿਸ਼ ਆਧਾਰਤ ਸਾਉਣੀ ਫ਼ਸਲਾਂ ਦੀ ਪੈਦਾਵਾਰ ਪ੍ਰਭਾਵਿਤ ਹੋ ਸਕਦੀ ਹੈ। ਐੱਫਏਓ ਮੁਤਾਬਕ, ਅਲ ਨੀਨੋ ਦੇ ਪ੍ਰਭਾਵ ਨਾਲ ਭਾਰਤ ਦੇ ਜ਼ਿਆਦਾਤਰ ਹਿੱਸਿਆਂ 'ਚ ਸਾਧਾਰਨ ਤੋਂ ਘੱਟ ਬਾਰਿਸ਼ ਹੋ ਸਕਦੀ ਹੈ। ਇਸ ਨਾਲ ਖੇਤੀ ਲਈ ਜ਼ਰੂਰੀ ਨਮੀ 'ਚ ਕਮੀ ਆਏਗੀ ਤੇ ਫ਼ਸਲਾਂ ਦੇ ਵਾਧੇ ਦੇ ਮਹੱਤਵਪੂਰਨ ਪੜਾਵਾਂ 'ਚ ਪੈਦਾਵਾਰ 'ਤੇ ਦਬਾਅ ਵਧੇਗਾ। ਝੋਨੇ ਤੇ ਮੱਕੀ ਵਰਗੀਆਂ ਫ਼ਸਲਾਂ ਮੁੱਖ ਰੂਪ ਨਾਲ ਮੌਨਸੂਨੀ ਬਾਰਿਸ਼ 'ਤੇ ਨਿਰਭਰ ਹੁੰਦੀਆਂ ਹਨ, ਇਸ ਲਈ ਇਨ੍ਹਾਂ ਦੀ ਪੈਦਾਵਾਰ 'ਚ ਗਿਰਾਵਟ ਦਾ ਖ਼ਦਸ਼ਾ ਬਣਿਆ ਹੋਇਆ ਹੈ। ਸੰਯੁਕਤ ਰਾਸ਼ਟਰ ਦੀ ਇਸ ਏਜੰਸੀ ਨੇ ਆਪਣੀ ਰਿਪੋਰਟ 'ਚ ਕਿਹਾ ਹੈ ਕਿ ਅਲ ਨੀਨੋ ਦਾ ਅਸਰ ਸਿਰਫ਼ ਖੇਤੀ ਖੇਤਰ ਤੱਕ ਸੀਮਤ ਨਹੀਂ ਰਹੇਗਾ, ਬਲਕਿ ਇਸ ਦਾ ਅਸਰ ਵਿਸ਼ਵ ਖੁਰਾਕੀ ਬਾਜ਼ਾਰਾਂ ਤੇ ਕੀਮਤਾਂ 'ਤੇ ਵੀ ਪੈ ਸਕਦਾ ਹੈ। ਪੈਦਾਵਾਰ 'ਚ ਕਮੀ ਆਉਣ ਨਾਲ ਖੁਰਾਕ ਸਪਲਾਈ ਪ੍ਰਭਾਵਿਤ ਹੋਵੇਗੀ ਤੇ ਕਈ ਦੇਸ਼ਾਂ ਨੂੰ ਦਰਾਮਦ 'ਤੇ ਜ਼ਿਆਦਾ ਨਿਰਭਰ ਹੋਣਾ ਪੈ ਸਕਦਾ ਹੈ। ਐੱਫਏਓ ਦਾ ਵਿਸ਼ਲੇਸ਼ਣ ਪਿਛਲੇ 41 ਸਾਲਾਂ ਦੀਆਂ ਉਪਗ੍ਰਹਿ ਤਸਵੀਰਾਂ ਤੇ ਪੌਣ ਪਾਣੀ ਅੰਕੜਿਆਂ 'ਤੇ ਆਧਾਰਤ ਹੈ। ਰਿਪੋਰਟ 'ਚ ਕਿਹਾ ਗਿਆ ਹੈ ਕਿ ਭਾਰਤ, ਪਾਕਿਸਤਾਨ, ਮਿਆਂਮਾਰ, ਥਾਈਲੈਂਡ, ਕੰਬੋਡੀਆ, ਵੀਅਤਨਾਮ, ਫਿਲਪੀਨ, ਇੰਡੋਨੇਸ਼ੀਆ ਤੇ ਤਿਮੋਰ-ਲੇਸਤੇ ਵਰਗੇ ਦੇਸ਼ਾਂ 'ਚ ਸੋਕੇ ਦਾ ਖ਼ਤਰਾ ਵਧ ਸਕਦਾ ਹੈ। ਇਨ੍ਹਾਂ ਖੇਤਰਾਂ 'ਚ ਖੇਤੀ 'ਤੇ ਨਿਰਭਰ ਲੋਕਾਂ ਦੀ ਰੋਜ਼ੀ-ਰੋਟੀ ਤੇ ਖੁਰਾਕੀ ਸੁਰੱਖਿਆ ਪ੍ਰਭਾਵਿਤ ਹੋਣ ਦਾ ਖ਼ਦਸ਼ਾ ਹੈ। ਰਿਪੋਰਟ 'ਚ 2015-16 ਦੇ ਅਲ ਨੀਨੋ ਦੀ ਉਦਾਹਰਨ ਦਿੰਦੇ ਹੋਏ ਕਿਹਾ ਗਿਆ ਹੈ ਕਿ ਉਸ ਦੌਰਾਨ ਭਾਰਤ 'ਚ ਮੱਕੀ ਦੀ ਪੈਦਾਵਾਰ 'ਚ ਚਾਰ ਫ਼ੀਸਦੀ ਤੇ ਝੋਨੇ ਦੀ ਪੈਦਾਵਾਰ 'ਚ ਇਕ ਫ਼ੀਸਦੀ ਦੀ ਗਿਰਾਵਟ ਦਰਜ ਕੀਤੀ ਗਈ ਸੀ।

# ਖ਼ੰਘ ਦੀਆਂ ਦਵਾਈਆਂ ਹੁਣ ਬਿਨਾਂ ਪਰਚੀ ਦੇ ਨਹੀਂ ਮਿਲਣਗੀਆਂ; ਡਾਕਟਰੀ ਸਿਫ਼ਾਰਿਸ਼ ਹੋਈ ਲਾਜ਼ਮੀ



ਨਵੀਂ ਦਿੱਲੀ, 16 ਜੂਨ (ਪ੍ਰਤੀਨਿਧੀ) : ਦੇਸ਼ ਵਿੱਚ ਖ਼ੰਘ ਦੀਆਂ ਦਵਾਈਆਂ (ਸਿਰਪਾਂ) ਦੀ ਖੁੱਲ੍ਹੇਆਮ ਵਿਕਰੀ 'ਤੇ ਨਕੇਲ ਕੱਸਣ ਲਈ ਕੇਂਦਰ ਸਰਕਾਰ ਨੇ ਸੋਮਵਾਰ ਨੂੰ ਇੱਕ ਬੇਹੱਦ ਅਹਿਮ ਨੋਟੀਫਿਕੇਸ਼ਨ ਜਾਰੀ ਕੀਤਾ ਹੈ। ਨਵੇਂ ਨਿਯਮਾਂ ਮੁਤਾਬਕ ਹੁਣ ਕੋਈ ਵੀ ਮੈਡੀਕਲ ਸਟੋਰ ਵਾਲਾ ਖ਼ੰਘ ਦੀ ਸਿਰਪ ਬਿਨਾਂ ਡਾਕਟਰ ਦੀ ਪਰਚੀ ਦੇ ਓਵਰ-ਦ-ਕਾਊਂਟਰ ਨਹੀਂ ਵੇਚ ਸਕੇਗਾ। ਸਰਕਾਰ ਦਾ ਇਹ ਕਦਮ ਵਿਸ਼ਵ ਸਿਹਤ ਸੰਗਠਨ ਵੱਲੋਂ ਹਾਲ ਹੀ ਵਿੱਚ ਜਾਰੀ ਕੀਤੀਆਂ ਗਏ ਗਲੋਬਲ ਚਿਤਾਵਨੀਆਂ ਤੋਂ ਬਾਅਦ ਸਾਹਮਣੇ ਆਇਆ ਹੈ, ਜਿਨ੍ਹਾਂ ਵਿੱਚ ਤਾਮਿਲਨਾਡੂ ਦੀ 'ਸ੍ਰੇਸਨ ਫਾਰਮਾਸਿਊਟੀਕਲਜ਼' ਵੱਲੋਂ ਬਣਾਈ 'ਕੋਲਡਰਿਫ' ਸਿਰਪ ਕਾਰਨ 20 ਤੋਂ ਵੱਧ ਬੱਚਿਆਂ ਦੀ ਮੌਤ ਹੋਣ ਦਾ ਮਾਮਲਾ ਉੱਠਿਆ ਸੀ। ਕੇਂਦਰ ਸਰਕਾਰ ਨੇ ਡਰੱਗਜ਼ ਨਿਯਮ 1945 ਵਿੱਚ ਬਦਲਾਅ ਕਰਦਿਆਂ 'ਡਰੱਗਜ਼ (ਪੰਜਵੀਂ ਸੋਧ) ਨਿਯਮ, 2026' ਨੂੰ ਨੋਟੀਫਾਈ ਕਰ ਦਿੱਤਾ ਹੈ। ਇਸ ਸੋਧ ਤਹਿਤ ਨਿਯਮਾਂ ਦੀ 'ਸ਼ੈਡਿਊਲ ਕੇ' ਸੂਚੀ ਵਿੱਚੋਂ 'ਸਿਰਪ' ਸ਼ਬਦ ਨੂੰ ਹਟਾ ਦਿੱਤਾ ਗਿਆ ਹੈ। ਦੱਸਣਯੋਗ ਹੈ ਕਿ ਇਸ ਸੂਚੀ ਦੇ ਤਹਿਤ ਪਹਿਲਾਂ ਖ਼ੰਘ ਦੀਆਂ ਸਿਰਪਾਂ ਨੂੰ ਘਰੇਲੂ ਉਪਚਾਰ ਦੀ ਸ਼੍ਰੇਣੀ ਵਿੱਚ ਰੱਖ ਕੇ ਨਿਰਮਾਣ, ਵੰਡ ਅਤੇ ਵਿਕਰੀ ਦੇ ਸਖ਼ਤ ਲਾਇਸੈਂਸ ਨਿਯਮਾਂ ਤੋਂ ਵਾਧੂ ਛੋਟ ਮਿਲੀ ਹੋਈ ਸੀ, ਜਿਸ ਦਾ ਫਾਇਦਾ ਚੁੱਕ ਕੇ ਇਹ ਬਿਨਾਂ ਪਰਚੀ ਦੇ ਆਮ ਦੁਕਾਨਾਂ ਵਾਂਗ ਵਿਕ ਰਹੀਆਂ ਸਨ।

## ਸੰਪਾਦਕੀ

# ਸ਼ਾਂਤੀ, ਸਥਿਰਤਾ ਤੇ ਸਾਂਝੀ ਖੁਸ਼ਹਾਲੀ ਦਾ ਰਾਹ

ਅਮਰੀਕਾ ਅਤੇ ਈਰਾਨ ਵਿਚਕਾਰ ਟਕਰਾਅ ਨੂੰ ਖਤਮ ਕਰਨ ਅਤੇ ਹੋਰਮੁਜ਼ ਜਲਡਮਰੂ ਨੂੰ ਦੁਬਾਰਾ ਖੋਲ੍ਹਣ ਲਈ ਹੋਇਆ ਸਮਝੌਤਾ ਭਾਰਤ ਸਮੇਤ ਦੁਨੀਆ ਭਰ ਦੇ ਕਈ ਦੇਸ਼ਾਂ ਲਈ ਸੰਕਟ ਤੋਂ ਰਾਹਤ ਪ੍ਰਦਾਨ ਕਰਨ ਵੱਲ ਇੱਕ ਮਹੱਤਵਪੂਰਨ ਕਦਮ ਹੈ। ਦੁਵੱਲੇ ਸ਼ਾਂਤੀ ਸਮਝੌਤੇ ’ਤੇ 19 ਜੂਨ ਨੂੰ ਸਵਿਟਜ਼ਰਲੈਂਡ ਵਿੱਚ ਦਸਤਖਤ ਕੀਤੇ ਜਾਣ ਦਾ ਪ੍ਰਸਤਾਵ ਹੈ। ਇਸ ਦੇ ਲਾਗੂ ਹੋਣ ਨਾਲ ਬਿਨਾਂ ਸ਼ੱਕ ਵਿਸ਼ਵ ਸਪਲਾਈ ਚੇਨ ਬਹਾਲ ਹੋਵੇਗੀ, ਵਿਸ਼ਵ ਊਰਜਾ ਬਾਜ਼ਾਰ ’ਤੇ ਦਬਾਅ ਘਟੇਗਾ, ਊਰਜਾ ਦੀ ਢੁਕਵੀਂ ਉਪਲਬਧਤਾ ਯਕੀਨੀ ਹੋਵੇਗੀ ਅਤੇ ਊਰਜਾ ਦੀਆਂ ਕੀਮਤਾਂ ਘਟਣਗੀਆਂ। ਹਾਲਾਂਕਿ, ਅਮਰੀਕਾ ਅਤੇ ਈਰਾਨ ਵਿਚਕਾਰ ਇਸ ਸਮਝੌਤੇ ਨੂੰ ਇਸ ਸਮੇਂ ਇੱਕ ਉਮੀਦ ਵਜੋਂ ਦੇਖਿਆ ਜਾ ਰਿਹਾ ਹੈ। ਪੱਛਮੀ ਏਸ਼ੀਆ ਵਿੱਚ ਯੁੱਧ ਸ਼ੁਰੂ ਹੋਣ ਤੋਂ ਬਾਅਦ ਦੋਵਾਂ ਧਿਰਾਂ ਦੇ ਰੁਖਾਂ ਵਿੱਚ ਅਨਿਸ਼ਚਿਤਤਾ ਨੂੰ ਦੇਖਦੇ ਹੋਏ, ਇਹ ਪੂਰਾ ਭਰੋਸਾ ਕਰਨਾ ਮੁਸ਼ਕਲ ਹੈ ਕਿ ਇਹ ਸਮਝੌਤਾ ਸਫਲ ਹੋਵੇਗਾ। ਅਨਿਸ਼ਚਿਤਤਾ ਵੀ ਬਣੀ ਹੋਈ ਹੈ ਕਿਉਂਕਿ ਅੰਤਿਮ ਸਮਝੌਤੇ ਦੇ ਨਿਯਮ ਅਤੇ ਸ਼ਰਤਾਂ ਅਜੇ ਤੱਕ ਰਸਮੀ ਤੌਰ ’ਤੇ ਜਨਤਕ ਨਹੀਂ ਕੀਤੀਆਂ ਗਈਆਂ ਹਨ ਅਤੇ ਇਹ ਸਪੱਸ਼ਟ ਨਹੀਂ ਹੈ ਕਿ ਦੋਵਾਂ ਧਿਰਾਂ ਵਿੱਚੋਂ ਕਿਹੜਾ ਇਸ ਵਿੱਚ ਰੁਕਾਵਟ ਪਾ ਸਕਦਾ ਹੈ। ਇਹ ਧਿਆਨ ਦੇਣ ਯੋਗ ਹੈ ਕਿ ਅਮਰੀਕਾ ਅਤੇ ਇਜ਼ਰਾਈਲ ਨੇ ਇਸ ਸਾਲ 28 ਫਰਵਰੀ ਨੂੰ ਸਾਂਝੇ ਤੌਰ ’ਤੇ ਈਰਾਨ ’ਤੇ ਹਮਲਾ ਕੀਤਾ ਸੀ, ਜਿਸ ਨਾਲ ਈਰਾਨ ਨੂੰ ਜਵਾਬੀ ਕਾਰਵਾਈ ਕਰਨ ਲਈ ਉਕਸਾਇਆ ਗਿਆ ਸੀ। ਅਪ੍ਰੈਲ ਵਿੱਚ, ਅਮਰੀਕਾ ਨੇ ਦੋ ਹਫ਼ਤਿਆਂ ਦੀ ਜੰਗਬੰਦੀ ਦਾ ਐਲਾਨ ਕੀਤਾ, ਜਿਸਨੂੰ ਬਾਅਦ ਵਿੱਚ ਅਣਮਿੱਥੇ ਸਮੇਂ ਲਈ ਵਧਾ ਦਿੱਤਾ ਗਿਆ। ਇਸ ਸਮੇਂ ਦੌਰਾਨ ਛੁੱਟੇ-ਪੁੱਟ ਹਮਲੇ ਜਾਰੀ ਰਹੇ, ਪਰ ਸਭ ਤੋਂ ਵੱਡਾ ਨੁਕਸਾਨ ਹੋਰਮੁਜ਼ ਜਲਡਮਰੂ ਦੇ ਰੁਕਾਵਟ ਕਾਰਨ ਹੋਇਆ, ਜਿਸ ਕਾਰਨ ਵਿਸ਼ਵਵਿਆਪੀ ਊਰਜਾ ਸੰਕਟ ਪੈਦਾ ਹੋਇਆ। ਵਿਸ਼ਵਵਿਆਪੀ ਤੇਲ ਸਪਲਾਈ ਦਾ ਲਗਭਗ ਪੰਜਵਾਂ ਹਿੱਸਾ ਇਸ ਰਸਤੇ ਰਾਹੀਂ ਢੋਆ-ਢੁਆਈ ਕੀਤੀ ਜਾਂਦੀ ਹੈ। ਇਹ ਤੇਲ ਉਤਪਾਦਕ ਖਾੜੀ ਦੇਸ਼ਾਂ ਜਿਵੇਂ ਕਿ ਸਾਊਦੀ ਅਰਬ, ਇਰਾਕ, ਕੁਵੈਤ, ਸੰਯੁਕਤ ਅਰਬ ਅਮੀਰਾਤ ਅਤੇ ਕਤਰ ਲਈ ਮੁੱਖ ਨਿਰਯਾਤ ਰਸਤਾ ਹੈ, ਜੋ ਕਿ ਭਾਰਤ ਨੂੰ ਮੁੱਖ ਊਰਜਾ ਸਪਲਾਇਰ ਵੀ ਹਨ। ਜੇਕਰ ਇਹ ਰਸਤਾ ਬਹਾਲ ਹੋ ਜਾਂਦਾ ਹੈ, ਤਾਂ ਇਹ ਭਾਰਤ ਵਰਗੇ ਵਿਸ਼ਵਵਿਆਪੀ ਕੱਚੇ ਤੇਲ ਆਯਾਤ ਕਰਨ ਵਾਲੇ ਦੇਸ਼ਾਂ ਨੂੰ ਮਹੱਤਵਪੂਰਨ ਰਾਹਤ ਪ੍ਰਦਾਨ ਕਰੇਗਾ। ਇਸ ਨਾਲ ਤੇਲ ਸਪਲਾਈ ਬਾਰੇ ਚਿੰਤਾਵਾਂ ਘੱਟ ਹੋਣਗੀਆਂ, ਮਾਲ ਭਾੜੇ ਦੀਆਂ ਲਾਗਤਾਂ ਘੱਟ ਹੋਣਗੀਆਂ ਅਤੇ ਮਹਿੰਗਾਈ ਦੇ ਦਬਾਅ ਘੱਟ ਹੋਣਗੇ। ਪੱਛਮੀ ਏਸ਼ੀਆ ਵਿੱਚ ਟਕਰਾਅ ਨੂੰ ਖਤਮ ਕਰਨ ਲਈ ਇੱਕ ਸਮਝੌਤੇ ਦੀ ਖ਼ਬਰ ਤੋਂ ਬਾਅਦ ਅੰਤਰਰਾਸ਼ਟਰੀ ਬਾਜ਼ਾਰ ਵਿੱਚ ਤੇਲ ਦੀਆਂ ਕੀਮਤਾਂ ਡਿੱਗਣੀਆਂ ਸ਼ੁਰੂ ਹੋ ਗਈਆਂ। ਭਾਰਤ ਵਿੱਚ, ਇਹ ਪ੍ਰਭਾਵ ਸਟਾਕ ਮਾਰਕੀਟ ਵਿੱਚ ਵਾਧੇ ਅਤੇ ਡਾਲਰ ਦੇ ਮੁਕਾਬਲੇ ਰੁਪਏ ਦੇ ਮਜ਼ਬੂਤ ਹੋਣ ਵਿੱਚ ਪ੍ਰਤੀਬਿੰਬਤ ਹੋਇਆ। ਆਰਥਿਕ ਮਾਹਿਰਾਂ ਦਾ ਮੰਨਣਾ ਹੈ ਕਿ ਜੇਕਰ ਇਸ ਸਮਝੌਤੇ ਨੂੰ ਸਫਲਤਾਪੂਰਵਕ ਲਾਗੂ ਕੀਤਾ ਜਾਂਦਾ ਹੈ, ਤਾਂ ਇਸ ਨਾਲ ਭਾਰਤ ਦੀ ਆਰਥਿਕਤਾ ਨੂੰ ਕਈ ਮੋਰਚਿਆਂ ’ਤੇ ਰਾਹਤ ਮਿਲਣ ਦੀ ਉਮੀਦ ਹੈ। ਇਹ ਪੱਛਮੀ ਏਸ਼ੀਆ ਨੂੰ ਭਾਰਤ ਦੇ ਨਿਰਯਾਤ ਨੂੰ ਵਧਾਏਗਾ, ਨਿਰਮਾਣ ਗਤੀਵਿਧੀ ਨੂੰ ਵਧਾਏਗਾ ਅਤੇ ਰੁਪਏ ਦੀ ਸਥਿਰਤਾ ਨੂੰ ਮਜ਼ਬੂਤ ਕਰੇਗਾ। ਈਰਾਨ ਵੱਲੋਂ ਹੋਰਮੁਜ਼ ਜਲਡਮਰੂ ਦੀ ਨਾਕਾਬੰਦੀ ਤੋਂ ਬਾਅਦ, ਇਸ ਦੇ ਆਲੇ-ਦੁਆਲੇ ਅਮਰੀਕਾ ਦੀ ਨਾਕਾਬੰਦੀ ਕਾਰਨ ਸਥਿਤੀ ਹੋਰ ਵੀ ਗੁੰਝਲਦਾਰ ਹੋ ਗਈ ਹੈ। ਹਾਲਾਂਕਿ, ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਇੱਕ ਦੁਵੱਲੇ ਸਮਝੌਤੇ ਦਾ ਐਲਾਨ ਕਰਦੇ ਹੋਏ ਸਪੱਸ਼ਟ ਕੀਤਾ ਹੈ ਕਿ ਜਲਡਮਰੂ ਦੇ ਮੁੜ ਖੁੱਲ੍ਹਦੇ ਹੀ ਨਾਕਾਬੰਦੀ ਹਟਾ ਦਿੱਤੀ ਜਾਵੇਗੀ। ਉਮੀਦ ਹੈ ਕਿ ਅਮਰੀਕਾ ਅਤੇ ਈਰਾਨ ਇਸ ਸਮਝੌਤੇ ਦੀ ਪਾਲਣਾ ਕਰਨਗੇ ਅਤੇ ਸ਼ਾਂਤੀ ਸਮਝੌਤੇ ਦੀ ਅੰਤਿਮ ਪ੍ਰਵਾਨਗੀ ਵੱਲ ਸਕਾਰਾਤਮਕ ਤੌਰ ’ਤੇ ਅੱਗੇ ਵਧਣਗੇ, ਜਿਸ ਨਾਲ ਪੱਛਮੀ ਏਸ਼ੀਆ ਵਿੱਚ ਸ਼ਾਂਤੀ, ਸਥਿਰਤਾ ਅਤੇ ਸਾਂਝੀ ਖੁਸ਼ਹਾਲੀ ਦਾ ਰਾਹ ਖੁੱਲ੍ਹੇਗਾ।

-ਜਗਜੀਤ ਸਿੰਘ ਦਰਦੀ

# ਅੱਜ ਡਿਜੀਟਲ ਸਕ੍ਰੀਨ ਦੀ ਭੇਟ ਚੜ੍ਹ ਗਈ ਮਾਂ-ਬੋਲੀ ਪੰਜਾਬੀ



ਪ੍ਰੋ. ਡਾ. ਕ੍ਰਿਸ਼ਨ ਕੁਮਾਰ ਰੱਤੂ
ਮੋ: 9478730156
ਉੱਘੇ ਲੇਖਕ ਤੇ ਮੀਡੀਆ ਵਿਸ਼ਲੇਸ਼ਕ

## ਕੀ ਅਸੀਂ ਆਪਣੀ ਭਾਸ਼ਾਈ ਪਛਾਣ ਗੁਆ ਰਹੇ ਹਾਂ ? ਅੱਜ ਲਿਪੀ ਦੇ ਸੰਕਟ ਵਿਚ ਗੁਰਮੁੱਖੀ ਦਾ ਉਜਾੜਾ ਅਤੇ ਰੋਮਨ ਪੰਜਾਬੀ ਦਾ ਦੌਰ

ਜੇਕਰ ਕਿਸੇ ਕੌਮ ਨੂੰ ਬਿਨਾਂ ਹਥਿਆਰਾਂ ਦੇ ਖ਼ਤਮ ਕਰਨਾ ਹੋਵੇ, ਤਾਂ ਉਸ ਦੀ ਮਾਂ ਬੋਲੀ ਖੋਹ ਲਵੋ। ਉਹ ਕੌਮ ਆਪਣੇ-ਆਪ ਇਤਿਹਾਸ ਦੇ ਪੰਨਿਆਂ ਤੋਂ ਮਿਟ ਜਾਵੇਗੀ। ਅੱਜ ਇਹ ਸ਼ਬਦ ਕਿਸੇ ਇਤਿਹਾਸਕਾਰ ਦੇ ਮਹਿਜ਼ ਬੋਲ ਨਹੀਂ, ਬਲਕਿ ਇੱਕ ਅਜਿਹੀ ਭਵਿੱਖਬਾਣੀ ਹਨ ਜੋ ਅੱਜ ਦੇ 21ਵੇਂ ਸਦੀ ਦੇ ਪੰਜਾਬ ਉੱਤੇ ਅੱਖਰ-ਅੱਖਰ ਸੱਚ ਹੁੰਦੀ ਪ੍ਰਤੀਤ ਹੋ ਰਹੀ ਹੈ। ਪੰਜਾਬ, ਜਿਸ ਨੇ ਸਦੀਆਂ ਤੋਂ ਵੱਡੇ-ਵੱਡੇ ਸਿਆਸੀ, ਸਮਾਜਿਕ ਅਤੇ ਸੱਭਿਆਚਾਰਕ ਹਮਲਿਆਂ ਦਾ ਸਾਹਮਣਾ ਕੀਤਾ, ਜਿਸ ਨੇ ਆਪਣੀ ਹੋਂਦ ਨੂੰ ਬਚਾਉਣ ਲਈ ਖ਼ੂਨ ਦੀਆਂ ਨਦੀਆਂ ਪਾਰ ਕੀਤੀਆਂ, ਅੱਜ ਇੱਕ ਅਜਿਹੇ ਅਦਿੱਖ ਹਮਲੇ ਦਾ ਸ਼ਿਕਾਰ ਹੋ ਰਿਹਾ ਹੈ, ਜਿਸ ਦੀ ਆਵਾਜ਼ ਵੀ ਨਹੀਂ ਹੁੰਦੀ। ਇਹ ਹਮਲਾ ਹੈ—ਡਿਜੀਟਲ ਸਕ੍ਰੀਨ ਰਾਹੀਂ ਪੰਜਾਬੀ ਮਾਂ-ਬੋਲੀ ਦਾ ਹੌਲੀ-ਹੌਲੀ ਹੋ ਰਿਹਾ ਮਾਨਸਿਕ ਅਤੇ ਭਾਸ਼ਾਈ ਉਜਾੜਾ।

ਅੱਜ ਪੰਜਾਬ ਦੇ ਪਿੰਡਾਂ ਅਤੇ ਸ਼ਹਿਰਾਂ ਦੇ ਵਿਹੜਿਆਂ ਵਿੱਚ ਇੱਕ ਅਜੀਬ ਅਤੇ ਚਿੰਤਾਜਨਕ ਖ਼ਾਮੋਸ਼ੀ ਹੈ। ਉਹ ਵਿਹੜੇ ਜੋ ਕਦੇ ਮਾਂ-ਬੋਲੀ ਦੀਆਂ ਲੋਰੀਆਂ, ਬਾਤਾਂ ਅਤੇ ਕਿੱਕਲੀਆਂ ਨਾਲ ਗੂੰਜਦੇ ਸਨ, ਅੱਜ ਮੋਬਾਈਲ ਫ਼ੋਨਾਂ, ਟੈਬਲੇਟਾਂ ਅਤੇ ਸਮਾਰਟ ਟੀਵੀ ਦੀਆਂ ਸਕ੍ਰੀਨਾਂ ਦੀ ਨੀਲੀ ਰੌਸ਼ਨੀ ਵਿੱਚ ਗੁਆਚ ਚੁੱਕੇ ਹਨ। ਸਭ ਤੋਂ ਗੰਭੀਰ ਹਕੀਕਤ ਇਹ ਹੈ ਕਿ ਇਨ੍ਹਾਂ ਸਕ੍ਰੀਨਾਂ ’ਤੇ ਚੱਲਣ ਵਾਲੀ ਭਾਸ਼ਾ ਪੰਜਾਬੀ ਨਹੀਂ ਹੈ।

ਅੱਜ ਨਤੀਜਾ ਇਹ ਨਿਕਲ ਰਿਹਾ ਹੈ ਕਿ ਪੰਜਾਬ ਦੀ ਨਵੀਂ ਪੀੜ੍ਹੀ, ਜੋ ਅਜੇ ਠੀਕ ਤਰ੍ਹਾਂ ਤੁਰਨਾ ਵੀ ਨਹੀਂ ਸਿੱਖੀ, ਉਹ ਪੰਜਾਬੀ ਬੋਲਣ, ਲਿਖਣ ਅਤੇ ਪੜ੍ਹਨ ਤੋਂ ਕੋਹਾਂ ਦੂਰ ਹੁੰਦੀ ਜਾ ਰਹੀ ਹੈ। ਪੰਜਾਬੀ ਹੁਣ ਸਿਰਫ਼ ਰੋਜ਼ਮੱਰਾ ਦੇ ਗੁਜ਼ਾਰੇ ਲਈ ‘ਬੋਲਣ ਵਾਲੀ ਬੋਲੀ’ ਬਣ ਕੇ ਰਹਿ ਗਈ ਹੈ, ਜਦਕਿ ਇਸ ਦੀ ਸਾਹਿਤਕ, ਬੌਧਿਕ ਅਤੇ ਲਿਖਤੀ ਹੋਂਦ ’ਤੇ ਡਿਜੀਟਲ ਦੌਰ ਦਾ ਗ੍ਰਹਿਣ ਲੱਗ ਚੁੱਕਾ ਹੈ। ਅੱਜ ਸੱਚਾਈ ਹੈ।

ਅੱਜ ਲੋਰੀਆਂ ਦੀ ਥਾਂ ਅਲਗੋਰਿਦਮ (Algorithm) ਦਾ ਕਬਜ਼ਾ ਹੈ। ਅੱਜ ਬਚਪਨ ਦਾ ਬਦਲ ਰਿਹਾ ਭਾਸ਼ਾਈ ਮੁਹਾਂਦਰਾ ਪੰਜਾਬੀ ਨਹੀਂ ਹੈ। ਕਦੀ ਪੁਰਾਣੇ ਸਮਿਆਂ ਵਿੱਚ ਬੱਚੇ ਦੇ ਕੰਨ ਵਿੱਚ ਪੈਣ ਵਾਲਾ ਪਹਿਲਾ ਸ਼ਬਦ ਮਾਂ ਦੀ ਲੋਰੀ ਹੁੰਦਾ ਸੀ, ਜੋ ਪੰਜਾਬੀ ਸੱਭਿਆਚਾਰ, ਮਿਠਾਸ ਅਤੇ ਅਪਣੱਤ ਦੀ ਗੁੜ੍ਹਤੀ ਦਿੰਦਾ ਸੀ। ਪਰ ਅੱਜ ਦੇ ਡਿਜੀਟਲ ਪੰਜਾਬ ਵਿੱਚ ਬੱਚੇ ਦੀ ਗੁੜ੍ਹਤੀ ਮਾਂ ਦੀ ਬੋਲੀ ਨਹੀਂ, ਬਲਕਿ ਯੂ-ਟਿਊਬ ਦਾ ਅਲਗੋਰਿਦਮ ਤੈਅ ਕਰਦਾ ਹੈ। ਜਿਵੇਂ ਹੀ ਬੱਚਾ ਛੇ ਮਹੀਨਿਆਂ ਜਾਂ ਸਾਲ ਦਾ ਹੁੰਦਾ ਹੈ, ਉਸ ਨੂੰ ਰੋਟੀ ਖਵਾਉਣ, ਚੁੱਪ ਕਰਵਾਉਣ ਜਾਂ ਪਰਚਾਉਣ ਲਈ ਮਾਪਿਆਂ ਵੱਲੋਂ ਉਸ ਦੇ ਹੱਥ ਵਿੱਚ ਸਮਾਰਟ ਫ਼ੋਨ ਫੜਾ ਦਿੱਤਾ ਜਾਂਦਾ ਹੈ।

ਅੱਜ ਇਨ੍ਹਾਂ ਸਕ੍ਰੀਨਾਂ ’ਤੇ ਜੋ ਸਮੱਗਰੀ ਉਪਲਬਧ ਹੈ, ਉਸ ਵਿੱਚ 95 ਫ਼ੀਸਦੀ ਹਿੰਦੀ ਜਾਂ ਅੰਗਰੇਜ਼ੀ ਭਾਸ਼ਾ ਦੇ ਕਾਰਟੂਨ ਅਤੇ ਰਾਇਮਜ਼ (Rhymes) ਹੁੰਦੇ ਹਨ। ਕੋਕੋਮੇਲਨ (Cocomelon) ਜਾਂ ਹਿੰਦੀ ਦੇ ਚੈਨਲ ਬੱਚੇ ਦੇ ਅਚੇਤ ਮਨ (Subconscious mind) ’ਤੇ ਇਸ ਕਦਰ ਹਾਵੀ ਹੋ ਰਹੇ ਹਨ ਕਿ ਪੰਜਾਬੀ ਪਰਿਵਾਰਾਂ ਵਿੱਚ ਜੰਮੇ ਬੱਚੇ ਹੁਣ ਪਹਿਲਾ ਸ਼ਬਦ ‘ਮਾਂ’ ਜਾਂ ‘ਬਾਪੂ’ ਬੋਲਣ ਦੀ ਬਜਾਏ ਅੰਗਰੇਜ਼ੀ ਦੇ ਅੱਖਰ ਜਾਂ ਹਿੰਦੀ ਦੇ ਵਾਕ ਬੋਲ ਰਹੇ ਹਨ।

ਅੱਜ ਇਹ ਕੋਈ ਸਧਾਰਨ ਗੱਲ ਨਹੀਂ ਹੈ। ਮਨੋਵਿਗਿਆਨ ਕਹਿੰਦਾ ਹੈ ਕਿ ਬੱਚਾ ਸ਼ੁਰੂਆਤੀ ਪੰਜ ਸਾਲਾਂ ਵਿੱਚ ਜਿਸ ਭਾਸ਼ਾ ਵਿੱਚ ਸੋਚਣਾ ਸ਼ੁਰੂ ਕਰਦਾ ਹੈ, ਉਹੀ ਉਸ ਦੀ ਬੌਧਿਕ ਬਣਤਰ ਦਾ ਹਿੱਸਾ ਬਣਦੀ ਹੈ। ਅੱਜ ਪੰਜਾਬ ਦਾ ਬੱਚਾ ਸੋਚ ਹਿੰਦੀ ਜਾਂ ਅੰਗਰੇਜ਼ੀ ਵਿੱਚ ਰਿਹਾ ਹੈ। ਉਹ ਆਪਣੇ ਆਲੇ-ਦੁਆਲੇ ਦੀਆਂ ਵਸਤੂਆਂ ਦੇ ਨਾਂ ਪੰਜਾਬੀ ਵਿੱਚ ਨਹੀਂ ਜਾਣਦਾ। ਉਸ ਲਈ ‘ਘੜਾ’ ਹੁਣ ਸਿਰਫ਼ 'Pot' ਹੈ ਅਤੇ ‘ਨਿੰਮ’ ਦਾ ਰੁੱਖ ਸਿਰਫ਼ Tree ਹੈ। ਜਦੋਂ ਬੱਚਾ ਆਪਣੀ ਮਾਂ-ਬੋਲੀ ਵਿੱਚ ਸੋਚਣਾ ਹੀ ਬੰਦ ਕਰ ਦੇਵੇਗਾ, ਤਾਂ ਉਹ ਆਪਣੀ ਧਰਤੀ, ਆਪਣੇ ਇਤਿਹਾਸ ਅਤੇ ਆਪਣੇ ਵਿਰਸੇ ਨਾਲੋਂ ਸਦਾ ਲਈ ਟੁੱਟ ਜਾਵੇਗਾ।

ਅੱਜ ਸਕੂਲਾਂ ਦਾ ਭਾਸ਼ਾਈ ਫਾਸ਼ੀਵਾਦ ਹੈ ਅਤੇ ਪੰਜਾਬੀ ਬੋਲਣ ’ਤੇ ਜੁਰਮਾਨੇ ਅਤੇ ਹੀਣਤਾ ਭਾਵਨਾ ਪੈਦਾ ਹੋ ਗਈ ਹੈ। ਅੱਜ ਡਿਜੀਟਲ ਸਕ੍ਰੀਨਾਂ ਨੇ ਜੋ ਕੰਮ ਘਰਾਂ ਦੇ ਅੰਦਰ ਸ਼ੁਰੂ ਕੀਤਾ ਸੀ, ਉਸ ਨੂੰ ਪੰਜਾਬ ਦੇ ਨਿੱਜੀ ਅਤੇ ਕਨਵੈਂਟ ਸਕੂਲਾਂ ਨੇ ਬਾਹਰ ਪੂਰਾ ਕਰ ਦਿੱਤਾ ਹੈ। ਅੱਜ ਪੰਜਾਬ ਦੇ ਬਹੁਤੇ ਨਾਮਵਰ ਪ੍ਰਾਈਵੇਟ ਸਕੂਲਾਂ ਵਿੱਚ ਇੱਕ ਅਲਿਖਤੀ ਪਰ ਸਖ਼ਤ ਨਿਯਮ ਲਾਗੂ ਹੈ। ਅੱਜ ਸਕੂਲ ਦੇ ਅੰਦਰ ਪੰਜਾਬੀ ਬੋਲਣਾ ਮਨ੍ਹਾ ਹੈ। ਅੱਜ ਜੇਕਰ ਕੋਈ ਬੱਚਾ ਗਲਤੀ ਨਾਲ ਵੀ ਆਪਣੀ ਮਾਂ-ਬੋਲੀ ਵਿੱਚ ਗੱਲ ਕਰ ਲਵੇ, ਤਾਂ ਉਸ ਨੂੰ ਜੁਰਮਾਨਾ ਕੀਤਾ ਜਾਂਦਾ ਹੈ, ਜਾਂ ਫਿਰ ਸਾਰੀ ਜਮਾਤ ਦੇ ਸਾਹਮਣੇ ਜ਼ਲੀਲ ਕਰਕੇ ਉਸ ਦੇ ਮਨ ਵਿੱਚ ਇਹ ਗੱਲ ਬਿਠਾ ਦਿੱਤੀ ਜਾਂਦੀ ਹੈ ਕਿ ਪੰਜਾਬੀ ਬੋਲਣਾ ਪਿਛੜੇਪਨ ਦੀ ਨਿਸ਼ਾਨੀ ਹੈ।

ਇਸ ਪ੍ਰਕਿਰਿਆ ਨੇ ਪੰਜਾਬੀ ਬੱਚਿਆਂ ਦੇ ਮਨਾਂ ਵਿੱਚ ਆਪਣੀ ਹੀ ਭਾਸ਼ਾ ਪ੍ਰਤੀ ਇੱਕ ਡੂੰਘੀ ‘ਹੀਣਤਾ ਭਾਵਨਾ’ (Inferiority Complex) ਪੈਦਾ ਕਰ ਦਿੱਤੀ ਹੈ। ਅੱਜ ਦਾ ਪੰਜਾਬੀ ਨੌਜਵਾਨ ਜਾਂ ਬੱਚਾ ਅੰਗਰੇਜ਼ੀ ਜਾਂ ਹਿੰਦੀ ਬੋਲਣ ਵਿੱਚ ਫ਼ਖ਼ਰ ਮਹਿਸੂਸ ਕਰਦਾ ਹੈ ਅਤੇ ਪੰਜਾਬੀ ਬੋਲਣ ਵੇਲੇ ਝਿਜਕਦਾ ਹੈ। ਸਕੂਲਾਂ ਦੇ ਇਸ ਵਪਾਰੀਕਰਨ ਅਤੇ ਭਾਸ਼ਾਈ ਫਾਸ਼ੀਵਾਦ ਨੇ ਮਾਂ-ਬੋਲੀ ਨੂੰ ਸਿਰਫ਼ ਇੱਕ ‘ਤੀਜੀ ਭਾਸ਼ਾ’ (Third Language) ਵਜੋਂ ਸਿਲੇਬਸ ਦੇ ਇੱਕ ਕੋਨੇ ਵਿੱਚ ਧੱਕ ਦਿੱਤਾ ਹੈ, ਜਿਸ ਨੂੰ ਸਿਰਫ਼ ਪਾਸ ਹੋਣ ਲਈ ਪੜ੍ਹਿਆ ਜਾਂਦਾ ਹੈ, ਸਿੱਖਣ ਜਾਂ ਜਿਉਣ ਲਈ ਨਹੀਂ।

ਅੱਜ ਲਿਪੀ ਦਾ ਸੰਕਟ ਵੀ ਹੈ ਤੇ ਗੁਰਮੁਖੀ ਦਾ ਉਜਾੜਾ ਅਤੇ ‘ਰੋਮਨ ਪੰਜਾਬੀ’ ਦਾ ਦੌਰ ਸ਼ੁਰੂ ਹੋ ਗਿਆ ਹੈ। ਕਿਸੇ ਵੀ ਭਾਸ਼ਾ ਦੀ ਆਤਮਾ ਉਸ ਦੀ ਲਿਪੀ ਵਿੱਚ ਹੁੰਦੀ ਹੈ। ਪੰਜਾਬੀ ਭਾਸ਼ਾ ਦੀ ਆਤਮਾ ‘ਗੁਰਮੁਖੀ’ ਲਿਪੀ ਹੈ, ਜਿਸ ਨੂੰ ਗੁਰੂ ਸਾਹਿਬਾਨ ਨੇ ਮਾਂਜ-ਸਵਾਰ ਕੇ ਸਾਨੂੰ ਬਖ਼ਸ਼ਿਆ। ਪਰ ਅੱਜ ਸੋਸ਼ਲ ਮੀਡੀਆ (WhatsApp, Instagram, Facebook) ਦੇ ਦੌਰ ਵਿੱਚ ਗੁਰਮੁਖੀ ਲਿਪੀ ਸਭ ਤੋਂ ਵੱਡੇ ਸੰਕਟ ਵਿੱਚੋਂ ਲੰਘ ਰਹੀ ਹੈ। ਅੱਜ ਦਾ ਪੰਜਾਬੀ ਨੌਜਵਾਨ ਸੋਸ਼ਲ ਮੀਡੀਆ ’ਤੇ ਪੰਜਾਬੀ ਲਿਖਣ ਲਈ ਗੁਰਮੁਖੀ ਅੱਖਰਾਂ ਦੀ ਵਰਤੋਂ ਨਹੀਂ ਕਰਦਾ, ਬਲਕਿ ਉਹ ਅੰਗਰੇਜ਼ੀ ਦੇ ਅੱਖਰਾਂ ਵਿੱਚ ਪੰਜਾਬੀ ਲਿਖਦਾ ਹੈ, ਜਿਸ ਨੂੰ ਅਸੀਂ ਰੋਮਨ ਪੰਜਾਬੀ ਜਾਂ ਕੀ-ਬੋਰਡ ਪੰਜਾਬੀ ਕਹਿੰਦੇ ਹਾਂ (ਜਿਵੇਂ: ਕੀ ਹਾਲ ਹੈ ਨੂੰ Ki haal hai" ਲਿਖਣਾ)।

ਅੱਜ ਗੰਭੀਰ ਚਿੰਤਾ ਦਾ ਵਿਸ਼ਾ ਜਦੋਂ ਇੱਕ ਪੂਰੀ ਪੀੜ੍ਹੀ ਗੁਰਮੁਖੀ ਲਿਪੀ ਨੂੰ ਲਿਖਣਾ ਅਤੇ ਪੜ੍ਹਨਾ ਛੱਡ ਦੇਵੇਗੀ, ਤਾਂ ਉਹ ਸਮਾਂ ਦੂਰ ਨਹੀਂ ਜਦੋਂ ਸਾਡੇ ਘਰਾਂ ਵਿੱਚ ਪਏ ਸ਼ਾਹਕਾਰ ਪੰਜਾਬੀ ਸਾਹਿਤ, ਵਾਰਿਸ ਸ਼ਾਹ ਦੀ ਹੀਰ, ਪ੍ਰੋ. ਮੋਹਨ ਸਿੰਘ ਅਤੇ ਪਾਸ਼ ਦੀਆਂ ਕਵਿਤਾਵਾਂ ਸਿਰਫ਼ ਲਾਇਬ੍ਰੇਰੀਆਂ ਦੀਆਂ ਅਲਮਾਰੀਆਂ ਵਿੱਚ ਬੰਦ ਇਤਿਹਾਸਕ ਦਸਤਾਵੇਜ਼ ਬਣ ਕੇ ਰਹਿ ਜਾਣਗੇ, ਕਿਉਂਕਿ ਉਨ੍ਹਾਂ ਨੂੰ ਪੜ੍ਹਨ ਵਾਲਾ ਕੋਈ ਬਾਕੀ ਨਹੀਂ ਬਚੇਗਾ। ਲਿਪੀ ਦਾ ਮਰਨਾ ਅਸਲ ਵਿੱਚ ਉਸ ਭਾਸ਼ਾ ਦੀ ਮੌਤ ਦਾ ਅਧਿਕਾਰਤ ਐਲਾਨ ਹੁੰਦਾ ਹੈ।

ਅੱਜ ਡਿਜੀਟਲ ਸਮੱਗਰੀ (Digital Content) ਦੀ ਕਮੀ ਹੈ। ਅੱਜ ਪੰਜਾਬੀ ਕਿਉਂ ਪੱਛੜ ਰਹੀ ਹੈ ? ਅੱਜ ਜੇਕਰ ਅਸੀਂ ਡਿਜੀਟਲ ਦੁਨੀਆ ਦਾ ਵਿਸ਼ਲੇਸ਼ਣ ਕਰੀਏ, ਤਾਂ ਅਸੀਂ ਦੇਖਾਂਗੇ ਕਿ ਇੰਟਰਨੈੱਟ ’ਤੇ ਪੰਜਾਬੀ ਭਾਸ਼ਾ ਵਿੱਚ ਗਿਆਨ, ਵਿਗਿਆਨ, ਤਕਨਾਲੋਜੀ, ਇਤਿਹਾਸ ਅਤੇ ਉੱਚ-ਪੱਧਰੀ ਸਾਹਿਤ ਨਾਲ ਸਬੰਧਤ ਸਮੱਗਰੀ ਦੀ ਭਾਰੀ ਕਮੀ ਹੈ। ਜੇਕਰ ਕਿਸੇ ਬੱਚੇ ਜਾਂ ਖੋਜਾਰਥੀ ਨੇ ਵਿਗਿਆਨਕ ਵਿਸ਼ਿਆਂ, ਆਰਥਿਕਤਾ ਜਾਂ ਵਿਸ਼ਵ ਇਤਿਹਾਸ ਬਾਰੇ ਪੜ੍ਹਨਾ ਹੋਵੇ, ਤਾਂ ਉਸ ਨੂੰ ਇੰਟਰਨੈੱਟ ’ਤੇ ਪੰਜਾਬੀ ਵਿੱਚ ਕੋਈ ਪ੍ਰਮਾਣਿਕ ਸਮੱਗਰੀ ਨਹੀਂ ਮਿਲਦੀ। ਮਜਬੂਰਨ ਉਸ ਨੂੰ ਅੰਗਰੇਜ਼ੀ ਜਾਂ ਹਿੰਦੀ ਵੱਲ ਰੁਖ਼ ਕਰਨਾ ਪੈਂਦਾ ਹੈ। ਅੱਜ ਪੰਜਾਬੀ ਵਿੱਚ ਜੋ ਡਿਜੀਟਲ ਸਮੱਗਰੀ ਬਹੁਤ ਵੱਡੀ ਮਾਤਰਾ ਵਿੱਚ ਉਪਲਬਧ ਹੈ, ਉਹ ਹੈ—**ਸਸਤੇ ਮਨੋਰੰਜਨ ਦੇ ਸਾਧਨ, ਵਾਇਰਲ ਵੀਡੀਓਜ਼, ਵਿਵਾਦਿਤ ਬਹਿਸਾਂ, ਅਤੇ ਗੰਨ-ਕਲਚਰ ਨੂੰ ਪ੍ਰਮੋਟ ਕਰਦੇ ਗੀਤ।** ਗਿਆਨ ਦੀ ਭਾਸ਼ਾ ਵਜੋਂ ਪੰਜਾਬੀ ਨੂੰ ਡਿਜੀਟਲ ਸਪੇਸ (Digital Space) ਵਿੱਚ ਸਥਾਪਿਤ ਕਰਨ ਲਈ ਨਾ ਤਾਂ ਸਰਕਾਰਾਂ ਨੇ ਕੋਈ ਠੋਸ ਕਦਮ ਚੁੱਕੇ ਹਨ ਅਤੇ ਨਾ ਹੀ ਪੰਜਾਬ ਦੀਆਂ ਯੂਨੀਵਰਸਿਟੀਆਂ ਨੇ। ਵਿਕੀਪੀਡੀਆ (Wikipedia) ਵਰਗੇ ਮੁਫ਼ਤ ਗਿਆਨ ਕੋਸ਼ਾਂ ’ਤੇ ਪੰਜਾਬੀ ਦੇ ਲੇਖਾਂ ਦੀ ਗਿਣਤੀ ਅਤੇ ਗੁਣਵੱਤਾ ਦੂਜੀਆਂ ਭਾਸ਼ਾਵਾਂ ਦੇ ਮੁਕਾਬਲੇ ਬਹੁਤ ਘੱਟ ਹੈ। ਅੱਜ ਬੌਧਿਕਤਾ ਤੋਂ ਦੂਰੀ, ਸਿਰਫ਼ ‘ਲੋਕ ਬੋਲੀ’ ਬਣਨ ਦਾ ਖ਼ਤਰਾ ਹੈ। ਕਿਸੇ ਵੀ ਭਾਸ਼ਾ ਦੇ ਜਿਉਂਦੇ ਰਹਿਣ ਲਈ ਉਸ ਦਾ ਤਿੰਨ ਪੱਧਰਾਂ ’ਤੇ ਮਜ਼ਬੂਤ ਹੋਣਾ ਜ਼ਰੂਰੀ ਹੈ। ਲੋਕ ਬੋਲੀ ਭਾਸ਼ਣ ਅਤੇ ਰੋਜ਼ਾਨਾ ਗੱਲਬਾਤ ਤੇ ਰੁਜ਼ਗਾਰ ਦੀ ਭਾਸ਼ਾ (ਦਫ਼ਤਰ, ਕਾਨੂੰਨ, ਵਪਾਰ ਅਤੇ ਗਿਆਨ ਅਤੇ ਵਿਗਿਆਨ ਦੀ ਭਾਸ਼ਾ (ਉੱਚ ਸਿੱਖਿਆ, ਖੋਜ) ਅੱਜ ਪੰਜਾਬੀ ਭਾਸ਼ਾ ਪਹਿਲੇ ਪੱਧਰ (ਲੋਕ ਬੋਲੀ) ’ਤੇ ਤਾਂ ਜ਼ਿੰਦਾ ਹੈ, ਕਿਉਂਕਿ ਪੰਜਾਬ ਦੇ ਬਾਜ਼ਾਰਾਂ, ਖੇਤਾਂ ਅਤੇ ਬੱਸਾਂ ਵਿੱਚ ਪੰਜਾਬੀ ਹੀ ਬੋਲੀ ਜਾਂਦੀ ਹੈ। ਪਰ ਦੂਜੇ ਅਤੇ ਤੀਜੇ ਪੱਧਰ ’ਤੇ ਪੰਜਾਬੀ ਨੂੰ ਬੇਦਖ਼ਲ ਕਰ ਦਿੱਤਾ ਗਿਆ ਹੈ। ਪੰਜਾਬ ਦੀਆਂ ਅਦਾਲਤਾਂ ਦੇ ਫੈਸਲੇ, ਸਰਕਾਰੀ ਦਫ਼ਤਰਾਂ ਦੇ ਮੁੱਖ ਆਦੇਸ਼, ਅਤੇ ਉੱਚ ਸਿੱਖਿਆ (ਮੈਡੀਕਲ, ਇੰਜੀਨੀਅਰਿੰਗ, ਕਾਨੂੰਨ) ਸਭ ਅੰਗਰੇਜ਼ੀ ਵਿੱਚ ਹਨ।

ਗੀਤਾਂ ਦੀ ਚਮਕ-ਦਮਕ ਅਤੇ ਵਿਊਜ਼ (Views) ਦੀ ਗਿਣਤੀ ਭਾਸ਼ਾ ਦੀ ਅਮੀਰੀ ਦਾ ਸਬੂਤ ਨਹੀਂ ਹੋ ਸਕਦੀ। ਜਿਹੜੇ ਗੀਤ ਅੱਜ ਕਰੋੜਾਂ ਦੀ ਗਿਣਤੀ ਵਿੱਚ ਸੁਣੇ ਜਾ ਰਹੇ ਹਨ, ਉਨ੍ਹਾਂ ਵਿੱਚ ਵਰਤੀ ਜਾਣ ਵਾਲੀ ਸ਼ਬਦਾਵਲੀ ਬਹੁਤ ਸੀਮਤ ਹੈ। ਜੱਟ, ਜ਼ਮੀਨ, ਗੱਡੀ, ਹਥਿਆਰ, ਨਸ਼ਾ, ਅਤੇ ਮਹਿੰਗੇ ਬ੍ਰਾਂਡ। ਅੱਜ ਇਸ ਸ਼ਬਦਾਵਲੀ ਵਿੱਚ ਪੰਜਾਬੀ ਭਾਸ਼ਾ ਦੇ ਅਸਲ ਸ਼ਬਦਾਂ ਦੇ ਭੰਡਾਰ, ਮੁਹਾਵਰਿਆਂ, ਅਖਾਣਾਂ ਅਤੇ ਡੂੰਘੇ ਅਧਿਆਤਮਕ ਜਾਂ ਸਮਾਜਿਕ ਸਰੋਕਾਰਾਂ ਦੀ ਕੋਈ ਥਾਂ ਨਹੀਂ ਹੈ। ਇਹ ਗੀਤ ਸਿਰਫ਼ ਵਪਾਰਕ ਹਿੱਤਾਂ ਲਈ ਬਣਾਏ ਗਏ ਹਨ। ਦੂਜੇ ਪਾਸੇ, ਇਨ੍ਹਾਂ ਗੀਤਾਂ ਦੀਆਂ ਵੀਡੀਓਜ਼ ਦੇਖਣ ਵਾਲੇ ਲੱਖਾਂ ਗ਼ੈਰ-ਪੰਜਾਬੀ ਲੋਕ ਪੰਜਾਬੀ ਸੰਗੀਤ ਦੀ ਧੁਨ (Beat) ’ਤੇ ਤਾਂ ਨੱਚਦੇ ਹਨ, ਪਰ ਉਹ ਪੰਜਾਬੀ ਭਾਸ਼ਾ ਜਾਂ ਇਸ ਦੇ ਸੱਭਿਆਚਾਰ ਦੇ ਧਾਰਨੀ ਨਹੀਂ ਬਣਦੇ। ਇਸ ਲਈ, ਸੰਗੀਤ ਦੀ ਪ੍ਰਸਿੱਧੀ ਨੂੰ ਭਾਸ਼ਾ ਦੀ ਪ੍ਰਫੁੱਲਤਾ ਮੰਨ ਲੈਣਾ ਇੱਕ ਬਹੁਤ ਵੱਡੀ ਇਤਿਹਾਸਕ ਭੁੱਲ ਹੈ।

ਅੱਜ ਇੱਕ ਖ਼ਾਮੋਸ਼ ਤ੍ਰਾਸਦੀ ਹੈ ਤੇ ਪੰਜਾਬ ਦੇ ਘਰਾਂ ਵਿੱਚ ਪੈਦਾ ਹੋਈਆਂ ਭਾਸ਼ਾਈ ਦੀਵਾਰਾਂ ਵਿੱਚ ਡਿਜੀਟਲ ਸਕ੍ਰੀਨਾਂ ਦੇ ਇਸ ਹਮਲੇ ਨੇ ਪੰਜਾਬੀ ਪਰਿਵਾਰਾਂ ਦੇ ਅੰਦਰ ਇੱਕ ਅਜੀਬ ਭਾਸ਼ਾਈ ਅਤੇ ਮਾਨਸਿਕ ਪਾੜਾ (Generation Gap) ਪੈਦਾ ਕਰ ਦਿੱਤਾ ਹੈ। ਇੱਕੋ ਘਰ ਦੇ ਅੰਦਰ ਤਿੰਨ ਪੀੜ੍ਹੀਆਂ ਰਹਿ ਰਹੀਆਂ ਹਨ, ਪਰ ਉਨ੍ਹਾਂ ਦੀਆਂ ਭਾਸ਼ਾਈ ਦੁਨੀਆਂ ਵੱਖੋ-ਵੱਖਰੀਆਂ ਹਨ:

ਕਦੀ ਪਹਿਲੀ ਪੀੜ੍ਹੀ (ਦਾਦਾ-ਦਾਦੀ) ਜੋ ਸਿਰਫ਼ ਸ਼ੁੱਧ ਪੰਜਾਬੀ ਬੋਲਦੇ ਹਨ, ਜਿਨ੍ਹਾਂ ਕੋਲ ਪੰਜਾਬ ਦੇ ਪੁਰਾਣੇ ਇਤਿਹਾਸ, ਕਿੱਸਿਆਂ ਅਤੇ ਕਦਰਾਂ-ਕੀਮਤਾਂ ਦਾ ਖ਼ਜ਼ਾਨਾ ਹੈ। ਅੱਜ ਦੂਜੀ ਪੀੜ੍ਹੀ(ਮਾਪੇ)ਜੋ ਪੰਜਾਬੀ ਅਤੇ ਹਿੰਦੀ/ਅੰਗਰੇਜ਼ੀ ਦੇ ਵਿਚਕਾਰ ਝੂਲ ਰਹੇ ਹਨ। ਤੀਜੀ ਪੀੜ੍ਹੀ ਬੱਚੇ ਜੋ ਮੋਬਾਈਲ ਸਕ੍ਰੀਨਾਂ ’ਤੇ ਹਿੰਦੀ-ਅੰਗਰੇਜ਼ੀ ਦੇਖ ਕੇ ਵੱਡੇ ਹੋ ਰਹੇ ਹਨ। ਅੱਜ ਨਤੀਜਾ ਇਹ ਹੈ ਕਿ ਦਾਦਾ-ਦਾਦੀ ਆਪਣੇ ਪੋਤੇ-ਪੋਤੀਆਂ ਨਾਲ ਦਿਲ ਦੀ ਗੱਲ ਨਹੀਂ ਕਰ ਸਕਦੇ, ਕਿਉਂਕਿ ਬੱਚਿਆਂ ਨੂੰ ਦਾਦੇ ਦੀ ਪੰਜਾਬੀ ਸਮਝ ਨਹੀਂ ਆਉਂਦੀ ਅਤੇ ਦਾਦੇ ਨੂੰ ਬੱਚਿਆਂ ਦੀ ਰੋਬੋਟਿਕ ਅੰਗਰੇਜ਼ੀ ਜਾਂ ਸ਼ਹਿਰੀ ਹਿੰਦੀ ਓਪਰੀ ਲੱਗਦੀ ਹੈ। ਇਹ ਪੰਜਾਬੀ ਪਰਿਵਾਰਾਂ ਦੀ ਇੱਕ ਅਜਿਹੀ ਖ਼ਾਮੋਸ਼ ਤ੍ਰਾਸਦੀ ਹੈ, ਜਿਸ ਦਾ ਦਰਦ ਕੋਈ ਅਖ਼ਬਾਰ ਬਿਆਨ ਨਹੀਂ ਕਰ ਰਿਹਾ। ਅਸੀਂ ਆਪਣੇ ਹੀ ਘਰਾਂ ਵਿੱਚ ਆਪਣੀ ਅਗਲੀ ਪੀੜ੍ਹੀ ਲਈ ਅਜਨਬੀ ਬਣਦੇ ਜਾ ਰਹੇ ਹਾਂ।

ਅੱਜ ਮਾਂ-ਬੋਲੀ ਨੂੰ ਡਿਜੀਟਲ ਯੁੱਗ ਵਿੱਚ ਕਿਵੇਂ ਬਚਾਈਏ ?

ਜੇਕਰ ਅਸੀਂ ਇਸੇ ਤਰ੍ਹਾਂ ਹੱਥ ’ਤੇ ਹੱਥ ਧਰ ਕੇ ਬੈਠੇ ਰਹੇ, ਤਾਂ ਆਉਣ ਵਾਲੀਆਂ ਕੁਝ ਪੀੜ੍ਹੀਆਂ ਵਿੱਚ ਪੰਜਾਬੀ ਸਿਰਫ਼ ਇੱਕ ਮਿਊਜ਼ੀਅਮ ਦੀ ਭਾਸ਼ਾ ਬਣ ਕੇ ਰਹਿ ਜਾਵੇਗੀ। ਪਰ ਹਾਲੇ ਵੀ ਸਮਾਂ ਹੈ। ਇਸ ਸੰਕਟ ਵਿੱਚੋਂ ਨਿਕਲਣ ਲਈ ਸਾਨੂੰ ਨਿੱਜੀ, ਸਮਾਜਿਕ ਅਤੇ ਸਰਕਾਰੀ ਪੱਧਰ ’ਤੇ ਵੱਡੇ ਅਤੇ ਕ੍ਰਾਂਤੀਕਾਰੀ ਕਦਮ ਚੁੱਕਣੇ ਪੈਣਗੇ:

ਅੱਜ ਮਾਪਿਆਂ ਦੀ ਜ਼ਿੰਮੇਵਾਰੀ ਹੈ। ਸਕ੍ਰੀਨ ਟਾਈਮ ਬਨਾਮ ਮਾਂ-ਬੋਲੀ ਟਾਈਮ@ ਵਿੱਚ ਸਭ ਤੋਂ ਪਹਿਲਾ ਸੁਧਾਰ ਘਰ ਤੋਂ ਸ਼ੁਰੂ ਹੋਣਾ ਚਾਹੀਦਾ ਹੈ। ਮਾਪਿਆਂ ਨੂੰ ਇਹ ਪ੍ਰਣ ਲੈਣਾ ਪਵੇਗਾ ਕਿ ਉਹ ਆਪਣੇ ਛੋਟੇ ਬੱਚਿਆਂ ਨੂੰ ਮੋਬਾਈਲ ਫ਼ੋਨ ਦੀ ਲਤ ਨਹੀਂ ਲਾਉਣਗੇ। ਜੇਕਰ ਬੱਚੇ ਨੂੰ ਸਕ੍ਰੀਨ ਦੇਣੀ ਵੀ ਹੈ, ਤਾਂ ਉਸ ’ਤੇ ਪੰਜਾਬੀ ਵਿੱਚ ਤਿਆਰ ਕੀਤੇ ਗਏ ਉੱਚ-ਗੁਣਵੱਤਾ ਵਾਲੇ ਕਾਰਟੂਨ, ਐਨੀਮੇਸ਼ਨ ਅਤੇ ਕਹਾਣੀਆਂ ਦਿਖਾਈਆਂ ਜਾਣ। ਘਰ ਦੇ ਅੰਦਰ ਬੱਚੇ ਨਾਲ ਸਿਰਫ਼ ਅਤੇ ਸਿਰਫ਼ ਸ਼ੁੱਧ ਪੰਜਾਬੀ ਵਿੱਚ ਗੱਲ ਕੀਤੀ ਜਾਵੇ। ਬੱਚਿਆਂ ਨੂੰ ਦਾਦਾ-ਦਾਦੀ, ਨਾਨਾ-ਨਾਨੀ ਦੇ ਕੋਲ ਬਿਠਾ ਕੇ ਪੁਰਾਣੀਆਂ ਬਾਤਾਂ ਅਤੇ ਸਾਖੀਆਂ ਸੁਣਾਈਆਂ ਜਾਣ ਅੱਜ ਪੰਜਾਬੀ ਵਿੱਚ ਡਿਜੀਟਲ ਸਮੱਗਰੀ (High-Quality Content) ਦਾ ਨਿਰਮਾਣ ਦੇ ਅੱਜ ਦੇ ਦੌਰ ਵਿੱਚ ਅਸੀਂ ਬੱਚਿਆਂ ਨੂੰ ਸਕ੍ਰੀਨਾਂ ਤੋਂ ਪੂਰੀ ਤਰ੍ਹਾਂ ਦੂਰ ਨਹੀਂ ਰੱਖ ਸਕਦੇ। ਇਸ ਲਈ ਹੱਲ ਇਹ ਹੈ ਕਿ ਅਸੀਂ ਡਿਜੀਟਲ ਸਪੇਸ ਦੇ ਅੰਦਰ ਪੰਜਾਬੀ ਭਾਸ਼ਾ ਦੀ ਮੌਜੂਦਗੀ ਨੂੰ ਮਜ਼ਬੂਤ ਕਰੀਏ। ਪੰਜਾਬੀ ਦੇ ਲੇਖਕਾਂ, ਐਨੀਮੇਟਰਾਂ, ਅਤੇ ਤਕਨੀਕੀ ਮਾਹਿਰਾਂ ਨੂੰ ਅੱਗੇ ਆਉਣਾ ਚਾਹੀਦਾ ਹੈ। ਵਿਗਿਆਨ, ਗਣਿਤ, ਕੋਡਿੰਗ ਅਤੇ ਇਤਿਹਾਸ ਵਰਗੇ ਵਿਸ਼ਿਆਂ ਨੂੰ ਪੰਜਾਬੀ ਵਿੱਚ ਬਹੁਤ ਹੀ ਸਰਲ ਅਤੇ ਆਕਰਸ਼ਕ ਤਰੀਕੇ ਨਾਲ ਯੂ-ਟਿਊਬ ਅਤੇ ਹੋਰ ਐਪਸ ’ਤੇ ਉਪਲਬਧ ਕਰਵਾਇਆ ਜਾਵੇ, ਤਾਂ ਜੋ ਪੰਜਾਬੀ ਬੱਚੇ ਨੂੰ ਗਿਆਨ ਲੈਣ ਲਈ ਕਿਸੇ ਦੂਜੀ ਭਾਸ਼ਾ ’ਤੇ ਨਿਰਭਰ ਨਾ ਹੋਣਾ ਪਵੇ।

ਅੱਜ ਕਾਨੂੰਨੀ ਸਖ਼ਤੀ ਅਤੇ ਸਕੂਲਾਂ ’ਤੇ ਲਗਾਮ ਕੱਸਣ ਅਤੇ ਸਰਕਾਰ ਨੂੰ ਪੰਜਾਬ ਦੇ ਸਾਰੇ ਪ੍ਰਾਈਵੇਟ ਅਤੇ ਸਰਕਾਰੀ ਸਕੂਲਾਂ ਵਿੱਚ ਪੰਜਾਬੀ ਨੂੰ ਪਹਿਲੀ ਭਾਸ਼ਾ ਵਜੋਂ ਸਖ਼ਤੀ ਨਾਲ ਲਾਗੂ ਕਰਨਾ ਚਾਹੀਦਾ ਹੈ। ਕਿਸੇ ਵੀ ਸਕੂਲ ਵਿੱਚ ਪੰਜਾਬੀ ਬੋਲਣ ’ਤੇ ਜੁਰਮਾਨਾ ਲਾਉਣ ਜਾਂ ਬੱਚੇ ਨੂੰ ਮਾਨਸਿਕ ਤੌਰ ’ਤੇ ਪ੍ਰੇਸ਼ਾਨ ਕਰਨ ਵਾਲੇ ਪ੍ਰਬੰਧਕਾਂ ਖ਼ਿਲਾਫ਼ ਕਾਨੂੰਨੀ ਕਾਰਵਾਈ ਹੋਣੀ ਚਾਹੀਦੀ ਹੈ। ਇਸ ਦੇ ਨਾਲ ਹੀ, ਉੱਚ ਸਿੱਖਿਆ ਅਤੇ ਸਰਕਾਰੀ ਨੌਕਰੀਆਂ ਦੇ ਇਮਤਿਹਾਨਾਂ ਵਿੱਚ ਪੰਜਾਬੀ ਭਾਸ਼ਾ ਨੂੰ ਲਾਜ਼ਮੀ ਅਤੇ ਸਨਮਾਨਜਨਕ ਸਥਾਨ ਦਿੱਤਾ ਜਾਵੇ, ਤਾਂ ਜੋ ਇਹ ਰੁਜ਼ਗਾਰ ਦੀ ਭਾਸ਼ਾ ਬਣ ਸਕ (ਸ) ਗੁਰਮੁਖੀ ਟਾਈਪਿੰਗ ਅਤੇ ਡਿਜੀਟਲ ਸਾਖਰਤਾ। ਅੱਜ ਨੌਜਵਾਨਾਂ ਨੂੰ ਸੋਸ਼ਲ ਮੀਡੀਆ ’ਤੇ ਰੋਮਨ ਪੰਜਾਬੀ ਲਿਖਣ ਦੀ ਬਜਾਏ ਗੁਰਮੁਖੀ ਕੀ-ਬੋਰਡ (Gurmukhi Keyboard) ਵਰਤਣ ਲਈ ਪ੍ਰੇਰਿਤ ਕੀਤਾ ਜਾਣਾ ਚਾਹੀਦਾ ਹੈ। ਅੱਜ ਕੱਲ੍ਹ ਮੋਬਾਈਲ ਫ਼ੋਨਾਂ ਵਿੱਚ ਵਾਇਸ ਟਾਈਪਿੰਗ (Voice Typing) ਦੀ ਸਹੂਲਤ ਹੈ, ਜਿੱਥੇ ਪੰਜਾਬੀ ਬੋਲ ਕੇ ਗੁਰਮੁਖੀ ਵਿੱਚ ਟਾਈਪ ਕੀਤਾ ਜਾ ਸਕਦਾ ਹੈ। ਇਸ ਤਕਨਾਲੋਜੀ ਦਾ ਵੱਧ ਤੋਂ ਵੱਧ ਪ੍ਰਚਾਰ ਹੋਣਾ ਚਾਹੀਦਾ ਹੈ। ਇਹ ਅੱਜ ਸਾਡੀ ਹੋਂਦ ਦਾ ਸਵਾਲ ਹੈ। ਅੱਜ ਭਾਸ਼ਾ ਸਿਰਫ਼ ਸ਼ਬਦਾਂ ਦਾ ਸਮੂਹ ਨਹੀਂ ਹੁੰਦੀ, ਇਹ ਕਿਸੇ ਕੌਮ ਦੀ ਹੋਂਦ, ਉਸ ਦਾ ਇਤਿਹਾਸ, ਉਸ ਦੀ ਸੰਸਕ੍ਰਿਤੀ ਅਤੇ ਉਸ ਦੀ ਰੂਹ ਹੁੰਦੀ ਹੈ। ਜਦੋਂ ਇੱਕ ਭਾਸ਼ਾ ਮਰਦੀ ਹੈ, ਤਾਂ ਉਸ ਦੇ ਨਾਲ ਇੱਕ ਪੂਰਾ ਸੱਭਿਆਚਾਰ, ਹਜ਼ਾਰਾਂ ਸਾਲਾਂ ਦਾ ਗਿਆਨ ਅਤੇ ਕੌਮ ਦੀ ਵੱਖਰੀ ਪਛਾਣ ਵੀ ਦਫ਼ਨ ਹੋ ਜਾਂਦੀ ਹੈ। ਅੱਜ ਪੰਜਾਬ ਨੇ ਬਾਬਾ ਫਰੀਦ ਤੋਂ ਲੈ ਕੇ ਗੁਰੂ ਨਾਨਕ ਪਾਤਸ਼ਾਹ ਤੱਕ, ਅਤੇ ਵਾਰਿਸ਼ ਸ਼ਾਹ ਤੋਂ ਲੈ ਕੇ ਪ੍ਰੋ. ਪੂਰਨ ਸਿੰਘ ਤੱਕ ਦੀ ਬੌਧਿਕ ਅਮੀਰੀ ਨੂੰ ਹੰਢਾਇਆ ਹੈ। ਇਹ ਸਾਡੀ ਮਾਂ-ਬੋਲੀ ਦੀ ਤਾਕਤ ਹੀ ਸੀ ਜਿਸ ਨੇ ਪੰਜਾਬੀਆਂ ਨੂੰ ਦੁਨੀਆ ਭਰ ਵਿੱਚ ਇੱਕ ਨਿਵੇਕਲੀ ਅਤੇ ਦਲੇਰ ਕੌਮ ਵਜੋਂ ਸਥਾਪਿਤ ਕੀਤਾ ਹੈ। ਅੱਜ ਜਦੋਂ ਅਸੀਂ ‘ਡਿਜੀਟਲ ਪੰਜਾਬ’ ਦੀ ਗੱਲ ਕਰਦੇ ਹਾਂ, ਤਾਂ ਸਾਨੂੰ ਇਹ ਸਵਾਲ ਆਪਣੇ-ਆਪ ਨੂੰ ਜ਼ਰੂਰ ਪੁੱਛਣਾ ਚਾਹੀਦਾ ਹੈ। ਅੱਜ ਕੀ ਅਸੀਂ ਆਧੁਨਿਕ ਬਣਨ ਦੀ ਦੌੜ ਵਿੱਚ ਆਪਣੀਆਂ ਜੜ੍ਹਾਂ ਹੀ ਵੱਢ ਰਹੇ ਹਾਂ। ਜੇਕਰ ਅੱਜ ਅਸੀਂ ਆਪਣੀਆਂ ਸਕ੍ਰੀਨਾਂ ਨੂੰ ਪੰਜਾਬੀ ਰੰਗ ਵਿੱਚ ਨਾ ਰੰਗਿਆ, ਅਤੇ ਆਪਣੇ ਬੱਚਿਆਂ ਦੀਆਂ ਜ਼ੁਬਾਨਾਂ ’ਤੇ ਮਾਂ-ਬੋਲੀ ਦੀ ਮਿਠਾਸ ਵਾਪਸ ਨਾ ਲਿਆਂਦੀ, ਤਾਂ ਆਉਣ ਵਾਲਾ ਇਤਿਹਾਸ ਸਾਨੂੰ ਕਦੇ ਮੁਆਫ਼ ਨਹੀਂ ਕਰੇਗਾ।

ਆਓ ਅੱਜ ਡਿਜੀਟਲ ਸਕ੍ਰੀਨਾਂ ਦੇ ਇਸ ਅਦਿੱਖ ਹਮਲੇ ਖ਼ਿਲਾਫ਼ ਇੱਕ ਨਵਾਂ ‘ਭਾਸ਼ਾਈ ਇਨਕਲਾਬ’ ਸ਼ੁਰੂ ਕਰੀਏ—ਆਪਣੇ ਘਰ ਤੋਂ, ਆਪਣੇ ਮੋਬਾਈਲ ਤੋਂ ਅਤੇ ਆਪਣੇ ਬੱਚੇ ਦੇ ਪਹਿਲੇ ਸ਼ਬਦ ਤੋਂ। ਮਾਂ-ਬੋਲੀ ਨੂੰ ਬਚਾਉਣਾ ਹੁਣ ਸਿਰਫ਼ ਇੱਕ ਜਜ਼ਬਾਤੀ ਮੁੱਦਾ ਨਹੀਂ, ਬਲਕਿ ਪੰਜਾਬ ਦੀ ਹੋਂਦ ਨੂੰ ਬਚਾਉਣ ਦੀ ਸਭ ਤੋਂ ਵੱਡੀ ਲੜਾਈ ਹੈ।

# ਕੁਦਰਤ ਤੇ ਮਨੁੱਖ ਦਾ ਮੁੱਢ-ਕਦੀਮੀ ਰਿਸ਼ਤਾ

ਸੰਜੀਵ ਸੈਣੀ
78889-66168



ਸਦੀਆਂ ਤੋਂ ਹੀ ਕੁਦਰਤ ਤੇ ਮਨੁੱਖ ਦਾ ਗਹਿਰਾ ਰਿਸ਼ਤਾ ਰਿਹਾ ਹੈ। ਜਨਮ ਤੋਂ ਲੈ ਕੇ ਆਖਰੀ ਸਾਹਾਂ ਤੱਕ ਰੁੱਖ ਮਨੁੱਖ ਦਾ ਸਾਥ ਦਿੰਦੇ ਹਨ। ਧਰਤੀ ਨੂੰ ਰਹਿਣਯੋਗ ਬਣਾਈ ਰੱਖਣ ਤੇ ਵਾਤਾਵਰਣ ਦੇ ਸੰਤੁਲਨ ਨੂੰ ਬਰਕਰਾਰ ਰੱਖਣ ਲਈ ਰੁੱਖਾਂ ਦੇ ਮਹੱਤਵ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ। ਦਰਖ਼ਤ ਧਰਤੀ ਦਾ ਸ਼ਿੰਗਾਰ ਹੁੰਦੇ ਹਨ। ਅੱਜ ਮਨੁੱਖ ਨੇ ਕੁਦਰਤ ਨੂੰ ਤਹਿਸ ਨਹਿਸ ਕਰਨ ਵਿੱਚ ਕੋਈ ਕਸਰ ਨਹੀਂ ਛੱਡੀ। ਰੁੱਖਾਂ ਦੀ ਅੰਨੇਵਾਹ ਕਟਾਈ, ਪਾਣੀ ਦੀ ਹੋ ਰਹੀ ਦੁਰਵਰਤੋਂ, ਘਰਾਂ ਵਿੱਚ ਲੱਗੇ ਏ.ਸੀ. ਜਿਹੜੇ ਵਾਤਾਵਰਣ ਵਿੱਚ ਫਿਰ ਤਪਸ਼ ਵਧਾ ਕੇ ਧਰਤੀ ਦਾ ਸੰਤੁਲਨ ਵਿਗਾੜ ਰਹੇ ਹਨ । ਕੁਦਰਤੀ ਸਰੋਤਾਂ ਦਾ ਦੁਰਉਪਯੋਗ ਲਗਾਤਾਰ ਹੋ ਰਿਹਾ ਹੈ। ਦਰੱਖ਼ਤ ਲਗਾਤਾਰ ਕੱਟੇ ਜਾ ਰਹੇ ਹਨ। ਵੱਡੇ ਵੱਡੇ ਜੰਗਲ ਹੁਣ ਖਤਮ ਹੁੰਦੇ ਜਾ ਰਹੇ ਹਨ। ਜਿਸ ਕਾਰਨ ਪੰਛੀਆਂ ਦੀ ਗਿਣਤੀ ਵੀ ਖਤਮ ਹੋਣ ਕਿਨਾਰੇ ਆ ਚੁੱਕੀ ਹੈ। ਕੁਦਰਤ ਦੇ ਉਲਟ ਚੱਲ ਕੇ ਅੱਜ ਮਨੁੱਖ ਨੇ ਆਪਣੇ ਲਈ ਅਨੇਕ ਸਮੱਸਿਆਵਾਂ ਸਹੇੜ ਲਈਆਂ ਹਨ। ਪਿਛਲੇ ਸਾਲ ਤੇਲੰਗਾਨਾ ਵਿਖੇ ਕਾਰਪੋਰੇਟ ਘਰਾਣਿਆਂ ਨੇ ਜੰਗਲਾਂ ਨੂੰ ਖਤਮ ਕਰਨ ਵਿੱਚ ਕੋਈ ਕਸਰ ਨਹੀਂ ਛੱਡੀ । ਜੀਵ ਜੰਤੂ ਵੀ ਪ੍ਰਭਾਵਿਤ ਹੋਏ ਸਨ। ਫਿਰ ਵਾਤਾਵਰਨ ਪ੍ਰੇਮੀਆਂ ਨੇ ਅੱਗੇ ਆ ਕੇ ਜੀਵ ਜੰਤੂਆਂ ਦੀ ਰੱਖਿਆ ਕੀਤੀ ਸੀ। ਜੰਗਲਾਂ ਦੀ ਕਟਾਈ ’ਤੇ ਹਾਈਕੋਰਟ ਨੂੰ ਦਖਲਅੰਦਾਜ਼ੀ ਕਰਨੀ ਪਈ ਸੀ। ਨਵੰਬਰ ਵਿਖੇ ਅਰਾਵਲੀ ਪਰਬਤ ਸੁਰਖੀਆਂ ਵਿੱਚ ਰਿਹਾ ਹੈ। ਵਿਕਾਸ ਦੀ ਦੌੜ ਵਿੱਚ ਮਨੁੱਖ ਇੰਨਾ ਬੇਪ੍ਰਵਾਹ ਹੋ ਚੁੱਕਿਆ ਹੈ ਕਿ ਉਸਨੇ ਜ਼ਰਾ ਵੀ ਨਹੀਂ ਸੋਚਿਆ ਕਿ ਕੁਦਰਤ ਤੋਂ ਬਿਨ੍ਹਾਂ ਮਨੁੱਖ ਦਾ ਇਥੇ ਕੀ ਜੀਵਨ ਸੰਭਵ ਹੈ ? ਪਹਾੜੀ ਖੇਤਰਾਂ ਦੀ ਜੇ ਗੱਲ ਕਰੀਏ ਉੱਥੇ ਵੀ ਕੁਦਰਤ ਨੂੰ ਖਤਮ ਕਰਨ ਵਿੱਚ ਮਨੁੱਖ ਨੇ ਪੂਰੀ ਵਾਹ ਲਗਾ ਰੱਖੀ ਹੈ। ਦੋ ਕੁ ਸਾਲ ਪਹਿਲਾਂ ਉੱਤਰ ਕਾਸ਼ੀ ਵਿਖੇ ਕਈ ਮਕਾਨਾਂ ਵਿੱਚ ਤਰੇੜਾਂ ਆ ਗਈਆਂ ਸਨ। ਲਗਾਤਾਰ ਪਹਾੜਾਂ ਨੂੰ ਕੱਟ ਕੇ ਵੱਡੀਆਂ ਵੱਡੀਆਂ ਇਮਾਰਤਾਂ ਉਸਾਰੀਆਂ ਜਾ ਰਹੀਆਂ ਹਨ। ਹਿਮਾਚਲ ਪ੍ਰਦੇਸ਼ ਦਾ ਮੈਕਲੋਡ ਗੰਜ ਵੀ ਸੁਰਖੀਆਂ ਵਿੱਚ ਰਿਹਾ। 2012 ਵਿੱਚ ਜੋ ਹੜ੍ਹਾਂ ਕਾਰਨ ਉੱਤਰਾਖੰਡ ਵਿੱਚ ਨੁਕਸਾਨ ਹੋਇਆ, ਦਿਲ ਕੰਬਾਉਣ ਵਾਲਾ ਸੀ । ਮਨੁੱਖ ਫਿਰ ਵੀ ਨਹੀਂ ਸੰਭਲਿਆ। ਪਾਣੀ ਦੀ ਤੇਜ਼ ਰਫਤਾਰ ਵਿੱਚ ਗੱਡੀਆਂ ਖਿਡੌਣਿਆਂ ਦੀ ਤਰ੍ਹਾਂ ਰੁੜੀਆਂ। ਜਾਨ ਮਾਲ ਦਾ ਬਹੁਤ ਨੁਕਸਾਨ ਹੋਇਆ। ਨਦੀਆਂ ਨਾਲਿਆਂ ਨੂੰ ਤੰਗ ਕਰ ਦਿੱਤਾ ਗਿਆ। ਪਾਣੀ ਦੀ ਨਿਕਾਸੀ ਨਹੀਂ ਰਹੀ। ਦੋ ਕੁ ਸਾਲ ਪਹਿਲਾਂ ਮੋਹਾਲੀ ਜ਼ਿਲ੍ਹਾ ਖਬਰਾਂ ਵਿੱਚ ਰਿਹਾ । ਇੱਥੇ ਹੜ੍ਹਾਂ ਕਾਰਨ ਬਹੁਤ ਨੁਕਸਾਨ ਹੋਇਆ । ਅਸਮਾਨ ਛੂੰਹਦੇ ਫ਼ਲੈਟ, ਇਮਾਰਤਾਂ ਉਸਾਰ ਦਿੱਤੀਆਂ ਗਈਆਂ, ਨਦੀਆਂ ਨਾਲਿਆਂ ਵਿੱਚ ਹੀ ਫਲੈਟ ਬਣਾ ਦਿੱਤੇ ਗਏ। ਲੋਕਾਂ ਦੇ ਘਰਾਂ ਵਿੱਚ ਪਾਣੀ ਵੜ ਗਿਆ। ਗੱਡੀਆਂ ਦਾ ਬਹੁਤ ਨੁਕਸਾਨ ਹੋਇਆ। ਇਹ ਕਿਹੋ ਜਿਹਾ ਵਿਕਾਸ ਹੋ ਰਿਹਾ ਹੈ, ਜੋ ਵਿਨਾਸ਼ ਦਾ ਕਾਰਨ ਬਣ ਰਿਹਾ ਹੈ। ਸੜਕਾਂ ਦਾ ਲਗਾਤਾਰ ਜਾਲ ਵਿਛ ਰਿਹਾ ਹੈ । ਚਾਰ ਮਾਰਗੀ ਸੜਕਾਂ ਬਣਾਉਣ ਲਈ ਵੱਡੇ ਵੱਡੇ ਦਰੱਖਤ ਜੋ ਸਾਲਾਂ ਸਾਲ ਤੋਂ ਖੜ੍ਹੇ ਸਨ, ਉਹਨਾਂ ’ਤੇ ਕੁਹਾੜਾ ਚੱਲਿਆ। ਸਮੇਂ ਦੇ ਨਾਲ ਨਾਲ ਵਿਕਾਸ ਹੋਣਾ ਜ਼ਰੂਰੀ ਹੈ। ਪਰ ਯੋਜਨਾਬੱਧ ਤਰੀਕੇ ਨਾਲ ਵਿਕਾਸ ਲਾਹੇਵੰਦ ਰਹਿੰਦਾ ਹੈ। ਨਵੇਂ ਰੁੱਖ ਲਗਾ ਕੇ ਇਹ ਘਾਟ ਪੂਰੀ ਕੀਤੀ ਜਾ ਸਕਦੀ ਹੈ। ਅੱਜ ਸ਼ਹਿਰੀ ਖੇਤਰ ਵਿੱਚ ਫੈਕਟਰੀਆਂ ਦੀ ਜ਼ਹਿਰੀਲੇ ਧੂੰਏਂ ਕਾਰਨ ਲੋਕਾਂ ਨੂੰ ਸਾਹ ਲੈਣ ਵਿੱਚ ਦਿੱਕਤ ਆ ਰਹੀ ਹੈ। ਅਸੀਂ ਰੁੱਖਾਂ ਦੀ ਮਹੱਤਤਾ ਨੂੰ ਭੁੱਲ ਚੁੱਕੇ ਹਾਂ । ਰੁੱਖ ਵਰਖਾ ਲਿਆਉਣ ਵਿੱਚ ਸਹਾਈ, ਪੰਛੀਆਂ ਲਈ ਰੈਣ ਬਸੇਰਾ, ਜ਼ਮੀਨ ਨੂੰ ਬੰਜਰ ਹੋਣ ਤੋਂ ਰੋਕਣਾ, ਠੰਡੀ ਛਾਂ, ਲੱਕੜ ਦਾ ਸਮਾਨ, ਸਾਫ ਸੁਥਰੀ ਹਵਾ ਸਾਨੂੰ ਦਿੰਦੇ ਹਨ। ਤਾਜ਼ੀ ਆਕਸੀਜਨ ਦਿੰਦੇ ਹਨ। ਖੇਤਾਂ ਵਿੱਚ ਵਰਤੀਆਂ ਜਾਣ ਵਾਲੀਆਂ ਕੀਟਨਾਸ਼ਕ ਦਵਾਈਆਂ, ਵਾਹਨਾਂ ਰਾਹੀਂ ਕੀਤਾ ਜਾ ਰਿਹਾ ਪ੍ਰਦੂਸ਼ਣ ਵਾਤਾਵਰਣ ਨੂੰ ਪਲੀਤ ਕਰ ਰਿਹਾ ਹੈ। ਬਰਸਾਤਾਂ ਦੇ ਮੌਸਮ ਦੌਰਾਨ ਕਈ ਸਮਾਜ ਸੇਵੀ, ਧਾਰਮਿਕ ਜਥੇਬੰਦੀਆਂ ਵੱਲੋਂ ਰੁੱਖ ਲਗਾਏ ਜਾਂਦੇ ਹਨ । ਸੰਤ ਬਲਬੀਰ ਸਿੰਘ ਸੀਚੇਵਾਲ ਵਾਤਾਵਰਣ ਨੂੰ ਸਾਫ ਸੁਥਰਾ ਰੱਖਣ ਵਿੱਚ ਕਈ ਸਾਲਾਂ ਤੋਂ ਆਪਣਾ ਯੋਗਦਾਨ ਪਾ ਰਹੇ ਹਨ। ਸ਼ਲਾਘਾਯੋਗ ਉਪਰਾਲਾ ਹੈ, ਪਰ ਸਮੇਂ ਸਮੇਂ ’ਤੇ ਲਗਾਏ ਰੁੱਖਾਂ ਦੀ ਦੇਖਭਾਲ ਵੀ ਕਰਨੀ ਬਹੁਤ ਜ਼ਰੂਰੀ ਹੈ। ਅਕਸਰ ਰੁੱਖ ਅਜਿਹੀ ਥਾਂ ’ਤੇ ਲਗਾਏ ਜਾਣ ਜਿੱਥੇ ਉਹਨਾਂ ਨੂੰ ਕੋਈ ਜੰਗਲੀ ਜੀਵ ਜਾਂ ਅਵਾਰਾ ਪਸ਼ੂ ਨੁਕਸਾਨ ਨਾ ਪਹੁੰਚਾ ਸਕੇ। ਰੁੱਖ ਲਗਾ ਕੇ ਟਰੀ ਗਾਰਡ ਦੀ ਵਿਵਸਥਾ ਜਰੂਰ ਹੋਣੀ ਚਾਹੀਦੀ ਹੈ। ਹਰ ਵਿਅਕਤੀ ਨੂੰ ਜਾਗਰੂਕ ਹੋਣਾ ਚਾਹੀਦਾ ਹੈ ਤੇ ਉਸਨੂੰ ਰੁੱਖਾਂ ਦੀ ਮਹੱਤਤਾ ਪ੍ਰਤੀ ਪਤਾ ਹੋਣਾ ਚਾਹੀਦਾ ਹੈ। ਅੱਜ ਸਮਾਜ ਨੂੰ ਪੂਰੀ ਸੁਹਿਰਦਤਾ ਨਾਲ ਯਤਨਸ਼ੀਲ ਹੋਣ ਦੀ ਲੋੜ ਹੈ। ਤਾਂ ਅਸੀਂ ਵਾਤਾਵਰਣ ਨੂੰ ਹਰਿਆ ਭਰਿਆ ਰੱਖ ਕੇ ਆਪਣਾ ਯੋਗਦਾਨ ਪਾ ਸਕਦੇ ਹਾਂ। ਚੇਤੇ ਰੱਖਿਓ ! ਰੁੱਖਾਂ ਬਿਨਾਂ ਜੀਵਨ ਸੰਭਵ ਨਹੀਂ ਹੈ।



ਵਿੰਕਲਜੀਤ ਸਿੰਘ ਸਰਾ
9501477889

## ‘ਅਲ ਨੀਨੋ’ ਦੀ ਦਸਤਕ ਅਤੇ ਜਲਵਾਯੂ ਪਰਿਵਰਤਨ

# ਪੰਜਾਬ-ਹਰਿਆਣਾ ਦੀ ਖੇਤੀਬਾੜੀ ਅਤੇ ਦੇਸ਼ ਦੀ ਅੰਨ ਸੁਰੱਖਿਆ ’ਤੇ ਮੰਡਰਾਉਂਦਾ ਗੰਭੀਰ ਸੰਕਟ

ਗਲੋਬਲ ਵਾਰਮਿੰਗ ਅਤੇ ਜਲਵਾਯੂ ਪਰਿਵਰਤਨ (Climate Change) ਅੱਜ ਸਿਰਫ਼ ਅਕਾਦਮਿਕ ਬਹਿਸਾਂ ਦੇ ਵਿਸ਼ੇ ਨਹੀਂ ਰਹੇ, ਬਲਕਿ ਇਹ ਸਾਡੀ ਰੋਜ਼ਮੱਰਾ ਦੀ ਜ਼ਿੰਦਗੀ ਅਤੇ ਖ਼ਾਸ ਕਰਕੇ ਖੇਤੀਬਾੜੀ ਪ੍ਰਧਾਨ ਰਾਜਾਂ ਲਈ ਹੋਂਦ ਦਾ ਸਵਾਲ ਬਣ ਚੁੱਕੇ ਹਨ। ਤਾਪਮਾਨ ਵਿੱਚ ਲਗਾਤਾਰ ਹੋ ਰਿਹਾ ਵਾਧਾ, ਬੇਮੌਸਮੀ ਬਾਰਸ਼ਾਂ, ਹੜ੍ਹ ਅਤੇ ਸੋਕੇ ਵਰਗੀਆਂ ਅਤਿ ਦੀਆਂ ਮੌਸਮੀ ਘਟਨਾਵਾਂ ਨੇ ਪਹਿਲਾਂ ਹੀ ਦੁਨੀਆ ਭਰ ਦੇ ਕਿਸਾਨਾਂ ਨੂੰ ਚਿੰਤਾ ਵਿੱਚ ਪਾਇਆ ਹੋਇਆ ਹੈ। ਇਸੇ ਦੌਰਾਨ ਪ੍ਰਸ਼ਾਂਤ ਮਹਾਂਸਾਗਰ ਵਿੱਚ ਪੈਦਾ ਹੋਣ ਵਾਲੀ ‘ਅਲ ਨੀਨੋ’ (El Niño) ਦੀ ਦਸਤਕ ਨੇ ਭਾਰਤੀ ਖੇਤੀਬਾੜੀ, ਖ਼ਾਸ ਕਰਕੇ ਦੇਸ਼ ਦੇ ਅੰਨ-ਭੰਡਾਰ ਕਹੇ ਜਾਣ ਵਾਲੇ ਪੰਜਾਬ ਅਤੇ ਹਰਿਆਣਾ ਦੇ ਸਿਰ ’ਤੇ ਖ਼ਤਰੇ ਦੀ ਘੰਟੀ ਵਜਾ ਦਿੱਤੀ ਹੈ। ਕੇਂਦਰ ਸਰਕਾਰ, ਮੌਸਮ ਵਿਗਿਆਨੀਆਂ ਅਤੇ ਖੇਤੀ ਮਾਹਰਾਂ ਦੀਆਂ ਹਾਲੀਆ ਰਿਪੋਰਟਾਂ ਇਹ ਸਾਫ਼ ਸੰਕੇਤ ਦੇ ਰਹੀਆਂ ਹਨ ਕਿ ਜੇਕਰ ਅਸੀਂ ਸਮਾਂ ਰਹਿੰਦੇ ਨਾ ਸੰਭਲੇ, ਤਾਂ ਦੇਸ਼ ਨੂੰ ਇੱਕ ਵੱਡੇ ਅਨਾਜ ਸੰਕਟ ਦਾ ਸਾਹਮਣਾ ਕਰਨਾ ਪੈ ਸਕਦਾ ਹੈ।

**‘ਅਲ ਨੀਨੋ’ ਕੀ ਹੈ ਅਤੇ ਇਹ ਮਾਨਸੂਨ ਨੂੰ ਕਿਵੇਂ ਨਿਗਲਦਾ ਹੈ ? :** ‘ਅਲ ਨੀਨੋ’ ਮੂਲ ਰੂਪ ਵਿੱਚ ਸਪੈਨਿਸ਼ ਭਾਸ਼ਾ ਦਾ ਸ਼ਬਦ ਹੈ, ਜਿਸਦਾ ਸ਼ਾਬਦਿਕ ਅਰਥ ‘ਛੋਟਾ ਬੱਚਾ’ ਜਾਂ ‘ਈਸਾ ਮਸੀਹ ਦਾ ਬਾਲ ਰੂਪ’ ਹੁੰਦਾ ਹੈ, ਕਿਉਂਕਿ ਇਸਦਾ ਪ੍ਰਭਾਵ ਅਕਸਰ ਦਸੰਬਰ ਦੇ ਆਸ-ਪਾਸ ਦੇਖਣ ਨੂੰ ਮਿਲਦਾ ਹੈ। ਭੂਗੋਲਿਕ ਅਤੇ ਮੌਸਮੀ ਵਿਗਿਆਨ ਦੀ ਭਾਸ਼ਾ ਵਿੱਚ ਇਹ ਇੱਕ ਬਹੁਤ ਹੀ ਭਿਆਨਕ ਕੁਦਰਤੀ ਮੌਸਮੀ ਘਟਨਾ ਹੈ। ਇਸ ਪ੍ਰਕਿਰਿਆ ਦੌਰਾਨ ਪ੍ਰਸ਼ਾਂਤ ਮਹਾਂਸਾਗਰ (Pacific Ocean) ਦੇ ਭੂ-ਮੱਧ ਰੇਖਾ ਵਾਲੇ ਖੇਤਰ ਵਿੱਚ ਸਮੁੰਦਰੀ ਪਾਣੀ ਦੀ ਸਤ੍ਹਾ ਦਾ ਤਾਪਮਾਨ ਆਮ ਨਾਲੋਂ ਬਹੁਤ ਜ਼ਿਆਦਾ ਗਰਮ ਹੋ ਜਾਂਦਾ ਹੈ। ਇਸ ਗਰਮੀ ਦੇ ਕਾਰਨ ਪੂਰਬ ਤੋਂ ਪੱਛਮ ਵੱਲ ਚੱਲਣ ਵਾਲੀਆਂ ਸਨਾਤਨੀ ਸਮੁੰਦਰੀ ਹਵਾਵਾਂ ਕਮਜ਼ੋਰ ਪੈ ਜਾਂਦੀਆਂ ਹਨ। ਨਤੀਜੇ ਵਜੋਂ, ਏਸ਼ੀਆ ਅਤੇ ਭਾਰਤ ਵੱਲ ਆਉਣ ਵਾਲਾ ਗਰਮ ਪਾਣੀ ਅਤੇ ਨਮੀ ਵਾਲੀਆਂ ਹਵਾਵਾਂ ਅਮਰੀਕਾ ਦੇ ਤੱਟਾਂ ਵੱਲ ਰੁਖ਼ ਕਰ ਲੈਂਦੀਆਂ ਹਨ। ਜਦੋਂ ਅਲ ਨੀਨੋ ਸਰਗਰਮ ਹੁੰਦਾ ਹੈ, ਤਾਂ ਭਾਰਤ ਵਿੱਚ ਮਾਨਸੂਨ ਬਹੁਤ ਕਮਜ਼ੋਰ ਪੈ ਜਾਂਦਾ ਹੈ, ਬਾਰਸ਼ਾਂ ਵਿੱਚ ਭਾਰੀ ਕਮੀ ਆਉਂਦੀ ਹੈ ਅਤੇ ਦੇਸ਼ ਦੇ ਕਈ ਹਿੱਸਿਆਂ ਵਿੱਚ ਲੂ (Heat Waves) ਅਤੇ ਸੋਕੇ ਵਰਗੀ ਸਥਿਤੀ ਪੈਦਾ ਹੋ ਜਾਂਦੀ ਹੈ। ਇਹ ਘਟਨਾ ਆਮ ਤੌਰ ’ਤੇ ਹਰ 2 ਤੋਂ 7 ਸਾਲਾਂ ਬਾਅਦ ਵਾਪਰਦੀ ਹੈ, ਪਰ ਜਲਵਾਯੂ ਪਰਿਵਰਤਨ ਕਾਰਨ ਹੁਣ ਇਸ ਵਾਰ ‘ਸੁਪਰ ਅਲ ਨੀਨੋ’ ਬਣਨ ਦੀ ਸੰਭਾਵਨਾ ਜਤਾਈ ਜਾ ਰਹੀ ਹੈ, ਜੋ ਕਿ ਬੇਹੱਦ ਚਿੰਤਾਜਨਕ ਹੈ।

**ਦੇਸ਼ ਵਿਆਪੀ ਅਲਰਟ ਅਤੇ ਹਾਈ-ਲੈਵਲ ਸਮੀਖਿਆ ਦੀ ਲੋੜ :** ਭਾਰਤੀ ਮੌਸਮ ਵਿਭਾਗ (IMD) ਅਤੇ ਅਮਰੀਕਾ ਦੀ ਮੌਸਮੀ ਏਜੰਸੀ ‘ਨੋਆ’ (NOAA) ਦੀਆਂ ਭਵਿੱਖਬਾਣੀਆਂ ਮੁਤਾਬਕ ਇਸ ਵਾਰ ਮਾਨਸੂਨੀ ਵਰਖਾ ਲੰਬੇ ਸਮੇਂ ਦੀ ਔਸਤ (LPA) ਦਾ ਮਹਿਜ਼ 90 ਤੋਂ 70 ਫ਼ੀਸਦੀ ਦੇ ਵਿਚਕਾਰ ਰਹਿਣ ਦਾ ਖ਼ਦਸ਼ਾ ਹੈ। ਇਸ ਗੰਭੀਰ ਸਥਿਤੀ ਨੂੰ ਦੇਖਦਿਆਂ ਭਾਰਤ ਸਰਕਾਰ ਨੇ ਤੁਰੰਤ ਚੌਕਸੀ ਵਧਾ ਦਿੱਤੀ ਹੈ। ਕੇਂਦਰ ਸਰਕਾਰ ਵੱਲੋਂ ਦੇਸ਼ ਦੇ 197 ਅਜਿਹੇ ਜ਼ਿਲ੍ਹਿਆਂ ਦੀ ਪਛਾਣ ਕੀਤੀ ਗਈ ਹੈ, ਜਿੱਥੇ ਬਾਰਸ਼ ਬਹੁਤ ਘੱਟ ਹੋਣ ਦੀ ਸੰਭਾਵਨਾ ਹੈ ਅਤੇ ਖੇਤੀ ’ਤੇ ਇਸ ਦਾ ਸਭ ਤੋਂ ਵੱਡਾ ਮਾਰੂ ਅਸਰ ਪੈ ਸਕਦਾ ਹੈ। ਸਰਕਾਰ ਵੱਲੋਂ ਇਨ੍ਹਾਂ ਪ੍ਰਭਾਵਿਤ ਜ਼ਿਲ੍ਹਿਆਂ ਵਿੱਚ ‘ਜ਼ਿਲ੍ਹਾ ਪੱਧਰੀ ਸੰਕਟ ਪ੍ਰਬੰਧਨ ਯੋਜਨਾਵਾਂ’ (District Contingency Plans) ਦੀ ਸਮੀਖਿਆ ਸ਼ੁਰੂ ਕਰ ਦਿੱਤੀ ਗਈ ਹੈ ਤਾਂ ਜੋ ਸੋਕੇ ਵਰਗੀ ਸਥਿਤੀ ਨਾਲ ਨਜਿੱਠਿਆ ਜਾ ਸਕੇ। ਇਸ ਦੇ ਨਾਲ ਹੀ ਕੇਂਦਰੀ ਖੇਤੀਬਾੜੀ ਮੰਤਰਾਲੇ ਨੇ ਭਾਰਤੀ ਖੇਤੀ ਖੋਜ ਪ੍ਰੀਸ਼ਦ (ICAR), ਰਾਜਾਂ ਦੀਆਂ ਖੇਤੀਬਾੜੀ ਯੂਨੀਵਰਸਿਟੀਆਂ ਅਤੇ ਖੇਤੀਬਾੜੀ ਵਿਭਾਗਾਂ ਨੂੰ ਖਰੀਫ਼ (ਸਾਉਣੀ) ਦੀਆਂ ਫ਼ਸਲਾਂ ਲਈ ਵਿਸ਼ੇਸ਼ ਅਤੇ ਬਦਲਵੇਂ ਪਲਾਨ ਤਿਆਰ ਕਰਨ ਦੇ ਹੁਕਮ ਦਿੱਤੇ ਹਨ।

**ਝੋਨੇ ਦੀ ਪੈਦਾਵਾਰ ’ਤੇ ਵੱਡਾ ਅਸਰ ਅਤੇ ਆਰਥਿਕ ਨੁਕਸਾਨ :** ਭਾਰਤ ਵਿੱਚ ਸਾਉਣੀ ਦੀ ਮੁੱਖ ਫ਼ਸਲ ਝੋਨਾ (Rice) ਹੈ, ਜਿਸ ਨੂੰ ਬਹੁਤ ਜ਼ਿਆਦਾ ਪਾਣੀ ਦੀ ਲੋੜ ਹੁੰਦੀ ਹੈ। ਬਾਸਮਤੀ ਰਾਈਸ ਮਿੱਲਰਜ਼ ਅਤੇ ਐਕਸਪੋਰਟਰਜ਼ ਐਸੋਸੀਏਸ਼ਨ ਦੇ ਅਹੁਦੇਦਾਰਾਂ ਅਨੁਸਾਰ, ਜੇਕਰ ਮਾਨਸੂਨ ਆਮ ਨਾਲੋਂ ਕਮਜ਼ੋਰ ਰਹਿੰਦਾ ਹੈ, ਤਾਂ ਭਾਰਤ ਵਿੱਚ ਝੋਨੇ ਦੀ ਕੁੱਲ ਪੈਦਾਵਾਰ ਵਿੱਚ 30 ਤੋਂ 50 ਲੱਖ ਮੀਟ੍ਰਿਕ ਟਨ ਦੀ ਵੱਡੀ ਗਿਰਾਵਟ ਆ ਸਕਦੀ ਹੈ। ਇਸ ਮੰਦਭਾਗੀ ਸਥਿਤੀ ਦਾ ਸਭ ਤੋਂ ਵੱਧ ਪ੍ਰਭਾਵ ਕਰਨਾਟਕ, ਰਾਜਸਥਾਨ, ਗੁਜਰਾਤ, ਮੱਧ ਪ੍ਰਦੇਸ਼, ਛੱਤੀਸਗੜ੍ਹ, ਬਿਹਾਰ, ਝਾਰਖੰਡ ਅਤੇ ਉੱਤਰ ਪ੍ਰਦੇਸ਼ ਵਰਗੇ ਰਾਜਾਂ ’ਤੇ ਪੈਣ ਦੀ ਉਮੀਦ ਹੈ। ਖ਼ਾਸ ਗੱਲ ਇਹ ਹੈ ਕਿ ਇਨ੍ਹਾਂ ਰਾਜਾਂ ਦੇ ਨਾਲ-ਨਾਲ ਪੰਜਾਬ ਅਤੇ ਹਰਿਆਣਾ ਨੂੰ ਵੀ ਵਿਸ਼ੇਸ਼ ਨਿਗਰਾਨੀ ਹੇਠ ਰੱਖਿਆ ਗਿਆ ਹੈ, ਕਿਉਂਕਿ ਦੇਸ਼ ਦੇ ਕੇਂਦਰੀ ਅੰਨ ਭੰਡਾਰ ਵਿੱਚ ਸਭ ਤੋਂ ਵੱਡਾ ਯੋਗਦਾਨ ਇਨ੍ਹਾਂ ਦੋਵਾਂ ਰਾਜਾਂ ਦਾ ਹੀ ਹੁੰਦਾ ਹੈ।

**ਪੰਜਾਬ ਅਤੇ ਹਰਿਆਣਾ ਲਈ ਵਧਦੀਆਂ ਮੁਸ਼ਕਲਾਂ ਅਤੇ ਭੂ-ਜਲ ਸੰਕਟ :** ਭਾਵੇਂ ਪੰਜਾਬ ਅਤੇ ਹਰਿਆਣਾ ਵਿੱਚ ਨਹਿਰਾਂ ਅਤੇ ਟਿਊਬਵੈੱਲਾਂ ਦਾ ਇੱਕ ਵਿਕਸਿਤ ਅਤੇ ਮਜ਼ਬੂਤ ਸਿੰਚਾਈ ਢਾਂਚਾ ਮੌਜੂਦ ਹੈ, ਜਿਸ ਕਾਰਨ ਇੱਥੋਂ ਦੇ ਕਿਸਾਨ ਸਿੱਧੇ ਤੌਰ ’ਤੇ ਸਿਰਫ਼ ਬਾਰਸ਼ ’ਤੇ ਨਿਰਭਰ ਨਹੀਂ ਹਨ, ਪਰ ‘ਅਲ ਨੀਨੋ’ ਦੇ ਪ੍ਰਭਾਵ ਤੋਂ ਇਹ ਖੇਤਰ ਵੀ ਪੂਰੀ ਤਰ੍ਹਾਂ ਮੁਕਤ ਨਹੀਂ ਰਹਿ ਸਕਦਾ। ਪੰਜਾਬ ਦੇ 5 ਪ੍ਰਮੁੱਖ ਜ਼ਿਲ੍ਹੇ ਬਠਿੰਡਾ, ਮਾਨਸਾ, ਸ੍ਰੀ ਮੁਕਤਸਰ ਸਾਹਿਬ, ਫ਼ਾਜ਼ਿਲਕਾ ਅਤੇ ਫ਼ਿਰੋਜ਼ਪੁਰ ਖ਼ਾਸ ਤੌਰ ’ਤੇ ਨਿਗਰਾਨੀ ਸੂਚੀ ਵਿੱਚ ਹਨ। ਇਸੇ ਤਰ੍ਹਾਂ ਹਰਿਆਣਾ ਦੇ ਫ਼ਤਿਆਬਾਦ, ਹਿਸਾਰ, ਜੀਂਦ ਅਤੇ ਸਿਰਸਾ ਜ਼ਿਲ੍ਹਿਆਂ ’ਤੇ ਵੀ ਤਿੱਖੀ ਨਜ਼ਰ ਰੱਖੀ ਜਾ ਰਹੀ ਹੈ। ਪੰਜਾਬ ਵਿੱਚ ਹਰ ਸਾਲ ਲਗਭਗ 180 ਲੱਖ ਟਨ ਅਤੇ ਹਰਿਆਣਾ ਵਿੱਚ ਕਰੀਬ 60 ਲੱਖ ਟਨ ਝੋਨੇ ਦੀ ਪੈਦਾਵਾਰ ਹੁੰਦੀ ਹੈ। ਇਨ੍ਹਾਂ ਦੋਵਾਂ ਰਾਜਾਂ ਵਿੱਚ 80 ਫ਼ੀਸਦੀ ਤੋਂ ਵੱਧ ਖੇਤੀ ਜ਼ਮੀਨ ਹੇਠਲੇ ਪਾਣੀ (Groundwater) ’ਤੇ ਨਿਰਭਰ ਹੈ। ਜੇਕਰ ਬਾਰਸ਼ ਨਹੀਂ ਹੁੰਦੀ, ਤਾਂ ਕਿਸਾਨ ਫ਼ਸਲ ਬਚਾਉਣ ਲਈ ਦਿਨ-ਰਾਤ ਟਿਊਬਵੈੱਲ ਚਲਾਉਣਗੇ, ਜਿਸ ਨਾਲ ਪਹਿਲਾਂ ਹੀ ਖ਼ਤਰੇ ਦੇ ਨਿਸ਼ਾਨ ਤੋਂ ਹੇਠਾਂ ਜਾ ਚੁੱਕਾ ਪਾਣੀ ਦਾ ਪੱਧਰ ਹੋਰ ਡੂੰਘਾ ਚਲਿਆ ਜਾਵੇਗਾ। ਲਗਾਤਾਰ ਟਿਊਬਵੈੱਲ ਚੱਲਣ ਕਾਰਨ ਰਾਜਾਂ ਵਿੱਚ ਬਿਜਲੀ ਦੀ ਖਪਤ ਰਿਕਾਰਡ ਤੋੜ ਸਤਰ ’ਤੇ ਪਹੁੰਚ ਜਾਵੇਗੀ, ਜਿਸ ਨਾਲ ਨਾ ਸਿਰਫ਼ ਸਰਕਾਰਾਂ ’ਤੇ ਸਬਸਿਡੀ ਦਾ ਬੋਝ ਵਧੇਗਾ, ਬਲਕਿ ਕਿਸਾਨਾਂ ਦੀ ਖੇਤੀ ਲਾਗਤ (Cost of Production) ਵਿੱਚ ਵੀ ਭਾਰੀ ਵਾਧਾ ਹੋਵੇਗਾ।

**ਬਾਸਮਤੀ ਉਦਯੋਗ, ਕਣਕ ਅਤੇ ਚੌਲਾਂ ਦੇ ਭੰਡਾਰਾਂ ’ਤੇ ਮਾਰੂ ਅਸਰ :** ਭਾਰਤ ਦੇ ਮਸ਼ਹੂਰ ਬਾਸਮਤੀ ਚਾਵਲ ਉਦਯੋਗ ਦੀ ਨੀਂਹ ਪੰਜਾਬ, ਹਰਿਆਣਾ ਅਤੇ ਪੱਛਮੀ ਉੱਤਰ ਪ੍ਰਦੇਸ਼ ’ਤੇ ਹੀ ਟਿਕੀ ਹੋਈ ਹੈ। ਉੱਚ ਤਾਪਮਾਨ ਅਤੇ ਪਾਣੀ ਦੀ ਘਾਟ ਕਾਰਨ ਬਾਸਮਤੀ ਦੀ ਗੁਣਵੱਤਾ (Quality) ਅਤੇ ਉਤਪਾਦਨ (Yield) ਦੋਵੇਂ ਬੁਰੀ ਤਰ੍ਹਾਂ ਪ੍ਰਭਾਵਿਤ ਹੋ ਸਕਦੇ ਹਨ, ਜਿਸ ਨਾਲ ਕੌਮਾਂਤਰੀ ਬਾਜ਼ਾਰ ਵਿੱਚ ਭਾਰਤ ਦੀ ਸਾਖ਼ ਅਤੇ ਬਰਾਮਦ (Export) ਨੂੰ ਧੱਕਾ ਲੱਗੇਗਾ। ਇਸ ਤੋਂ ਇਲਾਵਾ, ਸਾਉਣੀ (ਖਰੀਫ਼) ਦੀ ਫ਼ਸਲ ਦੇ ਖ਼ਰਾਬ ਹੋਣ ਦਾ ਸਿੱਧਾ ਅਸਰ ਆਉਣ ਵਾਲੀ ਹਾੜ੍ਹੀ (ਰੱਬੀ) ਦੀ ਫ਼ਸਲ ਯਾਨੀ ਕਣਕ ਦੀ ਬਿਜਾਈ ’ਤੇ ਵੀ ਪੈਂਦਾ ਹੈ। ਜੇਕਰ ਜ਼ਮੀਨ ਵਿੱਚ ਨਮੀ ਦੀ ਕਮੀ ਰਹੀ, ਤਾਂ ਕਣਕ ਦੀ ਬਿਜਾਈ ਪਛੜ ਜਾਵੇਗੀ ਅਤੇ ਉਤਪਾਦਨ ਪ੍ਰਭਾਵਿਤ ਹੋਵੇਗਾ। ਹਾਲਾਂਕਿ, ਇੱਕ ਰਾਹਤ ਦੀ ਗੱਲ ਇਹ ਹੈ ਕਿ ਭਾਰਤ ਕੋਲ ਐਮਰਜੈਂਸੀ ਲੋੜਾਂ ਲਈ ਨਿਰਧਾਰਿਤ ਬਫ਼ਰ ਸਟਾਕ ਨਾਲੋਂ ਲਗਭਗ ਤਿੰਨ ਗੁਣਾ ਵਧੇਰੇ ਅਨਾਜ ਮੌਜੂਦ ਹੈ, ਪਰ ਲਗਾਤਾਰ ਦੋ ਮੌਸਮਾਂ ਦੀ ਮਾਰ ਇਸ ਭੰਡਾਰ ਨੂੰ ਵੀ ਖ਼ਾਲੀ ਕਰ ਸਕਦੀ ਹੈ।

**ਸਮੇਂ ਦੀ ਮੰਗ; ਬਦਲਵੇਂ ਸਿੰਚਾਈ ਤਰੀਕੇ ਅਤੇ ਪਾਣੀ ਦੀ ਬਚਤ :** ਇਸ ਗਲੋਬਲ ਜਲਵਾਯੂ ਸੰਕਟ ਅਤੇ ‘ਅਲ ਨੀਨੋ’ ਦੇ ਖ਼ਤਰੇ ਨਾਲ ਨਜਿੱਠਣ ਲਈ ਸਾਨੂੰ ਪਰੰਪਰਾਗਤ ਖੇਤੀ ਦੇ ਤਰੀਕਿਆਂ ਨੂੰ ਬਦਲ ਕੇ ਆਧੁਨਿਕ ਅਤੇ ਵਿਗਿਆਨਕ ਪਹੁੰਚ ਅਪਣਾਉਣੀ ਪਵੇਗੀ। ਝੋਨੇ ਦੀ ਕੱਦੂ ਕਰਕੇ ਲਵਾਈ ਕਰਨ ਦੀ ਬਜਾਏ ਝੋਨੇ ਦੀ ਸਿੱਧੀ ਬਿਜਾਈ (DSR) ਨੂੰ ਉਤਸ਼ਾਹਿਤ ਕੀਤਾ ਜਾਣਾ ਚਾਹੀਦਾ ਹੈ, ਜੋ 20 ਤੋਂ 25 ਫ਼ੀਸਦੀ ਪਾਣੀ ਬਚਾਉਂਦੀ ਹੈ। ਬਾਗਬਾਨੀ ਅਤੇ ਹੋਰ ਫ਼ਸਲਾਂ ਲਈ ਤੁਪਕਾ (Drip) ਅਤੇ ਫੁਹਾਰਾ (Sprinkler) ਸਿੰਚਾਈ ਪ੍ਰਣਾਲੀ ਦੀ ਵਰਤੋਂ ਲਾਜ਼ਮੀ ਕੀਤੀ ਜਾਵੇ। ਇਸ ਦੇ ਨਾਲ ਹੀ, ਪਿੰਡਾਂ ਦੇ ਟੋਭਿਆਂ ਦਾ ਨਵੀਨੀਕਰਨ ਅਤੇ ਰੇਨ-ਵਾਟਰ ਹਾਰਵੈਸਟਿੰਗ ਸਿਸਟਮਾਂ ਨੂੰ ਵੱਡੇ ਪੱਧਰ ’ਤੇ ਲਾਗੂ ਕਰਕੇ ਵਰਖਾ ਦੇ ਪਾਣੀ ਦੀ ਸੰਭਾਲ ਕਰਨੀ ਬੇਹੱਦ ਜ਼ਰੂਰੀ ਹੈ।

**ਫ਼ਸਲੀ ਵਿਭਿੰਨਤਾ ਅਤੇ ਮੌਸਮ ਅਨੁਸਾਰ ਤਕਨੀਕੀ ਖੇਤੀ :** ਪੰਜਾਬ ਅਤੇ ਹਰਿਆਣਾ ਨੂੰ ਝੋਨੇ-ਕਣਕ ਦੇ ਘਾਤਕ ਫ਼ਸਲੀ ਚੱਕਰ ਵਿੱਚੋਂ ਬਾਹਰ ਨਿਕਲਣਾ ਹੀ ਪਵੇਗਾ। ਸਰਕਾਰ ਨੂੰ ਚਾਹੀਦਾ ਹੈ ਕਿ ਉਹ ਘੱਟ ਪਾਣੀ ਲੈਣ ਵਾਲੀਆਂ ਫ਼ਸਲਾਂ ਜਿਵੇਂ ਕਿ ਮੱਕੀ, ਦਾਲਾਂ, ਤਿਲਹਨ, ਬਾਜਰਾ ਅਤੇ ਕਪਾਹ ’ਤੇ ਮਜ਼ਬੂਤ ਐਮ.ਐਸ.ਪੀ. (MSP) ਅਤੇ ਖ਼ਰੀਦ ਦੀ ਗਾਰੰਟੀ ਦੇਵੇ ਤਾਂ ਜੋ ਕਿਸਾਨ ਬਦਲਵੀਆਂ ਫ਼ਸਲਾਂ ਵੱਲ ਪ੍ਰੇਰਿਤ ਹੋਣ। ਮੌਸਮ ਵਿਭਾਗ ਦੇ ਪੂਰਵ-ਅਨੁਮਾਨਾਂ ਨੂੰ ਹਰ ਪਿੰਡ ਅਤੇ ਕਿਸਾਨ ਤੱਕ ਡਿਜੀਟਲ ਮਾਧਿਅਮਾਂ ਰਾਹੀਂ ਸਮੇਂ ਸਿਰ ਪਹੁੰਚਾਇਆ ਜਾਵੇ। ਕਿਸਾਨਾਂ ਨੂੰ ਅਜਿਹੀਆਂ ਕਿਸਮਾਂ ਦੇ ਬੀਜ ਮੁਹੱਈਆ ਕਰਵਾਏ ਜਾਣ ਜੋ ਘੱਟ ਸਮੇਂ ਵਿੱਚ ਪੱਕਦੀਆਂ ਹੋਣ ਅਤੇ ਸੁੱਕੇ ਦੇ ਪ੍ਰਭਾਵ ਨੂੰ ਸਹਿਣ ਦੀ ਸਮਰੱਥਾ ਰੱਖਦੀਆਂ ਹੋਣ ਤਾਂ ਜੋ ਅਣਕਿਆਸੇ ਨੁਕਸਾਨ ਤੋਂ ਬਚਿਆ ਜਾ ਸਕੇ। ‘ਅਲ ਨੀਨੋ’ ਦੀ ਦਸਤਕ ਮਹਿਜ਼ ਇੱਕ ਮੌਸਮੀ ਬਦਲਾਅ ਨਹੀਂ, ਸਗੋਂ ਕੁਦਰਤ ਵੱਲੋਂ ਮਨੁੱਖਤਾ ਨੂੰ ਦਿੱਤੀ ਗਈ ਇੱਕ ਗੰਭੀਰ ਚੇਤਾਵਨੀ ਹੈ। ਪੰਜਾਬ ਅਤੇ ਹਰਿਆਣਾ ਦੀ ਧਰਤੀ, ਜਿਸ ਨੇ ਹਰੀ ਕ੍ਰਾਂਤੀ ਲਿਆ ਕੇ ਦੇਸ਼ ਦਾ ਪੇਟ ਭਰਿਆ ਸੀ, ਅੱਜ ਖ਼ੁਦ ਜਲਵਾਯੂ ਪਰਿਵਰਤਨ ਦੇ ਚੌਰਾਹੇ ’ਤੇ ਖੜ੍ਹੀ ਹੈ। ਪਾਣੀ ਦੇ ਮੁੱਕ ਰਹੇ ਸਰੋਤ ਅਤੇ ਵਧਦਾ ਤਾਪਮਾਨ ਸਾਡੀ ਆਉਣ ਵਾਲੀ ਪੀੜ੍ਹੀ ਦੇ ਭਵਿੱਖ ’ਤੇ ਸਵਾਲੀਆ ਨਿਸ਼ਾਨ ਲਗਾ ਰਹੇ ਹਨ। ਇਸ ਸੰਕਟ ਵਿੱਚੋਂ ਨਿਕਲਣ ਲਈ ਕਿਸਾਨਾਂ, ਖੇਤੀ ਵਿਗਿਆਨੀਆਂ ਅਤੇ ਸਰਕਾਰਾਂ ਨੂੰ ਸਿਆਸਤ ਤੋਂ ਉੱਪਰ ਉੱਠ ਕੇ ਇੱਕ ਸਾਂਝੀ, ਲੰਬੇ ਸਮੇਂ ਦੀ ਨੀਤੀ ਬਣਾਉਣੀ ਪਵੇਗੀ। ਜੇਕਰ ਅਸੀਂ ਅੱਜ ਕੁਦਰਤ ਦੇ ਇਸ ਇਸ਼ਾਰੇ ਨੂੰ ਨਜ਼ਰਅੰਦਾਜ਼ ਕੀਤਾ, ਤਾਂ ਕੱਲ੍ਹ ਦੇ ਨਤੀਜੇ ਬੇਹੱਦ ਭਿਆਨਕ ਹੋਣਗੇ। ਕੁਦਰਤੀ ਸਰੋਤਾਂ ਦੀ ਸੰਭਾਲ ਅਤੇ ਟਿਕਾਊ ਖੇਤੀ (Sustainable Agriculture) ਹੀ ਹੁਣ ਸਾਡਾ ਇੱਕਮਾਤਰ ਬਚਾਅ ਹੈ।

## ਬੈਂਕ ਲੋਨ ਨੂੰ ਲੈ ਕੇ ਸੁਪਰੀਮ ਕੋਰਟ ਦੀ ਸਖ਼ਤ ਟਿੱਪਣੀ

# 'ਵੱਡੇ ਕਰਜ਼ਦਾਰਾਂ 'ਤੇ ਮਿਹਰਬਾਨ ਤੇ ਆਮ ਲੋਕਾਂ ਦਾ ਉਤਪੀੜਨ'



ਨਵੀਂ ਦਿੱਲੀ , 16 ਜੂਨ (ਪ੍ਰਤੀਨਿਧੀ) : ਸੁਪਰੀਮ ਕੋਰਟ ਨੇ ਦੇਸ਼ ਦੇ ਸਭ ਤੋਂ ਵੱਡੇ ਸਰਕਾਰੀ ਬੈਂਕ ਐਸ.ਬੀ.ਆਈ. ਸਮੇਤ ਹੋਰਨਾਂ ਬੈਂਕਾਂ ਦੀ ਕਾਰਜਪ੍ਰਣਾਲੀ 'ਤੇ ਬੇਹੱਦ ਤਿੱਖੀ ਟਿੱਪਣੀ ਕੀਤੀ ਹੈ। ਅਦਾਲਤ ਨੇ ਕਿਹਾ ਕਿ ਬੈਂਕ ਆਮ ਜਨਤਾ ਨੂੰ ਛੋਟਾ ਲੋਨ ਦੇਣ ਦੇ ਨਾਂ 'ਤੇ ਉਨ੍ਹਾਂ ਦਾ 'ਉਤਪੀੜਨ' (ਪ੍ਰੇਸ਼ਾਨ) ਕਰਦੇ ਹਨ, ਜਦਕਿ ਵੱਡੇ-ਵੱਡੇ ਉਦਯੋਗਪਤੀਆਂ ਅਤੇ ਕੰਪਨੀਆਂ ਨੂੰ ਬਿਨਾਂ ਸੋਚੇ-ਸਮਝੇ ਕਰੋੜਾਂ-ਅਰਬਾਂ ਦਾ ਲੋਨ ਵੰਡ ਦਿੰਦੇ ਹਨ, ਜੋ ਬਾਅਦ 'ਚ ਡੁੱਬ ਜਾਂਦਾ ਹੈ। ਮਾਮਲੇ ਦੀ ਸੁਣਵਾਈ ਦੌਰਾਨ ਜਸਟਿਸ ਅਹਿਸਾਨੁਦੀਨ ਅਮਾਨੁੱਲਾ ਅਤੇ ਜਸਟਿਸ ਆਰ. ਮਹਾਦੇਵਨ ਦੇ ਬੈਂਚ ਨੇ ਕਿਹਾ ਕਿ ਬੈਂਕਿੰਗ ਸੈਕਟਰ 'ਚ ਇੱਕ ਬਹੁਤ ਹੀ ਚਿੰਤਾਜਨਕ ਰੁਝਾਨ ਦੇਖਣ ਨੂੰ ਮਿਲ ਰਿਹਾ ਹੈ। ਆਮ ਆਦਮੀ ਨੂੰ ਆਪਣੀਆਂ ਨਿੱਜੀ ਲੋੜਾਂ ਲਈ ਛੋਟਾ ਲੋਨ ਲੈਣ ਵੇਲੇ ਨਾਕ ਚਣੇ ਚਬਾਉਣੇ ਪੈਂਦੇ ਹਨ, ਜਦਕਿ ਵੱਡੇ ਲੋਨ ਬਿਨਾਂ ਕਿਸੇ ਸਹੀ ਜਾਂਚ-ਪੜਤਾਲ ਦੇ ਪਾਸ ਕਰ ਦਿੱਤੇ ਜਾਂਦੇ ਹਨ। ਦੱਸ ਦੇਈਏ ਕਿ ਇਹ ਪੂਰਾ ਮਾਮਲਾ ਹਰਿਆਣਾ ਦੀ ਇੱਕ ਕੰਪਨੀ ਨਾਲ ਜੁੜਿਆ ਹੋਇਆ ਹੈ, ਜਿਸ ਨੇ ਸਾਲ 2019 'ਚ ਐਸ.ਬੀ.ਆਈ. ਤੋਂ 8.09 ਕਰੋੜ ਰੁਪਏ ਦਾ ਲੋਨ ਲਿਆ ਸੀ। ਲੋਨ ਮਿਲਦਿਆਂ ਹੀ ਕੰਪਨੀ ਨੇ ਇੱਕ ਵੀ ਕਿਸ਼ਤ ਵਾਪਸ ਨਹੀਂ ਕੀਤੀ ਅਤੇ ਕੁਝ ਹੀ ਮਹੀਨਿਆਂ 'ਚ ਉਸ ਦਾ ਖਾਤਾ ਐਨ.ਪੀ.ਏ. ਘੋਸ਼ਿਤ ਹੋ ਗਿਆ। ਹੁਣ 6 ਸਾਲਾਂ ਬਾਅਦ ਕੰਪਨੀ ਅਦਾਲਤ 'ਚ ਆ ਕੇ ਕਹਿ ਰਹੀ ਸੀ ਕਿ ਉਹ ਸਿਰਫ਼ ਮੂਲ ਰਕਮ ਚੁਕਾਉਣ ਲਈ ਤਿਆਰ ਹੈ। ਅਦਾਲਤ ਨੇ ਕੰਪਨੀ ਦੀ ਇਸ ਮੰਗ ਨੂੰ ਬਹੁਤ ਘੱਟ ਅਤੇ ਬਹੁਤ ਦੇਰ ਨਾਲ ਆਈ ਦੱਸਦਿਆਂ ਖਾਰਜ ਕਰ ਦਿੱਤਾ। ਅਦਾਲਤ ਨੇ ਬੈਂਕ ਨੂੰ ਕੰਪਨੀ ਦੀ ਜਾਇਦਾਦ ਜ਼ਬਤ ਕਰਨ ਦੀ ਖੁੱਲ੍ਹ ਦੇ ਦਿੱਤੀ, ਪਰ ਨਾਲ ਹੀ ਬੈਂਕ ਦੇ ਅਧਿਕਾਰੀਆਂ ਨੂੰ ਵੀ ਕਟਹਿਰੇ 'ਚ ਖੜ੍ਹਾ ਕੀਤਾ। ਅਦਾਲਤ ਨੇ ਸਾਫ਼ ਕੀਤਾ ਕਿ ਉਹ ਨਿਯਮਾਂ ਨੂੰ ਢਿੱਲਾ ਕਰਨ ਲਈ ਨਹੀਂ ਕਹਿ ਰਹੇ, ਪਰ ਲੋਨ ਦੇਣ ਅਤੇ ਉਸ ਨੂੰ ਵਾਪਸ ਵਸੂਲਣ (ਰਿਕਵਰੀ) ਦੀ ਪ੍ਰਕਿਰਿਆ ਨੂੰ ਆਸਾਨ, ਨਿਰਪੱਖ ਅਤੇ ਮਾਨਵੀ ਬਣਾਇਆ ਜਾਣਾ ਚਾਹੀਦਾ ਹੈ। ਖ਼ਾਸ ਕਰਕੇ ਆਰਥਿਕ ਤੌਰ 'ਤੇ ਕਮਜ਼ੋਰ ਵਰਗ ਦੇ ਲੋਕਾਂ ਨੂੰ ਇਸ ਦਾ ਸਭ ਤੋਂ ਵੱਧ ਫ਼ਾਇਦਾ ਮਿਲਣਾ ਚਾਹੀਦਾ ਹੈ।

# ਗੁਰੂ ਅਰਜਨ ਦੇਵ ਜੀ ਨੇ ਆਦਿ ਗ੍ਰੰਥ ਦੀ ਸੰਪਾਦਨਾ ਕਰ ਕੇ ਸਾਡੀ ਝੋਲੀ ਗੁਰਬਾਣੀ ਦੀ ਦਾਤ ਪਾਈ: ਹਰਮੀਤ ਸਿੰਘ ਕਾਲਕਾ

## ਗੁ. ਸ੍ਰੀ ਗੁਰੂ ਸਿੰਘ ਸਭਾ ਬੀ ਬਲਾਕ ਕਾਲਕਾ ਜੀ 'ਚ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਗੁਰਮਤਿ ਸਮਾਗਮ ਆਯੋਜਿਤ





ਫੋਟੋਆਂ: ਹਰਸਿਮਰਨ ਸਿੰਘ

ਨਵੀਂ ਦਿੱਲੀ, 16 ਜੂਨ (ਅੰਮ੍ਰਿਤਪਾਲ ਸਿੰਘ) : ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸਰਦਾਰ ਹਰਮੀਤ ਸਿੰਘ ਕਾਲਕਾ ਨੇ ਕਿਹਾ ਹੈ ਕਿ ਪੰਜਵੇਂ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਆਦਿ ਗ੍ਰੰਥ ਦੀ ਸੰਪਾਦਨਾ ਕਰ ਕੇ ਸਾਡੀ ਝੋਲੀ ਗੁਰਬਾਣੀ ਦੀ ਦਾਤਿ ਪਾਈ ਹੈ ਤੇ ਦਸਵੇਂ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਨੇ ਇਸ ਵਿਚ ਹੋਰ ਬਾਣੀ ਜੋੜ ਕੇ ਸਾਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਲੜ ਲਾਇਆ।

ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਬੀ ਬਲਾਕ ਕਾਲਕਾ ਜੀ ਵਿਚ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਪੁਰਬ ਦੇ ਮੌਕੇ ਗੁਰਮਤਿ ਸਮਾਗਮ ਵਿਚ ਜੁੜੀ ਸੰਗਤ ਨੂੰ ਸੰਬੋਧਨ ਕਰਦਿਆਂ ਸਰਦਾਰ ਹਰਮੀਤ ਸਿੰਘ ਕਾਲਕਾ ਨੇ ਕਿਹਾ ਕਿ ਗੁਰੂ ਸਾਹਿਬ ਨੇ ਆਪਣੇ ਤੋਂ ਪਹਿਲੇ ਚਾਰ ਗੁਰੂ ਸਾਹਿਬਾਨ, ਆਪਣੀ ਖੁਦ ਦੀ ਬਾਣੀ ਤੇ ਭਗਤਾਂ ਤੇ ਭੱਟਾਂ ਦੀ ਬਾਣੀ ਦੀ ਸੰਪਾਦਨਾ ਕਰ ਕੇ ਆਦਿ ਗ੍ਰੰਥ ਦੀ ਰਚਨਾ ਕੀਤੀ। ਉਹਨਾਂ ਕਿਹਾ ਕਿ ਦਸਵੇਂ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਨੇ ਇਸ ਵਿਚ ਹੋਰ ਗੁਰਬਾਣੀ ਜੋੜ ਕੇ ਸਾਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਲੜ ਲਾਇਆ ਤੇ ਸਿੱਖ ਪੰਥ ਨੂੰ ਹੁਕਮ ਦਿੱਤਾ ਕਿ ਅਸੀਂ ਸਿਰਫ ਤੇ ਸਿਰਫ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਹੀ ਆਪਣਾ ਗੁਰੂ ਮੰਨਣਾ ਹੈ ਤੇ ਕਿਹਾ ਕਿ "ਸਭ ਸਿੱਖਨ ਕੋ ਹੁਕਮ ਹੈ, ਗੁਰੂ ਮਾਨਿਓ ਗ੍ਰੰਥ" ਉਹਨਾਂ ਕਿਹਾ ਕਿ ਇਹ ਗੁਰੂ ਅਰਜਨ ਦੇਵ ਜੀ ਦਾ ਦ੍ਰਿੜ ਨਿਸ਼ਚਾ ਸੀ ਜੋ ਉਹਨਾਂ ਨੇ ਮੁਗਲਾਂ ਦੀ ਈਨ ਨਾ ਮੰਨੀ ਅਤੇ ਪਰਮਾਤਮਾ ਦਾ ਨਾਮ ਜਪਦੇ ਹੋਏ ਆਪਣੀ ਸ਼ਹਾਦਤ ਦਿੱਤੀ।

ਉਹਨਾਂ ਕਿਹਾ ਕਿ ਅੱਜ ਅਸੀਂ ਸਾਰੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਆਪਣਾ ਸਭ ਕੁਝ ਮੰਨਦੇ ਹਾਂ ਤੇ ਗੁਰੂ ਸਾਹਿਬ ਦੇ ਆਸਰੇ ਹੀ ਇਸ ਭਵ ਸਾਗਰ ਤੋਂ ਪਾਰ ਲੰਘਿਆ ਜਾ ਸਕਦਾ ਹੈ। ਉਹਨਾਂ ਕਿਹਾ ਕਿ ਇਹ ਅਨਮੋਲ ਖ਼ਜ਼ਾਨਾ ਦੁਨੀਆਂ ਦੇ ਕਿਸੇ ਹੋਰ ਧਰਮ ਕੋਲ ਨਹੀਂ ਜੋ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸਾਨੂੰ ਦਿੱਤਾ। ਉਹਨਾਂ ਕਿਹਾ ਕਿ ਗੁਰੂ ਸਾਹਿਬ ਜੀ ਦੇ ਸ਼ਹੀਦੀ ਦਿਹਾੜੇ ਦੇ ਮੌਕੇ 'ਤੇ ਸੰਗਤਾਂ ਪਿਛਲੇ 40 ਦਿਨਾਂ ਤੋਂ ਗੁਰੂ ਕੀ ਇਲਾਹੀ ਬਾਣੀ ਦਾ ਜਾਪ ਕਰ ਰਹੀਆਂ ਹਨ ਪਰ ਅਸੀਂ ਜੀਵਨ ਵਿਚ ਤਾਂ ਹੀ ਸਫਲ ਮੰਨੇ ਜਾ ਸਕਦੇ ਹਾਂ ਜੇਕਰ ਅਸੀਂ ਆਪਣੇ ਬੱਚਿਆਂ ਨੂੰ ਗੁਰਸਿੱਖੀ ਜੀਵਨ ਨਾਲ ਜੋੜੀਏ ਤੇ ਉਹਨਾਂ ਨੂੰ ਦਸਤਾਰ ਸਜਾਉਣ, ਪੰਜ ਕੱਕਾਰ ਧਾਰਨ ਕਰਨ ਤੇ ਗੁਰੂ ਸਾਹਿਬ ਦੇ ਉਪਦੇਸ਼ ਅਨੁਸਾਰ ਜੀਵਨ ਬਤੀਤ ਕਰਨ ਵੱਲ ਸੇਧਤ ਕਰੀਏ। ਉਹਨਾਂ ਕਿਹਾ ਕਿ ਨੌਜਵਾਨ ਪੀੜੀ ਨੂੰ ਗੁਰਬਾਣੀ ਨਾਲ ਜੋੜਨਾ ਹੀ ਸਭ ਤੋਂ ਵੱਡੀ ਸੇਵਾ ਤੇ ਜ਼ਿੰਮੇਵਾਰੀ ਸਾਡੀ ਬਣਦੀ ਹੈ ਜੋ ਸਾਨੂੰ ਹਰ ਹਾਲਤ ਵਿਚ ਨਿਭਾਉਣੀ ਚਾਹੀਦੀ ਹੈ। ਉਹਨਾਂ ਨੇ ਇਸਤਰੀ ਸਤਿਸੰਗ ਦੀਆਂ ਮੈਂਬਰਾਂ ਦੀ ਵੀ ਸਿਫਤ ਕੀਤੀ ਜੋ ਗੁਰਬਾਣੀ ਦਾ ਜਾਪ ਕਰ ਰਹੀਆਂ ਹਨ। ਇਸ ਮੌਕੇ ਬੀਬੀ ਨਰਿੰਦਰ ਕੌਰ ਪ੍ਰਧਾਨ, ਸਟੇਜ ਸਕੱਤਰ ਮਨਜੀਤ ਕੌਰ ਤੇ ਸਮੁੱਚੀ ਟੀਮ ਦਾ ਵੀ ਉਹਨਾਂ ਨੇ ਧੰਨਵਾਦ ਕੀਤਾ।

# ਰੇਲਗੱਡੀ 'ਚ ਸੀਟ ਨਾ ਮਿਲਣ ਕਾਰਨ ਵਿਅਕਤੀ ਨੇ ਫੈਲਾਈ ਬੰਬ ਦੀ ਝੂਠੀ ਅਫ਼ਵਾਹ

ਲਖਨਊ , 16 ਜੂਨ (ਪ੍ਰਤੀਨਿਧੀ) : ਮੰਗਲਵਾਰ ਨੂੰ ਲਖਨਊ ਦੇ ਐਸ਼ਬਾਗ਼ ਰੇਲਵੇ ਸਟੇਸ਼ਨ ਤੇ ਉਸ ਸਮੇਂ ਹਾਫੜਾਦਫੜੀ ਮੱਚ ਗਈ, ਜਦੋਂ ਇੱਕ ਵਿਅਕਤੀ ਨੇ ਰੇਲਗੱਡੀ ਵਿਚ ਬੰਬ ਹੋਣ ਦੀ ਝੂਠੀ ਅਫ਼ਵਾਹ ਫੈਲਾਅ ਦਿੱਤੀ। ਪੁਲਿਸ ਅਧਿਕਾਰੀਆਂ ਨੇ ਦੱਸਿਆ ਕਿ ਵੱਖ-ਵੱਖ ਏਜੇਂਸੀਆਂ ਵੱਲੋਂ ਮੌਕੇ ਤੇ ਸੁਰੱਖਿਆ ਜਾਂਚ ਕੀਤੀ ਗਈ।

ਲਖਨਊ ਪੁਲਿਸ ਅਨੁਸਾਰ ਦੋਸ਼ੀ ਦੀ ਪਹਿਚਾਣ ਸੈਣੀ ਜੈਕੀ (26) ਵਜੋਂ ਹੋਈ ਹੈ, ਜੋ ਤਿਲੰਗਾਨਾ ਦਾ ਰਹਿਣ ਵਾਲਾ ਹੈ। ਪੁਲਿਸ ਨੇ ਦੱਸਿਆ ਕੇ ਉਸ ਨੇ ਇਹ ਕਦਮ ਇਸ ਲਈ ਚੁਕਿਆ ਕਿਉਂਕਿ ਉਸ ਨੂੰ ਰੇਲਗੱਡੀ ਵਿਚ ਬੈਠਣ ਲਈ ਥਾਂ ਨਹੀਂ ਮਿਲ ਰਹੀ ਸੀ। ਸੂਚਨਾ ਮਿਲਣ ਤੋਂ ਬਾਅਦ ਸਥਾਨਕ ਪੁਲਿਸ, ਸਰਕਾਰੀ ਰੇਲਵੇ ਪੁਲਿਸ (ਜੀ.ਆਰ.ਪੀ.) ਅਤੇ ਹੋਰ ਸੁਰੱਖਿਆ ਏਜੇਂਸੀਆਂ ਵਲੋਂ ਮੌਕੇ ਤੇ ਪਹੁੰਚ ਕੇ ਗੱਡੀ ਦੇ ਸਾਰੇ ਡੱਬਿਆਂ ਦੀ ਬਾਰੀਕੀ ਨਾਲ ਜਾਂਚ ਕੀਤੀ ਗਈ ਹੈ।

ਪੁਲਿਸ ਨੇ ਕਿਹਾ,'ਜਾਂਚ ਦੌਰਾਨ ਕੋਈ ਵੀ ਸ਼ੱਕੀ ਵਸਤੂ ਜਾਂ ਵਿਸਫੋਟਕ ਸਮੱਗਰੀ ਨਹੀਂ ਮਿਲੀ, ਬੰਬ ਸਬੰਧੀ ਫੈਲਾਈ ਗਈ ਸਾਰੀ ਜਾਣਕਾਰੀ ਪੂਰੀ ਤਰਾਂ ਝੂਠੀ ਸਾਬਿਤ ਹੋਈ।"

ਇਸ ਤੋਂ ਬਾਅਦ ਰੇਲਗੱਡੀ ਨੂੰ ਪੂਰਨ ਤੌਰ ਤੇ ਸੁਰੱਖਿਅਤ ਐਲਾਨ ਦਿੱਤਾ ਗਿਆ ਅਤੇ ਯਾਤਰਾ ਜਾਰੀ ਰੱਖਣ ਦੀ ਇਜਾਜ਼ਤ ਦੇ ਦਿੱਤੀ ਗਈ। ਰੇਲਵੇ ਪੁਲਿਸ ਅਧਿਕਾਰੀਆਂ ਨੇ ਦੱਸਿਆ ਕਿ ਦੋਸ਼ੀ ਹਿਰਾਸਤ ਵਿਚ ਹੈ ਅਤੇ ਉਸ ਖ਼ਿਲਾਫ਼ ਕਾਨੂੰਨੀ ਕਾਰਵਾਈ ਸ਼ੁਰੂ ਕਰ ਦਿੱਤੀ ਗਈ ਹੈ। ਜ਼ਿਕਰਯੋਗ ਹੈ ਕਿ ਇਹ ਘਟਨਾ ਲਖਨਊ ਤੋਂ ਦਿੱਲੀ ਜਾ ਰਹੀ ਇਕ ਇੰਡੀਗੋ ਉਡਾਣ ਨੂੰ ਮਿਲੀ ਝੂਠੀ ਬੰਬ ਧਮਕੀ ਦੇ ਕੁਝ ਦਿਨਾਂ ਬਾਅਦ ਸਾਹਮਣੇ ਆਈ ਹੈ। ਉਸ ਧਮਕੀ ਕਾਰਨ ਉਡਾਣ ਲਗਪਗ ਛੇ ਘੰਟੇ ਦੇਰੀ ਨਾਲ ਰਵਾਨਾ ਹੋਈ ਅਤੇ ਯਾਤਰੀਆਂ ਵਿਚ ਦਹਿਸ਼ਤ ਫੈਲ ਗਈ ਸੀ।

# ਏਅਰ ਫੋਰਸ ਅਧਿਕਾਰੀ ਦੀ ਪਤਨੀ ਨਾਲ ਜਬਰ-ਜਨਾਹ, ਬਲੈਕਮੇਲਿੰਗ ਅਤੇ ਜਬਰੀ ਧਰਮ ਪਰਿਵਰਤਨ; ਦੋ ਕਾਬੂ

## ਵੀਡੀਓ ਵਾਇਰਲ ਹੋਣ ਮਗਰੋਂ ਮਾਮਲਾ ਗਰਮਾਇਆ; ਨਸ਼ੀਲਾ ਪਦਾਰਥ ਪਿਲਾ ਕੇ ਬਣਾਏ ਇਤਰਾਜ਼ਯੋਗ ਚਿੱਤਰ

ਨਾਗਪੁਰ, 16 ਜੂਨ (ਪ੍ਰਤੀਨਿਧੀ) : ਮਹਾਰਾਸ਼ਟਰ ਦੇ ਨਾਗਪੁਰ ਸ਼ਹਿਰ ਵਿੱਚ ਇੱਕ 24 ਸਾਲਾ ਵਿਆਹੁਤਾ ਔਰਤ, ਜੋ ਕਿ ਭਾਰਤੀ ਹਵਾਈ ਫੌਜ ਦੇ ਅਧਿਕਾਰੀ ਦੀ ਪਤਨੀ ਹੈ, ਨਾਲ ਜਬਰ-ਜਨਾਹ, ਬਲੈਕਮੇਲਿੰਗ, ਲੱਖਾਂ ਰੁਪਏ ਦੀ ਫਿਰੌਤੀ ਵਸੂਲਣ ਅਤੇ ਜਬਰੀ ਧਰਮ ਪਰਿਵਰਤਨ ਕਰਵਾਉਣ ਦਾ ਬੇਹੱਦ ਸੰਵੇਦਨਸ਼ੀਲ ਅਤੇ ਝੰਜੋੜ ਦੇਣ ਵਾਲਾ ਮਾਮਲਾ ਸਾਹਮਣੇ ਆਇਆ ਹੈ। ਇਸ ਸਬੰਧੀ ਸੋਸ਼ਲ ਮੀਡੀਆ 'ਤੇ ਇੱਕ ਵੀਡੀਓ ਵਾਇਰਲ ਹੋਣ ਤੋਂ ਬਾਅਦ ਪੁਲਿਸ ਨੇ ਮੁਸਤੈਦੀ ਦਿਖਾਉਂਦਿਆਂ ਦੋ ਮੁੱਖ ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕਰ ਲਿਆ ਹੈ। ਵਾਇਰਲ ਵੀਡੀਓ ਵਿੱਚ ਪੀੜਤ ਔਰਤ ਜਬਰੀ ਧਰਮ ਪਰਿਵਰਤਨ ਦੇ ਨਾਂ 'ਤੇ ਕਰਵਾਈਆਂ ਜਾ ਰਹੀਆਂ ਰਸਮਾਂ ਦੌਰਾਨ ਮੁਲਜ਼ਮਾਂ ਅੱਗੇ ਖ਼ੁਦ ਨੂੰ ਛੱਡ ਦੇਣ ਲਈ ਮਿੰਨਤਾਂ-ਤਰਲੇ ਕਰਦੀ ਸਾਫ਼ ਦਿਖਾਈ ਦੇ ਰਹੀ ਹੈ।ਪੁਲਿਸ ਵੱਲੋਂ ਗ੍ਰਿਫ਼ਤਾਰ ਕੀਤੇ ਗਏ ਮੁਲਜ਼ਮਾਂ ਦੀ ਪਛਾਣ ਅਯਾਜ਼ ਤਾਜ ਮਦਾਰੇ ਅਤੇ ਅਮੀਨ ਸ਼ੇਖ ਵਜੋਂ ਹੋਈ ਹੈ। ਪੁਲਿਸ



ਮੁਤਾਬਕ ਪੀੜਤਾ ਨੇ ਆਪਣੀ ਸ਼ਿਕਾਇਤ ਵਿੱਚ ਦੱਸਿਆ ਕਿ ਮੁੱਖ ਮੁਲਜ਼ਮ ਅਯਾਜ਼ ਮਦਾਰੇ, ਜੋ ਉਸ ਦੇ ਸਕੂਲ ਵੇਲੇ ਦਾ ਜਾਣੂ ਸੀ, ਨੇ ਜਾਇਦਾਦ ਦੇ ਇੱਕ ਵਿਵਾਦ ਨੂੰ ਸੁਲਝਾਉਣ ਦੇ ਬਹਾਨੇ ਉਸ ਨਾਲ ਦੁਬਾਰਾ ਸੰਪਰਕ ਬਣਾਇਆ ਸੀ। ਫਰਵਰੀ 2025 ਵਿੱਚ ਨਾਗਪੁਰ ਦੇ ਇੱਕ ਹੋਟਲ ਵਿੱਚ ਮੀਟਿੰਗ ਦੌਰਾਨ ਮੁਲਜ਼ਮ ਨੇ ਉਸ ਨੂੰ ਕੋਈ ਨਸ਼ੀਲਾ ਪਦਾਰਥ ਪਿਲਾ ਦਿੱਤਾ ਅਤੇ ਉਸ ਦੀ ਸਹਿਮਤੀ ਤੋਂ ਬਿਨਾਂ ਉਸ ਦੀਆਂ ਅਸ਼ਲੀਲ ਅਤੇ ਇਤਰਾਜ਼ਯੋਗ ਤਸਵੀਰਾਂ ਤੇ ਵੀਡੀਓ ਰਿਕਾਰਡ ਕਰ ਲਈਆਂ।ਬਾਅਦ ਵਿੱਚ ਮੁਲਜ਼ਮਾਂ ਨੇ ਇਨ੍ਹਾਂ ਵੀਡੀਓਜ਼ ਦੇ ਅਧਾਰ 'ਤੇ ਔਰਤ ਨੂੰ ਬਲੈਕਮੇਲ ਕਰਨਾ ਸ਼ੁਰੂ ਕਰ ਦਿੱਤਾ ਅਤੇ ਧਮਕੀ ਦਿੱਤੀ ਕਿ ਜੇਕਰ ਉਸ ਨੇ ਉਨ੍ਹਾਂ ਦੀ ਗੱਲ ਨਾ ਮੰਨੀ ਤਾਂ ਇਹ ਵੀਡੀਓ ਸੋਸ਼ਲ ਮੀਡੀਆ 'ਤੇ ਵਾਇਰਲ ਕਰ ਦਿੱਤੀ ਜਾਵੇਗੀ ਅਤੇ ਨਾਗਪੁਰ ਤੋਂ ਬਾਹਰ ਤਾਇਨਾਤ ਉਸ ਦੇ ਹਵਾਈ ਫੌਜ ਅਧਿਕਾਰੀ ਪਤੀ ਨੂੰ ਭੇਜ ਦਿੱਤੀ ਜਾਵੇਗੀ। ਡਿਪਟੀ ਕਮਿਸ਼ਨਰ ਆਫ਼ ਪੁਲਿਸ(ਜ਼ੋਨ 1), ਨਾਗਪੁਰ ਰੁਸ਼ੀਕੇਸ਼ ਰੈੱਡੀ ਨੇ ਕਿਹਾ, ਪੀੜਤ ਔਰਤ ਦੀ ਸ਼ਿਕਾਇਤ ਦੇ ਅਧਾਰ 'ਤੇ ਸੋਨੇਗਾਓਂ ਪੁਲਿਸ ਸਟੇਸ਼ਨ ਵਿੱਚ ਜਬਰ-ਜਨਾਹ, ਅਪਰਾਧਿਕ ਧਮਕੀ, ਜਬਰਨ ਉਗਰਾਹੀ ਸਮੇਤ ਮਹਾਰਾਸ਼ਟਰ ਦੇ ਅੰਧਵਿਸ਼ਵਾਸ ਅਤੇ ਕਾਲਾ ਜਾਦੂ ਵਿਰੋਧੀ ਕਾਨੂੰਨ ਦੀਆਂ ਸਖ਼ਤ ਧਾਰਾਵਾਂ ਤਹਿਤ ਕੇਸ ਦਰਜ ਕੀਤਾ ਗਿਆ ਹੈ। ਦੋ ਮੁਲਜ਼ਮਾਂ ਨੂੰ ਕਾਬੂ ਕਰ ਲਿਆ ਗਿਆ ਹੈ ਅਤੇ ਮੋਬਾਈਲ ਫੋਨਾਂ ਤੋਂ ਬਰਾਮਦ ਡਿਜੀਟਲ ਸਬੂਤਾਂ ਦੀ ਜਾਂਚ ਕੀਤੀ ਜਾ ਰਹੀ ਹੈ।

# ਏਅਰ ਇੰਡੀਆ ਐਕਸਪ੍ਰੈਸ 'ਚ ਆਈ ਤਕਨੀਕੀ ਖ਼ਰਾਬੀ, ਕਰਵਾਉਣੀ ਪਈ ਐਮਰਜੈਂਸੀ ਲੈਂਡਿੰਗ

ਕਨੂੰਰ (ਕੇਰਲ), 16 ਜੂਨ (ਪ੍ਰਤੀਨਿਧੀ) : ਕਨੂੰਰ ਤੋਂ ਜੇਦਾਹ ਜਾ ਰਹੀ ਏਅਰ ਇੰਡੀਅਨ ਐਕਸਪ੍ਰੈੱਸ ਦੀ ਇਕ ਉਡਾਣ ਜਹਾਜ਼ ਦੇ ਇੰਜਣ 'ਚ ਖ਼ਰਾਬੀ ਕਾਰਨ ਮੰਗਲਵਾਰ ਨੂੰ ਰਵਾਨਾ ਹੋਣ ਦੇ 2 ਘੰਟਿਆਂ ਅੰਦਰ ਹੀ ਵਾਪਸ ਆ ਗਈ। ਏਅਰਪੋਰਟ ਦੇ ਸੂਤਰਾਂ ਨੇ ਇਹ ਜਾਣਕਾਰੀ ਦਿੱਤੀ। ਸੂਤਰਾਂ ਨੇ ਦੱਸਿਆ ਕਿ 180 ਤੋਂ ਵੱਧ ਯਾਤਰੀਆਂ ਨੂੰ ਲੈ ਕੇ ਇਸ ਜਹਾਜ਼ ਨੇ ਸਵੇਰੇ 7.40 ਵਜੇ ਕਨੂੰਰ ਹਵਾਈ ਅੱਡੇ ਤੋਂ ਉਡਾਣ ਭਰੀ ਸੀ ਪਰ ਉਡਾਣ ਦੇ ਲਗਭਗ 2 ਘੰਟਿਆਂ ਬਾਅਦ ਪਾਇਲਟ ਨੇ ਇੰਜਣ ਦੀ ਚਿਤਾਵਨੀ ਵਾਲੀ ਲਾਈਟ (ਇੰਜਣ ਵਾਰਨਿੰਗ ਲਾਈਟ) ਜਗਦੀ ਦੇਖੀ ਅਤੇ ਵਾਪਸ ਆਉਣ ਦਾ ਫੈਸਲਾ ਕੀਤਾ।ਉਨ੍ਹਾਂ ਕਿਹਾ,"ਉਡਾਣ ਕਨੂੰਰ 'ਚ ਸੁਰੱਖਿਅਤ ਰੂਪ ਨਾਲ ਉਤਰ ਗਈ ਅਤੇ ਸਾਰੇ ਯਾਤਰੀ ਠੀਕ ਹਨ।"

# ਦੇਸ਼ ਭਰ 'ਚ 'ਟੈਲੀਗ੍ਰਾਮ' ਐਪ 'ਤੇ ਅਸਥਾਈ ਪਾਬੰਦੀ; ਨੀਟ ਪੇਪਰ ਲੀਕ ਗਰੋਹਾਂ 'ਤੇ ਵੱਡੀ ਕਾਰਵਾਈ !

ਨਵੀਂ ਦਿੱਲੀ, 16 ਜੂਨ (ਅੰਮ੍ਰਿਤਪਾਲ ਸਿੰਘ) : ਦੇਸ਼ ਦੀ ਸਭ ਤੋਂ ਵਧੇਰੇ ਚਰਚਿਤ ਮੈਡੀਕਲ ਪ੍ਰਵੇਸ਼ ਪ੍ਰੀਖਿਆ 'ਨੀਟ ਯੂਜੀ 2026' (ਨੀਟ ਯੂ.ਜੀ.) ਦੀ ਦੁਬਾਰਾ ਹੋਣ ਜਾ ਰਹੀ ਪ੍ਰੀਖਿਆ ਤੋਂ ਪਹਿਲਾਂ ਕੇਂਦਰ ਸਰਕਾਰ ਨੇ ਇੱਕ ਬੇਹੱਦ ਵੱਡਾ ਅਤੇ ਸਖ਼ਤ ਕਦਮ ਚੁੱਕਿਆ ਹੈ। ਪੇਪਰ ਲੀਕ ਕਰਨ ਵਾਲੇ ਸੰਗਠਿਤ ਨੈੱਟਵਰਕ ਅਤੇ ਸਾਈਬਰ ਠੱਗਾਂ ਵੱਲੋਂ ਮੈਸੇਜਿੰਗ ਐਪ 'ਟੈਲੀਗ੍ਰਾਮ' ਦੀ ਵੱਡੇ ਪੱਧਰ 'ਤੇ ਹੋ ਰਹੀ ਦੁਰਵਰਤੋਂ ਨੂੰ ਦੇਖਦਿਆਂ, ਇਲੈਕਟ੍ਰਾਨਿਕਸ ਅਤੇ ਸੂਚਨਾ ਤਕਨਾਲੋਜੀ ਮੰਤਰਾਲੇ ਨੇ ਭਾਰਤ ਵਿੱਚ ਟੈਲੀਗ੍ਰਾਮ 'ਤੇ ਅਸਥਾਈ ਤੌਰ 'ਤੇ ਪਾਬੰਦੀ ਲਗਾ ਦਿੱਤੀ ਹੈ। ਨੈਸ਼ਨਲ ਟੈਸਟਿੰਗ ਏਜੰਸੀ ਮੁਤਾਬਕ ਧੋਖੇਬਾਜ਼ ਇਸ ਪਲੇਟਫਾਰਮ ਰਾਹੀਂ ਫ਼ਰਜ਼ੀ ਪੇਪਰ ਵੇਚ ਰਹੇ ਸਨ ਅਤੇ ਵਿਦਿਆਰਥੀਆਂ ਨੂੰ ਗੁੰਮਰਾਹ ਕਰ ਰਹੇ ਸਨ।ਸਰਕਾਰ ਵੱਲੋਂ ਇਸ ਮਾਮਲੇ ਵਿੱਚ ਦੋ ਵੱਖ-ਵੱਖ ਦਿਸ਼ਾ-ਨਿਰਦੇਸ਼ ਜਾਰੀ ਕੀਤੇ ਗਏ ਹਨ। ਪਹਿਲੇ ਫੈਸਲੇ ਤਹਿਤ ਸੂਚਨਾ




2000 ਦੀ ਧਾਰਾ 69-ਏ ਦੇ ਤਹਿਤ 22 ਜੂਨ 2026 ਤੱਕ ਭਾਰਤ ਵਿੱਚ ਟੈਲੀਗ੍ਰਾਮ ਦੀ ਵਰਤੋਂ 'ਤੇ ਪੂਰੀ ਰੋਕ ਲਗਾ ਦਿੱਤੀ ਗਈ ਹੈ, ਤਾਂ ਜੋ 21 ਜੂਨ ਨੂੰ ਹੋਣ ਵਾਲੀ ਨੀਟ ਪ੍ਰੀਖਿਆ ਨੂੰ ਪੂਰੀ ਤਰ੍ਹਾਂ ਸੁਰੱਖਿਅਤ ਰੱਖਿਆ ਜਾ ਸਕੇ। ਦੂਜੇ ਨਿਰਦੇਸ਼ ਤਹਿਤ ਟੈਲੀਗ੍ਰਾਮ ਨੂੰ ਹੁਕਮ ਦਿੱਤਾ ਗਿਆ ਹੈ ਕਿ ਉਹ 30 ਜੂਨ ਤੱਕ ਭਾਰਤ ਵਿੱਚ ਪਹਿਲਾਂ ਤੋਂ ਪੋਸਟ ਕੀਤੇ ਗਏ ਸੰਦੇਸ਼ਾਂ ਨੂੰ ਬਦਲਣ ਦੀ ਸਹੂਲਤ ਨੂੰ ਪੂਰੀ ਤਰ੍ਹਾਂ ਬੰਦ ਕਰੇ। ਐਨ.ਟੀ.ਏ. ਮੁਤਾਬਕ ਇਹ ਕਾਰਵਾਈ ਕਈ ਗਰੁੱਪਾਂ ਅਤੇ ਚੈਨਲਾਂ ਨੂੰ ਡਿਲੀਟ ਕਰਨ ਦੇ ਬਾਵਜੂਦ ਕੋਈ ਸੁਧਾਰ ਨਾ ਹੁੰਦਾ ਦੇਖ ਕੇ ਕੀਤੀ ਗਈ ਹੈ।ਜਾਂਚ ਵਿੱਚ ਸਾਹਮਣੇ ਆਇਆ ਹੈ ਕਿ ਟੈਲੀਗ੍ਰਾਮ 'ਤੇ'ਪੇਪਰ ਲੀਕਡ ਨੀਟ', 'ਰੀ-ਨੀਟ 2026' ਅਤੇ 'ਪ੍ਰਾਈਵੇਟ ਮਾਫੀਆ'ਵਰਗੇ ਨਾਵਾਂ ਹੇਠ ਚੈਨਲ ਚਲਾ ਕੇ ਪੀਡੀਐੱਫ ਫਾਈਲਾਂ ਸਾਂਝੀਆਂ ਕੀਤੀਆਂ ਜਾ ਰਹੀਆਂ ਸਨ ਅਤੇ ਉਮੀਦਵਾਰਾਂ ਤੇ ਉਨ੍ਹਾਂ ਦੇ ਪਰਿਵਾਰਾਂ ਕੋਲੋਂ ਹਜ਼ਾਰਾਂ ਤੋਂ ਲੈ ਕੇ ਲੱਖਾਂ ਰੁਪਏ ਦੀ ਮੰਗ ਕੀਤੀ ਜਾ ਰਹੀ ਸੀ। ਐਨ.ਟੀ.ਏ. ਨੇ ਖੁਲਾਸਾ ਕੀਤਾ ਕਿ ਠੱਗ ਟੈਲੀਗ੍ਰਾਮ ਦੇ 'ਐਡਿਟ ਫੀਚਰ' ਦੀ ਖ਼ਤਰਨਾਕ ਦੁਰਵਰਤੋਂ ਕਰ ਰਹੇ ਸਨ। ਉਹ ਪ੍ਰੀਖਿਆ ਤੋਂ ਪਹਿਲਾਂ ਕੋਈ ਸਾਧਾਰਨ ਮੈਸੇਜ ਪਾਉਂਦੇ ਸਨ ਅਤੇ ਪ੍ਰੀਖਿਆ ਖ਼ਤਮ ਹੋਣ ਤੋਂ ਬਾਅਦ ਉਸੇ ਪੁਰਾਣੇ ਮੈਸੇਜ ਨੂੰ ਐਡਿਟ ਕਰਕੇ ਅਸਲ ਸਵਾਲ ਪੱਤਰ ਅਪਲੋਡ ਕਰ ਦਿੰਦੇ ਸਨ, ਜਿਸ ਨਾਲ ਪੁਰਾਣੇ ਸਮੇਂ ਮੁਤਾਬਕ ਇਹ ਲੱਗਦਾ ਸੀ ਕਿ ਪੇਪਰ ਪ੍ਰੀਖਿਆ ਤੋਂ ਪਹਿਲਾਂ ਹੀ ਲੀਕ ਹੋ ਗਿਆ ਸੀ। ਇਸ ਤਰ੍ਹਾਂ ਪੇਪਰ ਲੀਕ ਹੋਣ ਦੇ ਝੂਠੇ ਸਬੂਤ ਘੜੇ ਜਾ ਰਹੇ ਸਨ।

# ਕੇਦਾਰਨਾਥ ਪੈਦਲ ਮਾਰਗ 'ਤੇ ਸ਼ਾਰਟਕੱਟ ਦੇ ਚੱਕਰ 'ਚ ਨਦੀ ਪਾਰ ਫਸੇ ਚਾਰ ਸ਼ਰਧਾਲੂ

## ਰਾਤ ਭਰ ਚੱਲਿਆ ਰੈਸਕਿਊ ਆਪ੍ਰੇਸ਼ਨ

ਰੁਦਰਪ੍ਰਯਾਗ, 16 ਜੂਨ (ਪ੍ਰਤੀਨਿਧੀ) : ਕੇਦਾਰਨਾਥ ਪੈਦਲ ਮਾਰਗ 'ਤੇ ਲਿਨਚੋਲੀ ਖੇਤਰ 'ਚ ਦੇਰ ਰਾਤ ਚਾਰ ਨੌਜਵਾਨ ਸ਼ਰਧਾਲੂ ਸ਼ਾਰਟਕੱਟ ਦੇ ਚੱਕਰ 'ਚ ਮੁੱਖ ਰਸਤੇ ਤੋਂ ਭਟਕ ਕੇ ਨਦੀ ਦੇ ਦੂਜੇ ਕੰਢੇ ਫਸ ਗਏ। ਸੁੰਨਸਾਨ ਅਤੇ ਹਨੇਰੇ ਇਲਾਕੇ 'ਚ ਫਸਣ ਕਾਰਨ ਸਾਰੇ ਸ਼ਰਧਾਲੂ ਕਾਫ਼ੀ ਡਰੇ ਹੋਏ ਸਨ।

ਡਿਜ਼ਾਸਟਰ ਮੈਨੇਜਮੈਂਟ ਕੰਟਰੋਲ ਰੂਮ ਤੋਂ ਸੂਚਨਾ ਮਿਲਦਿਆਂ ਹੀ ਰੈਸਕਿਊ ਟੀਮ ਲੋੜੀਂਦੇ ਸਾਜ਼ੋ-ਸਾਮਾਨ ਦੇ ਨਾਲ ਤੁਰੰਤ ਘਟਨਾ ਵਾਲੀ ਥਾਂ ਲਈ ਰਵਾਨਾ ਹੋਈ। ਰੈਸਕਿਊ ਟੀਮ ਨੇ ਮੋਬਾਈਲ ਫ਼ੋਨ ਰਾਹੀਂ ਸ਼ਰਧਾਲੂਆਂ ਨਾਲ ਸੰਪਰਕ ਕਾਇਮ ਕਰਕੇ ਉਨ੍ਹਾਂ ਦੀ ਸੰਭਾਵਿਤ ਲੋਕੇਸ਼ਨ ਹਾਸਲ ਕੀਤੀ। ਘੁੱਪ ਹਨੇਰੇ, ਦੁਰਗਮ ਪਹਾੜੀ ਖੇਤਰ, ਸੰਘਣੀਆਂ ਝਾੜੀਆਂ ਅਤੇ ਨਦੀ ਦੇ ਦੂਜੇ ਪਾਸੇ ਫਸੇ ਹੋਣ ਕਾਰਨ ਇਹ ਰੈਸਕਿਊ ਆਪ੍ਰੇਸ਼ਨ ਕਾਫ਼ੀ ਚੁਣੌਤੀਪੂਰਨ ਰਿਹਾ। ਇਸ ਦੇ ਬਾਵਜੂਦ ਟੀਮ ਨੇ ਰਾਤ ਭਰ ਤਲਾਸ਼ੀ ਮੁਹਿੰਮ ਚਲਾ ਕੇ ਚਾਰੇ ਸ਼ਰਧਾਲੂਆਂ ਨੂੰ ਸੁਰੱਖਿਅਤ ਬਾਹਰ ਕੱਢਿਆ ਅਤੇ ਮੁੱਖ ਪੈਦਲ ਰਸਤੇ ਤੱਕ ਪਹੁੰਚਾਇਆ। ਰਸਤਾ ਜ਼ੋਖ਼ਮ ਭਰਿਆ ਹੋਣ ਕਾਰਨ ਸ਼ਰਧਾਲੂਆਂ ਨੂੰ ਲਿਨਚੋਲੀ 'ਚ ਹੀ ਰਾਤ ਦੇ ਆਰਾਮ ਲਈ ਸੁਰੱਖਿਅਤ ਠਹਿਰਾਇਆ ਗਿਆ। ਰੈਸਕਿਊ ਟੀਮ ਇਸ ਸਫ਼ਲ ਮੁਹਿੰਮ ਤੋਂ ਬਾਅਦ ਰਾਤ ਇੱਕ ਵਜੇ ਆਪਣੀ ਪੋਸਟ 'ਤੇ ਪਰਤ ਆਈ। ਸਾਰੇ ਸ਼ਰਧਾਲੂ ਪੂਰੀ ਤਰ੍ਹਾਂ ਸੁਰੱਖਿਅਤ ਹਨ ਅਤੇ ਕਿਸੇ ਦੇ ਵੀ ਜ਼ਖਮੀ ਹੋਣ ਦੀ ਕੋਈ ਸੂਚਨਾ ਨਹੀਂ ਹੈ।

# 8 ਕਰੋੜ ਰੁਪਏ ਦੇ ਨਸ਼ੀਲੇ ਪਦਾਰਥ ਜ਼ਬਤ, 2 ਵਿਦੇਸ਼ੀ ਨਾਗਰਿਕਾਂ ਸਣੇ 23 ਲੋਕ ਗ੍ਰਿਫ਼ਤਾਰ

ਬੈਂਗਲੁਰੂ, 16 ਜੂਨ (ਪ੍ਰਤੀਨਿਧੀ) : ਕਰਨਾਟਕ ਦੇ ਬੈਂਗਲੁਰੂ 'ਚ ਪੁਲਿਸ ਨੇ ਪਾਬੰਦੀਸ਼ੁਦਾ ਨਸ਼ੀਲੇ ਪਦਾਰਥਾਂ ਅਤੇ ਤੰਬਾਕੂ ਉਤਪਾਦਾਂ ਦੀ ਖਰੀਦ-ਵਿਕਰੀ ਦੇ ਦੋਸ਼ 'ਚ 2 ਵਿਦੇਸ਼ੀ ਨਾਗਰਿਕਾਂ ਸਮੇਤ 23 ਲੋਕਾਂ ਨੂੰ ਗ੍ਰਿਫ਼ਤਾਰ ਕੀਤਾ। ਪੁਲਿਸ ਨੇ ਮੰਗਲਵਾਰ ਨੂੰ ਇਹ ਜਾਣਕਾਰੀ ਦਿੱਤੀ। ਪੁਲਿਸ ਅਨੁਸਾਰ, ਸ਼ਹਿਰ ਦੇ ਵੱਖ-ਵੱਖ ਥਾਣਾ ਖੇਤਰਾਂ 'ਚ ਕੇਂਦਰੀ ਅਪਰਾਧ ਬਰਾਂਚ (ਸੀਸੀਬੀ) ਦੇ ਨਸ਼ੀਲੇ ਪਦਾਰਥ ਵਿਰੋਧੀ ਦਸਤੇ ਨੇ ਸਥਾਨਕ ਪੁਲਿਸ ਨਾਲ ਮਿਲ ਕੇ ਵੱਖ-ਵੱਖ ਤਰੀਕਾਂ 'ਤੇ ਮੁਹਿੰਮ ਚਲਾਈ।

ਪੁਲਿਸ ਨੇ ਦੱਸਿਆ ਕਿ ਇਸ ਦੌਰਾਨ 2 ਵਿਦੇਸ਼ੀ ਨਾਗਰਿਕਾਂ, ਹੋਰ ਸੂਬਿਆਂ ਦੇ 6 ਲੋਕਾਂ ਅਤੇ 15 ਸਥਾਨਕ ਵਾਸੀਆਂ ਸਮੇਤ ਕੁੱਲ 23 ਦੋਸ਼ੀਆਂ ਨੂੰ ਗ੍ਰਿਫ਼ਤਾਰ ਕੀਤਾ ਗਿਆ। ਪੁਲਿਸ ਦੇ ਇਕ ਸੀਨੀਅਰ ਅਧਿਕਾਰੀ ਨੇ ਦੱਸਿਆ ਕਿ ਵੱਖ-ਵੱਖ ਥਾਣਾ ਖੇਤਰਾਂ 'ਚ ਪਾਬੰਦੀਸ਼ੁਦਾ ਨਸ਼ੀਲੇ ਪਦਾਰਥਾਂ ਦੀ ਵਿਕਰੀ ਦੀ ਸੂਚਨਾ ਮਿਲਣ ਤੋਂ ਬਾਅਦ ਨਾਰਕੋਟਿਕ ਡਰੱਗਜ਼ ਐਂਡ ਸਾਈਕੋਟ੍ਰੋਪਿਕ ਸਬਸਟੈਂਟ (ਐਨਡੀਪੀਐਸ) ਐਕਟ ਦੇ ਅਧੀਨ ਮਾਮਲੇ ਦਰਜ ਕੀਤੇ ਗਏ।

ਉਨ੍ਹਾਂ ਦੱਸਿਆ ਕਿ ਇਸ ਤੋਂ ਬਾਅਦ ਪੁਲਿਸ ਟੀਮਾਂ ਨੇ ਚਿੰਨ੍ਹਿਤ ਥਾਵਾਂ 'ਤੇ ਛਾਪੇਮਾਰੀ ਕਰ ਕੇ ਦੋਸ਼ੀਆਂ ਨੂੰ ਹਿਰਾਸਤ 'ਚ ਲਿਆ। ਅਧਿਕਾਰੀ ਅਨੁਸਾਰ, ਪੁੱਛ-ਗਿੱਛ 'ਚ ਦੋਸ਼ੀਆਂ ਨੇ ਸਵੀਕਾਰ ਕੀਤਾ ਕਿ ਉਹ ਸੂਬੇ ਦੇ ਬਾਹਰ ਅਤੇ ਵਿਦੇਸ਼ਾਂ ਨਾਲ ਜੁੜੇ ਅਣਪਛਾਤੇ ਤਸਕਰਾਂ ਤੋਂ ਘੱਟ ਕੀਮਤ 'ਤੇ ਨਸ਼ੀਲੇ ਪਦਾਰਥ ਖਰੀਦਦੇ ਸਨ ਅਤੇ ਉਨ੍ਹਾਂ ਨੂੰ ਵੱਧ ਕੀਮਤ 'ਤੇ ਆਮ ਲੋਕਾਂ ਅਤੇ ਕਾਲਜ 'ਚ ਪੜ੍ਹਨ ਵਾਲੇ ਵਿਦਿਆਰਥੀਆਂ ਨੂੰ ਵੇਚ ਕੇ ਮੁਨਾਫ਼ਾ ਕਮਾਉਂਦੇ ਸਨ।

ਪੁਲਿਸ ਨੇ ਇਕ ਬਿਆਨ ਜਾਰੀ ਕਰ ਕੇ ਦੱਸਿਆ ਕਿ ਦੋਸ਼ੀਆਂ ਦੇ ਕਬਜ਼ੇ 'ਚੋਂ 5.3 ਕਿਲੋਗ੍ਰਾਮ 'ਹਾਈਡ੍ਰੋਪੋਨਿਕ' ਗਾਂਜਾ, 143 ਗ੍ਰਾਮ ਕੋਕੀਨ, 10.9 ਕਿਲੋਗ੍ਰਾਮ ਗਾਂਜਾ, 237 ਗ੍ਰਾਮ ਐਮਡੀਐਮਏ, 107 ਗ੍ਰਾਮ ਮੇਥਾਮਫੇਟਾਮਾਈਨ, 180 ਡੱਬੇ ਈ-ਸਿਗਰਟ, 452 ਡੱਬੇ ਵਿਦੇਸ਼ੀ ਸਿਗਰਟ, 1,206 ਹੁੱਕਾ ਸਿਗਰੇਟ, 490 ਵਿਦੇਸ਼ੀ ਸਿਗਰੇਟ, 126 ਹੁੱਕਾ ਸੈੱਟ ਅਤੇ 100 ਈ-ਸਿਗਰੇਟ ਰੀਫਿਲ ਬਰਾਮਦ ਕੀਤੇ ਗਏ ਹਨ। 'ਹਾਈਡ੍ਰੋਪੋਨਿਕ' ਗਾਂਜਾ, ਗਾਂਜੇ ਦੀ ਉੱਚ ਸਮਰੱਥਾ ਵਾਲੀ ਕਿਸਮ ਹੈ, ਜਿਸ ਨੂੰ ਮਿੱਟੀ ਦੀ ਬਜਾਏ ਪੌਸ਼ਟਿਕ ਤੱਤਾਂ ਨਾਲ ਭਰਪੂਰ ਪਾਣੀ-ਅਧਾਰਤ ਪ੍ਰਣਾਲੀ 'ਚ ਉਗਾਇਆ ਜਾਂਦਾ ਹੈ। ਪੁਲਿਸ ਅਨੁਸਾਰ, ਜ਼ਬਤ ਕੀਤੀਆਂ ਗਈਆਂ ਦਵਾਈਆਂ ਦੀ ਅਨੁਮਾਨਿਤ ਕੀਮਤ 4 ਕਰੋੜ ਰੁਪਏ (ਲਗਭਗ 40 ਮਿਲੀਅਨ ਅਮਰੀਕੀ ਡਾਲਰ) ਹੈ, ਜਦੋਂ ਕਿ ਇਸ ਦੀ ਬਾਜ਼ਾਰ ਕੀਮਤ 8 ਕਰੋੜ ਰੁਪਏ (ਲਗਭਗ 80 ਮਿਲੀਅਨ ਅਮਰੀਕੀ ਡਾਲਰ) ਹੋਣ ਦਾ ਅਨੁਮਾਨ ਹੈ। ਸਾਰੇ 23 ਮੁਲਜ਼ਮਾਂ ਨੂੰ ਵੱਖ-ਵੱਖ ਤਰੀਕਾਂ 'ਤੇ ਸਬੰਧਤ ਅਦਾਲਤ 'ਚ ਪੇਸ਼ ਕੀਤਾ ਗਿਆ, ਜਿੱਥੇ ਉਨ੍ਹਾਂ ਨੂੰ ਨਿਆਂਇਕ ਹਿਰਾਸਤ 'ਚ ਭੇਜ ਦਿੱਤਾ ਗਿਆ।

# ਸਕੂਲ ਪ੍ਰਬੰਧਕ ਦੇ ਕਤਲ ਮਾਮਲੇ 'ਚ 2 ਪੇਸ਼ੇਵਰ ਸ਼ੂਟਰ ਹਰਿਆਣਾ ਤੋਂ ਗ੍ਰਿਫ਼ਤਾਰ

ਸ਼ਿਮਲਾ, 16 ਜੂਨ (ਪ੍ਰਤੀਨਿਧੀ) : ਸ਼ਿਮਲਾ ਦੇ ਸੰਜੌਲੀ ਖੇਤਰ 'ਚ ਇਕ ਸਕੂਲ ਪ੍ਰਬੰਧਕ ਦੇ ਕਤਲ ਮਾਮਲੇ 'ਚ 2 ਪੇਸ਼ੇਵਰ ਸ਼ੂਟਰਾਂ ਨੂੰ ਹਰਿਆਣਾ ਦੇ ਰੋਹਤਕ ਤੋਂ ਗ੍ਰਿਫ਼ਤਾਰ ਕੀਤਾ ਗਿਆ ਹੈ। ਪੁਲਿਸ ਨੇ ਇਹ ਜਾਣਕਾਰੀ ਦਿੱਤੀ। ਇਕ ਪੱਤਰਕਾਰ ਸੰਮੇਲਨ ਨੂੰ ਸੰਬੋਧਨ ਕਰਦੇ ਹੋਏ ਸ਼ਿਮਲਾ ਦੇ ਵਧੀਕ ਪੁਲਿਸ ਸੁਪਰਡੈਂਟ (ਏਐੱਸਪੀ) ਅਭਿਸ਼ੇਕ ਧੀਮਨ ਨੇ ਦੱਸਿਆ ਕਿ ਹਰਿਆਣਾ ਦੇ ਝੱਜਰ ਵਾਸੀ ਆਸ਼ੀਸ਼ ਅਹਿਲਾਵਤ (22) ਅਤੇ ਰੋਹਤਕ ਵਾਸੀ ਦੀਪਕ (25) ਨੂੰ ਸ਼ਨੀਵਾਰ ਸ਼ਾਮ ਮੀਨਾਕਸ਼ੀ ਮਿੱਤਲ ਦੇ ਕਤਲ ਦੇ 39 ਘੰਟਿਆਂ ਅੰਦਰ ਗ੍ਰਿਫ਼ਤਾਰ ਕਰ ਲਿਆ ਗਿਆ। ਉਨ੍ਹਾਂ ਦੱਸਿਆ ਕਿ ਦੋਵੇਂ ਦੋਸ਼ੀ ਪੇਸ਼ੇਵਰ ਸ਼ੂਟਰ ਹਨ ਅਤੇ ਇਸ ਵਾਰਦਾਤ ਨੂੰ ਅੰਜਾਮ ਦੇਣ ਲਈ ਹਰਿਆਣਾ ਤੋਂ ਸ਼ਿਮਲਾ



ਆਏ ਸਨ। ਏਐੱਸਪੀ ਨੇ ਦੱਸਿਆ ਕਿ ਉਹ ਹਰਿਆਣਾ ਦੀ ਰਜਿਸਟਰੇਸ਼ਨ ਗਿਣਤੀ ਵਾਲੀ ਕਾਰ 'ਤੇ ਸ਼ਿਮਲਾ ਪਹੁੰਚੇ ਸਨ ਪਰ ਪੁਲਿਸ ਨੂੰ ਗੁੰਮਰਾਹ ਕਰਨ ਲਈ ਉਨ੍ਹਾਂ ਨੇ ਵਾਹਨ ਦੀ ਨੰਬਰ ਪਲੇਟ ਨਾਲ ਛੇੜਛਾੜ ਕਰ ਕੇ ਉਸ 'ਤੇ ਹਿਮਾਚਲ ਪ੍ਰਦੇਸ਼ ਦਾ ਨੰਬਰ ਲਗਾ ਦਿੱਤਾ ਸੀ। ਪੁਲਿਸ ਅਨੁਸਾਰ, ਦੋਸ਼ੀਆਂ ਨੇ 13 ਜੂਨ ਦੀ ਸ਼ਾਮ ਦੇਸੀ ਪਿਸਤੌਲ ਨਾਲ ਮੀਨਾਕਸ਼ੀ ਮਿੱਤਲ 'ਤੇ ਕਈ ਗੋਲੀਆਂ ਚਲਾਈਆਂ ਅਤੇ ਫਰਾਰ ਹੋ ਗਏ। ਪੁਲਿਸ ਨਾਕਿਆਂ ਤੋਂ ਬਚਣ ਲਈ ਉਨ੍ਹਾਂ ਨੇ ਸੰਪਰਕ ਮਾਰਗਾਂ ਦਾ ਇਸਤੇਮਾਲ ਕੀਤਾ ਅਤੇ ਸ਼ਿਮਲਾ ਤੋਂ ਹਰਿਆਣਾ ਦੌੜ ਗਏ। ਜਾਂਚ ਦੌਰਾਨ ਪੁਲਿਸ ਨੇ ਹਾਦਸੇ ਵਾਲੀ ਜਗ੍ਹਾ ਅਤੇ ਨੇੜੇ-ਤੇੜੇ ਦੇ ਖੇਤਰਾਂ ਦੇ ਸੀਸੀਟੀਵੀ ਫੁਟੇਜ ਦੇਖੇ। ਇਸ ਤੋਂ ਇਲਾਵਾ ਡਿਜੀਟਲ ਅਤੇ ਤਕਨੀਕੀ ਸਬੂਤਾਂ ਦਾ ਵਿਸ਼ਲੇਸ਼ਣ ਕੀਤਾ ਗਿਆ ਅਤੇ ਚਸ਼ਮਦੀਦਾਂ ਤੋਂ ਪੁੱਛ-ਗਿੱਛ ਕੀਤੀ ਗਈ। ਏਐੱਸਪੀ ਨੇ ਦੱਸਿਆ ਕਿ ਦੋਸ਼ੀਆਂ ਦੀ ਗ੍ਰਿਫ਼ਤਾਰੀ ਲਈ ਪੁਲਿਸ ਦੀ ਟੀਮ ਦਾ ਗਠਨ ਕੀਤਾ ਗਿਆ ਅਤੇ ਹਿਮਾਚਲ ਪ੍ਰਦੇਸ਼ ਤੇ ਹਰਿਆਣਾ 'ਚ ਛਾਪੇ ਮਾਰ ਗਏ। ਦੋਵਾਂ ਦੋਸ਼ੀਆਂ ਨੂੰ ਸੋਮਵਾਰ ਸਵੇਰੇ ਰੋਹਤਕ ਤੋਂ ਗ੍ਰਿਫ਼ਤਾਰ ਕਰ ਲਿਆ ਗਿਆ ਅਤੇ ਅੱਗੇ ਦੀ ਪੁੱਛ-ਗਿੱਛ ਲਈ ਉਨ੍ਹਾਂ ਨੂੰ ਸ਼ਿਮਲਾ ਲਿਆਂਦਾ ਗਿਆ। ਉਨ੍ਹਾਂ ਦੱਸਿਆ ਕਿ ਦੋਸ਼ੀਆਂ ਦੇ ਕਬਜ਼ੇ 'ਚੋਂ ਕਤਲ 'ਚ ਇਸਤੇਮਾਲ 2 ਦੇਸੀ ਪਿਸਤੌਲ ਵੀ ਬਰਾਮਦ ਕੀਤੇ ਗਏ ਹਨ।

# ਪਹਾੜਾਂ ਵਿੱਚ ਲੱਗੀਆਂ ਰੌਣਕਾਂ ! ਹਿਮਾਚਲ ਦੇ 80 ਫ਼ੀਸਦੀ ਹੋਟਲ ਹੋਏ ਬੁੱਕ

ਸ਼ਿਮਲਾ, 16 ਜੂਨ (ਪ੍ਰਤੀਨਿਧੀ) : : ਉੱਤਰੀ ਭਾਰਤੀ ਦੇ ਸੂਬਿਆਂ 'ਚ ਮਾਨਸੂਨ ਦੇ ਬੇਸਬਰੀ ਨਾਲ ਉਡੀਕੇ ਜਾਣ ਵਿਚਾਲੇ ਹਿਮਾਚਲ ਪ੍ਰਦੇਸ਼ 'ਚ ਸੈਲਾਨੀਆਂ ਦੀ ਗਿਣਤੀ ਵਧ ਗਈ ਹੈ। ਵੀਕਐਂਡ 'ਤੇ ਹੋਟਲਾਂ ਦੇ ਕਮਰਿਆਂ ਦੀ ਗਿਣਤੀ 80 ਫੀਸਦੀ ਤੋਂ ਵੱਧ ਹੋ ਗਈ ਹੈ। ਫੈਡਰੇਸ਼ਨ ਆਫ ਹਿਮਾਚਲ ਹੋਟਲਜ਼ ਐਂਡ ਰੈਸਟੋਰੈਂਟ ਐਸੋਸੀਏਸ਼ਨ ਦੇ ਪ੍ਰਧਾਨ ਗਜੇਂਦਰ ਠਾਕੁਰ ਨੇ ਮੰਗਲਵਾਰ ਨੂੰ ਦੱਸਿਆ ਕਿ ਪਿਛਲੇ ਹਫਤੇ ਦੇ ਅੰਤ 'ਚ ਕਮਰਿਆਂ ਦੀ ਗਿਣਤੀ ਔਸਤਨ 80 ਤੋਂ 90% ਦੇ ਵਿਚਕਾਰ ਸੀ, ਜਦੋਂ ਕਿ ਹਫ਼ਤੇ ਦੇ ਦਿਨਾਂ 'ਚ ਇਹ 60 ਤੋਂ 70% ਦੇ ਵਿਚਕਾਰ ਸੀ।' ਉਨ੍ਹਾਂ ਅੱਗੇ ਕਿਹਾ, 'ਸਾਡੀ ਸੰਸਥਾ ਸੈਲਾਨੀਆਂ ਨੂੰ ਸੁੰਦਰ ਦ੍ਰਿਸ਼ਾਂ ਦਾ ਆਨੰਦ ਲੈਂਦੇ ਹੋਏ 'ਦੇਵਭੂਮੀ ਹਿਮਾਚਲ' ਦੀਆਂ ਸਥਾਨਕ ਪਰੰਪਰਾਵਾਂ ਅਤੇ ਸੱਭਿਆਚਾਰ ਦਾ ਸਤਿਕਾਰ ਕਰਨ ਲਈ ਸਿੱਖਿਅਤ ਕਰ ਰਹੀ ਹੈ।' ਮਨਾਲੀ, ਸ਼ਿਮਲਾ, ਧਰਮਸ਼ਾਲਾ, ਡਲਹੌਜ਼ੀ, ਕਸੌਲੀ ਅਤੇ ਚੈਲ ਵਰਗੇ ਸੈਰ-ਸਪਾਟਾ ਸਥਾਨਾਂ 'ਤੇ ਸੈਲਾਨੀਆਂ ਦੀ ਗਿਣਤੀ ਵਿੱਚ ਵਾਧਾ ਦੇਖਣ ਨੂੰ ਮਿਲ ਰਿਹਾ ਹੈ। ਸੈਲਾਨੀ ਲਾਹੌਲ-ਸਪੀਤੀ ਅਤੇ ਕਿਨੌਰ ਵਰਗੇ ਕਬਾਇਲੀ ਜ਼ਿਲ੍ਹਿਆਂ ਦਾ ਵੀ ਦੌਰਾ




ਕਰ ਰਹੇ ਹਨ। ਠਾਕੁਰ ਨੇ ਕਿਹਾ, 'ਹਿਮਾਚਲ ਵਿੱਚ ਹਰ ਤਰ੍ਹਾਂ ਦਾ ਸੈਰ-ਸਪਾਟਾ ਹੁੰਦਾ ਹੈ। ਹਾਲਾਂਕਿ, ਜਦੋਂ ਵੱਡੀ ਗਿਣਤੀ 'ਚ ਸੈਲਾਨੀ ਇੱਥੇ ਆਉਂਦੇ ਹਨ, ਤਾਂ ਟ੍ਰੈਫਿਕ ਜਾਮ ਦੀ ਸਮੱਸਿਆ ਉਨ੍ਹਾਂ ਨੂੰ ਬਹੁਤ ਪਰੇਸ਼ਾਨ ਕਰਦੀ ਹੈ ਅਤੇ ਭੀੜ-ਭੜੱਕੇ ਵਾਲੇ ਖੇਤਰਾਂ 'ਚ ਵਾਧੂ ਪੁਲਿਸ ਫੋਰਸ ਤਾਇਨਾਤ ਕਰ ਕੇ ਇਸ ਸਮੱਸਿਆ ਨੂੰ ਕੁਝ ਹੱਦ ਤੱਕ ਹੱਲ ਕੀਤਾ ਜਾ ਸਕਦਾ ਹੈ।' ਸੂਬੇ 'ਚ ਸੈਲਾਨੀਆਂ ਅਤੇ ਸਥਾਨਕ ਲੋਕਾਂ ਵਿਚਕਾਰ ਹਾਲ ਹੀ 'ਚ ਹੋਈਆਂ ਝੜਪਾਂ ਦਾ ਹਵਾਲਾ ਦਿੰਦੇ ਹੋਏ, ਉਨ੍ਹਾਂ ਕਿਹਾ ਕਿ ਸੁਚਾਰੂ ਆਵਾਜਾਈ ਟਕਰਾਅ ਨੂੰ ਘਟਾ ਸਕਦੀ ਹੈ ਤੇ ਭਾਰੀ ਪੁਲਿਸ ਤਾਇਨਾਤੀ ਸੁਰੱਖਿਆ ਦੀ ਭਾਵਨਾ ਦਿੰਦੀ ਹੈ ਅਤੇ ਸਮਾਜ ਵਿਰੋਧੀ ਤੱਤਾਂ ਨੂੰ ਕਾਬੂ ਵਿੱਚ ਰੱਖਦੀ ਹੈ।

# ਹਰ ਸੀਵਰ ਅਤੇ ਨਾਲੇ ਨੂੰ ਚੰਗੀ ਤਰ੍ਹਾਂ ਸਾਫ਼ ਕਰੋ, ਲਾਪਰਵਾਹੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ : ਸੁਮਨ ਬਾਹਮਣੀ

## ਮੇਅਰ ਨੇ ਡਰੇਨਾਂ ਅਤੇ ਸੀਵਰ ਸਫਾਈ ਪ੍ਰਣਾਲੀ ਦਾ ਕੀਤਾ ਨਿਰੀਖਣ, ਮਾਨਸੂਨ ਤੋਂ ਪਹਿਲਾਂ ਸਫਾਈ ਮੁਹਿੰਮ ਤੇਜ਼



ਜਗਾਧਰੀ , 16 ਜੂਨ (ਪ੍ਰਤੀਨਿਧੀ) : : ਆਉਣ ਵਾਲੇ ਮਾਨਸੂਨ ਸੀਜ਼ਨ ਦੌਰਾਨ ਸ਼ਹਿਰ ਵਿੱਚ ਪਾਣੀ ਭਰਨ ਦੀ ਸਮੱਸਿਆ ਤੋਂ ਨਿਜਾਤ ਦਿਵਾਉਣ ਲਈ ਨਗਰ ਨਿਗਮ ਵੱਲੋਂ ਡਰੇਨਾਂ ਅਤੇ ਸੀਵਰ ਪ੍ਰਣਾਲੀ ਦੀ ਸਫਾਈ ਜੰਗੀ ਪੱਧਰ 'ਤੇ ਕਰਵਾਈ ਜਾ ਰਹੀ ਹੈ। ਇਸੇ ਕੜੀ ਤਹਿਤ ਮੇਅਰ ਸੁਮਨ ਬਾਹਮਣੀ ਨੇ ਮੰਗਲਵਾਰ ਨੂੰ ਜਨ ਸਿਹਤ ਅਤੇ ਇੰਜੀਨੀਅਰਿੰਗ ਵਿਭਾਗ ਦੇ ਅਧਿਕਾਰੀਆਂ ਅਤੇ ਨਗਰ ਨਿਗਮ ਦੇ ਅਧਿਕਾਰੀਆਂ ਨਾਲ ਮਾਡਲ ਟਾਊਨ ਵੇਅਰਹਾਊਸ ਤੋਂ ਜੰਮੂ ਕਲੋਨੀ ਡਿੱਚ ਡਰੇਨ ਤੱਕ ਡਰੇਨਾਂ ਦੀ ਸਫਾਈ ਪ੍ਰਣਾਲੀ ਦਾ ਨਿਰੀਖਣ ਕੀਤਾ।

ਨਿਰੀਖਣ ਦੌਰਾਨ ਮੇਅਰ ਦੇ ਨਾਲ ਕਾਰਜਕਾਰੀ ਇੰਜੀਨੀਅਰ ਦਿਨੇਸ਼ ਗਾਬਾ, ਐਸਡੀਓ ਰੋਹਿਤ ਰਸਤੋਗੀ, ਮੁੱਖ ਸੈਨੀਟੇਸ਼ਨ ਇੰਸਪੈਕਟਰ ਵਿਨੋਦ ਬੇਨੀਵਾਲ ਅਤੇ ਹੋਰ ਅਧਿਕਾਰੀ ਵੀ ਮੌਜੂਦ ਰਹੇ। ਇਸ ਦੌਰਾਨ ਕਈ ਥਾਵਾਂ 'ਤੇ ਡਰੇਨਾਂ ਵਿੱਚ ਗੰਦਗੀ ਅਤੇ ਰੁਕਾਵਟਾਂ ਪਾਈਆਂ ਗਈਆਂ, ਜਿਨ੍ਹਾਂ ਨੂੰ ਮੌਕੇ 'ਤੇ ਹੀ ਸਾਫ਼ ਕਰਵਾਇਆ ਗਿਆ। ਮੇਅਰ ਨੇ ਅਧਿਕਾਰੀਆਂ ਨੂੰ ਸੀਵਰੇਜ ਪ੍ਰਣਾਲੀ ਦੀ ਮੁਰੰਮਤ, ਰੁਕਾਵਟਾਂ ਦੂਰ ਕਰਨ ਅਤੇ ਮੈਨਹੋਲਾਂ ਦੀ ਮੁਰੰਮਤ ਦੇ ਨਿਰਦੇਸ਼ ਦਿੱਤੇ।

ਮੇਅਰ ਸੁਮਨ ਬਾਹਮਣੀ ਨੇ ਦੱਸਿਆ ਕਿ ਮਾਨਸੂਨ ਦੇ ਮੌਸਮ ਤੋਂ ਪਹਿਲਾਂ ਸ਼ਹਿਰ ਦੇ ਸਾਰੇ ਵੱਡੇ ਅਤੇ ਛੋਟੇ ਨਾਲਿਆਂ ਦੀ ਸਫਾਈ ਯਕੀਨੀ ਬਣਾਈ ਜਾ ਰਹੀ ਹੈ ਤਾਂ ਜੋ ਬਰਸਾਤ ਦੇ ਦਿਨਾਂ ਵਿੱਚ ਲੋਕਾਂ ਨੂੰ ਕਿਸੇ ਤਰ੍ਹਾਂ ਦੀ ਦਿੱਕਤ ਦਾ ਸਾਹਮਣਾ ਨਾ ਕਰਨਾ ਪਵੇ। ਉਨ੍ਹਾਂ ਨੇ ਮਾਡਲ ਟਾਊਨ, ਸੰਤ ਨਿਸ਼ਚਲ ਸਿੰਘ ਸਕੂਲ, ਸਰੋਜਨੀ ਕਲੋਨੀ, ਸ਼ਕਤੀ ਨਗਰ, ਟੈਗੋਰ ਗਾਰਡਨ, ਲਾਜਪਤ ਨਗਰ, ਵਿਜੇ ਕਲੋਨੀ, ਮਹਾਰਾਣਾ ਪ੍ਰਤਾਪ ਚੌਕ, ਕੈਂਪ ਖੇਤਰ ਅਤੇ ਜੰਮੂ ਕਲੋਨੀ ਸੀਵਰੇਜ ਟ੍ਰੀਟਮੈਂਟ ਪਲਾਂਟ ਸਮੇਤ ਕਈ ਥਾਵਾਂ ਦਾ ਦੌਰਾ ਕਰਕੇ ਸਫਾਈ ਕਾਰਜਾਂ ਦਾ ਜਾਇਜ਼ਾ ਲਿਆ।

ਨਿਰੀਖਣ ਦੌਰਾਨ ਉਨ੍ਹਾਂ ਨੇ ਸਥਾਨਕ ਨਿਵਾਸੀਆਂ ਨਾਲ ਵੀ ਗੱਲਬਾਤ ਕੀਤੀ ਅਤੇ ਉਨ੍ਹਾਂ ਦੀਆਂ ਸਮੱਸਿਆਵਾਂ ਸੁਣੀਆਂ। ਜਿੱਥੇ ਵੀ ਸਫਾਈ ਦਾ ਕੰਮ ਅਧੂਰਾ ਪਾਇਆ ਗਿਆ, ਉੱਥੇ ਤੁਰੰਤ ਕਰਮਚਾਰੀਆਂ ਨੂੰ ਤਾਇਨਾਤ ਕਰਕੇ ਕੰਮ ਮੁਕੰਮਲ ਕਰਵਾਉਣ ਦੇ ਹੁਕਮ ਦਿੱਤੇ ਗਏ।

ਮੇਅਰ ਸੁਮਨ ਬਾਹਮਣੀ ਨੇ ਡਰੇਨ ਸਫਾਈ ਏਜੰਸੀ ਅਤੇ ਸੰਬੰਧਿਤ ਅਧਿਕਾਰੀਆਂ ਨੂੰ ਸਖ਼ਤ ਹਦਾਇਤਾਂ ਦਿੰਦਿਆਂ ਕਿਹਾ ਕਿ ਹਰ ਨਾਲੇ ਦੇ ਤਲ ਵਿੱਚ ਜਮ੍ਹੀ ਗਾਰ ਨੂੰ ਪੂਰੀ ਤਰ੍ਹਾਂ ਕੱਢਿਆ ਜਾਵੇ ਅਤੇ ਇਸ ਨੂੰ ਤੁਰੰਤ ਹਟਾਇਆ ਜਾਵੇ ਤਾਂ ਜੋ ਇਹ ਮੁੜ ਨਾਲਿਆਂ ਵਿੱਚ ਨਾ ਵਹੇ। ਉਨ੍ਹਾਂ ਨੇ ਕਿਹਾ ਕਿ ਕਿਸੇ ਵੀ ਡੁੱਬੇ ਹੋਏ ਸਲੈਬ ਜਾਂ ਗੈਰਕਾਨੂੰਨੀ ਕਬਜ਼ੇ ਨੂੰ ਤੁਰੰਤ ਹਟਾਇਆ ਜਾਵੇ। ਸ਼ਹਿਰ ਦੇ 100 ਫੀਸਦੀ ਨਾਲਿਆਂ ਦੀ ਸਫਾਈ ਮਾਨਸੂਨ ਸ਼ੁਰੂ ਹੋਣ ਤੋਂ ਪਹਿਲਾਂ ਮੁਕੰਮਲ ਹੋਣੀ ਚਾਹੀਦੀ ਹੈ।

ਉਨ੍ਹਾਂ ਨੇ ਚੇਤਾਵਨੀ ਦਿੰਦਿਆਂ ਕਿਹਾ ਕਿ ਸਫਾਈ ਕਾਰਜਾਂ ਵਿੱਚ ਕਿਸੇ ਵੀ ਤਰ੍ਹਾਂ ਦੀ ਲਾਪਰਵਾਹੀ ਜਾਂ ਅਣਗਹਿਲੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ ਅਤੇ ਜ਼ਿੰਮੇਵਾਰਾਂ ਖ਼ਿਲਾਫ਼ ਸਖ਼ਤ ਕਾਰਵਾਈ ਕੀਤੀ ਜਾਵੇਗੀ।

# ਆਧੁਨਿਕ ਤਕਨੀਕ ਦੀਆਂ 52 ਸਟੈਟਿਕਲ ਖੇਤੀਬਾੜੀ ਲੈਬਾਂ ਖੋਲ੍ਹਣ ਦੀ ਪ੍ਰਵਾਨਗੀ : ਸੈਣੀ

## ➢ ਹਾਈ ਪਾਵਰਡ ਪਰਚੇਜ਼ ਕਮੇਟੀ ਦੀ ਮੀਟਿੰਗ ਵਿੱਚ 1468.25 ਕਰੋੜ ਦੇ 32 ਕਾਰਜਾਂ ਨੂੰ ਪ੍ਰਵਾਨਗੀ



ਪੰਚਕੂਲਾ 16 ਜੂਨ ( ਅੰਮ੍ਰਿਤਪਾਲ ਸਿੰਘ) ਹਰਿਆਣਾ ਦੇ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਦੀ ਅਗਵਾਈ ਹੇਠ ਹੋਈ ਹਾਈ ਪਾਵਰਡ ਪਰਚੇਜ਼ ਕਮੇਟੀ ਦੀ ਮੀਟਿੰਗ ਵਿੱਚ ਰਾਜ ਵਿੱਚ ਕਿਸਾਨਾਂ ਦੀ ਖੇਤੀਯੋਗ ਭੂਮੀ ਵਿੱਚ ਨਾਈਟ੍ਰੋਜਨ ਦੀ ਜਾਂਚ ਕਰਨ ਲਈ 28 ਲੱਖ ਰੁਪਏ ਦੀ ਲਾਗਤ ਨਾਲ ਆਧੁਨਿਕ ਤਕਨੀਕ ਦੀਆਂ 52 ਸਟੈਟਿਕਲ ਖੇਤੀਬਾੜੀ ਲੈਬਾਂ ਖੋਲ੍ਹਣ ਦੀ ਪ੍ਰਵਾਨਗੀ ਦਿੱਤੀ ਗਈ। ਇਸ ਤੋਂ ਇਲਾਵਾ ਮਾਲ ਵਿਭਾਗ, ਖੇਤੀਬਾੜੀ ਅਤੇ ਕਿਸਾਨ ਭਲਾਈ, ਕ੍ਰਿਡ, ਸਕਿੱਲ ਡਿਵੈਲਪਮੈਂਟ, ਗੁਰੂਗ੍ਰਾਮ ਮੈਟਰੋਪੋਲੀਟਨ ਡਿਵੈਲਪਮੈਂਟ ਅਥਾਰਟੀ, ਪੰਚਕੂਲਾ ਮੈਟਰੋਪੋਲੀਟਨ ਡਿਵੈਲਪਮੈਂਟ ਅਥਾਰਟੀ, ਐਚ.ਐਸ.ਵੀ.ਪੀ, ਬਿਜਲੀ ਨਿਗਮ, ਲੋਕ ਨਿਰਮਾਣ ਵਿਭਾਗ, ਜਨ ਸਿਹਤ, ਸਿੰਚਾਈ ਅਤੇ ਹਰਿਆਣਾ ਰਾਜ ਇੰਡਸਟ੍ਰੀਅਲ ਇਨਫਰਾਸਟ੍ਰਕਚਰ ਡਿਵੈਲਪਮੈਂਟ ਕਾਰਪੋਰੇਸ਼ਨ ਸਮੇਤ ਕਈ ਵਿਭਾਗਾਂ ਦੇ ਲਗਭਗ 1468.25 ਕਰੋੜ ਰੁਪਏ ਦੇ 32 ਕਾਰਜਾਂ ਨੂੰ ਵੀ ਪ੍ਰਵਾਨਗੀ ਦਿੱਤੀ ਗਈ।

ਮੀਟਿੰਗ ਵਿੱਚ ਉਦਯੋਗ ਅਤੇ ਵਣਜ ਮੰਤਰੀ ਰਾਓ ਨਰਬੀਰ ਸਿੰਘ, ਸਕੂਲ ਸਿੱਖਿਆ ਮੰਤਰੀ ਮਹੀਪਾਲ ਢਾਂਡਾ, ਖੇਤੀਬਾੜੀ ਅਤੇ ਕਿਸਾਨ ਭਲਾਈ ਮੰਤਰੀ ਸ਼ਿਆਮ ਸਿੰਘ ਰਾਣਾ, ਜਨ ਸਿਹਤ ਇੰਜੀਨੀਅਰਿੰਗ ਮੰਤਰੀ ਰਣਬੀਰ ਗੰਗਵਾ, ਸਿੰਚਾਈ ਮੰਤਰੀ ਸ਼ਰੂਤੀ ਚੌਧਰੀ, ਮੁੱਖ ਮੰਤਰੀ ਦੇ ਮੁੱਖ ਪ੍ਰਧਾਨ ਸਕੱਤਰ ਰਾਜੇਸ਼ ਖੁੱਲਰ, ਪ੍ਰਧਾਨ ਸਕੱਤਰ ਅਰੁਣ ਗੁਪਤਾ ਸਮੇਤ ਕਈ ਸੀਨੀਅਰ ਅਧਿਕਾਰੀ ਮੌਜੂਦ ਸਨ।

ਲਗਭਗ 12 ਲੱਖ ਕਿਸਾਨਾਂ ਦੀ ਜ਼ਮੀਨ ਦੀ ਹੋਵੇਗੀ ਮਿੱਟੀ ਦੀ ਜਾਂਚ

ਮੁੱਖ ਮੰਤਰੀ ਨੇ ਕਿਹਾ ਕਿ ਇਨ੍ਹਾਂ ਸਟੈਟਿਕਲ ਲੈਬਾਂ ਰਾਹੀਂ ਹਰ ਸਾਲ ਲਗਭਗ 12 ਲੱਖ ਕਿਸਾਨਾਂ ਦੀ ਭੂਮੀ ਦੀ ਮਿੱਟੀ ਦੀ ਜਾਂਚ ਦੇ ਨਮੂਨੇ ਲੈ ਕੇ ਨਾਈਟ੍ਰੋਜਨ ਯੂਰੀਆ ਦੀ ਜਾਂਚ ਕਰਕੇ ਖੇਤੀਯੋਗ ਭੂਮੀ ਵਿੱਚ ਵਰਤੀ ਜਾਣ ਵਾਲੀ ਯੂਰੀਆ ਦੀ ਗਿਣਤੀ ਦੀ ਪੂਰੀ ਜਾਣਕਾਰੀ ਦਿੱਤੀ ਜਾਵੇਗੀ ਤਾਂ ਜੋ ਕਿਸਾਨ ਨਿਰਧਾਰਿਤ ਗਿਣਤੀ ਵਿੱਚ ਵਰਤੋਂ ਕਰਕੇ ਜ਼ਮੀਨ ਦੀ ਉਪਜਾਊ ਸ਼ਕਤੀ ਵਧਾ ਸਕਣ। ਉਨ੍ਹਾਂ ਕਿਹਾ ਕਿ ਕਿਸਾਨਾਂ ਨੂੰ ਕੁਦਰਤੀ ਖੇਤੀ ਲਈ ਜਾਗਰੂਕਤਾ ਫੈਲਾਉਣ ਵਾਸਤੇ ਵਿਆਪਕ ਪੱਧਰ 'ਤੇ ਮੁਹਿੰਮ ਚਲਾਈ ਜਾਵੇਗੀ। ਇਸ ਦੇ ਲਈ ਰੋਡਮੈਪ ਤਿਆਰ ਕੀਤਾ ਜਾਵੇਗਾ ਅਤੇ ਉਸ ਵਿੱਚ ਸਬੰਧਤ ਜ਼ਿਲ੍ਹਿਆਂ ਵਿੱਚ ਮੰਤਰੀਆਂ ਅਤੇ ਵਿਧਾਇਕਾਂ ਦੀ ਡਿਊਟੀ ਲਗਾਈ ਜਾਵੇਗੀ। ਉਨ੍ਹਾਂ ਕਿਹਾ ਕਿ ਉਹ ਖ਼ੁਦ ਵੀ ਇਸ ਮੁਹਿੰਮ ਨਾਲ ਜੁੜ ਕੇ ਕਿਸਾਨਾਂ ਨੂੰ ਜਾਗਰੂਕ ਕਰਨਗੇ। ਵਿਸ਼ੇਸ਼ ਤੌਰ 'ਤੇ ਮੋਰਨੀ ਖੇਤਰ ਵਿੱਚ ਲਏ ਗਏ ਟੀਚੇ ਅਨੁਸਾਰ 4000 ਏਕੜ ਭੂਮੀ ਵਿੱਚ ਕੁਦਰਤੀ ਖੇਤੀ ਨੂੰ ਪ੍ਰੋਤਸਾਹਿਤ ਕੀਤਾ ਜਾਵੇਗਾ।

ਜ਼ਮੀਨ ਦੀ ਵੰਡ ਸਮੇਤ ਸਾਰੀ ਤਰ੍ਹਾ ਦੇ ਕਾਨੂੰਨੀ ਵਿਵਾਦਾਂ ਦਾ ਹੋਵੇਗਾ ਪਾਰਦਰਸ਼ੀ ਨਿਪਟਾਰਾ

ਮੁੱਖ ਮੰਤਰੀ ਨੇ ਮਾਲ ਵਿਭਾਗ ਦੇ ਸਾਰੇ ਅਦਾਲਤੀ ਕੇਸਾਂ ਦੇ ਮਾਮਲਿਆਂ ਦਾ ਸਹੀ ਨਿਪਟਾਰਾ ਯਕੀਨੀ ਬਣਾਉਣ ਲਈ 'ਰੈਵੇਨਿਊ ਕੋਰਟ ਕੇਸ ਮੈਨੇਜਮੈਂਟ ਸਿਸਟਮ' ਨੂੰ ਵੀ ਪ੍ਰਵਾਨਗੀ ਦਿੱਤੀ। ਇਸ ਨਾਲ ਸੂਬੇ ਦੇ ਸਾਰੇ ਮਾਲ ਦਫ਼ਤਰਾਂ ਵਿੱਚ ਮਾਲ ਸਬੰਧੀ ਅਦਾਲਤੀ ਮਾਮਲਿਆਂ ਦਾ ਪਾਰਦਰਸ਼ੀ ਢੰਗ ਨਾਲ ਨਿਪਟਾਰਾ ਯਕੀਨੀ ਬਣਾਇਆ ਜਾਵੇਗਾ। ਲਗਭਗ 9 ਕਰੋੜ ਰੁਪਏ ਦੀ ਲਾਗਤ ਨਾਲ ਸ਼ੁਰੂ ਹੋਣ ਵਾਲੇ ਇਸ ਸਿਸਟਮ ਨਾਲ ਜ਼ਮੀਨ ਦੀ ਵੰਡ ਸਮੇਤ ਸਾਰੀ ਤਰ੍ਹਾ ਦੇ ਕਾਨੂੰਨੀ ਵਿਵਾਦਾਂ ਦਾ ਸਹੀ ਨਿਪਟਾਰਾ ਹੋ ਸਕੇਗਾ।

ਮੀਟਿੰਗ ਵਿੱਚ ਕੌਸ਼ੱਲਿਆ ਡੈਮ ਪੰਚਕੂਲਾ ਦਾ ਪੱਕਾ ਕੰਮ ਕਰਨ, ਯਮੁਨਾ ਵਾਟਰ ਸਰਵਿਸਿਜ਼ ਸਰਕਲ ਰੋਹਤਕ ਵਿੱਚ ਭਾਲੋਠ ਸਬ ਬ੍ਰਾਂਚ ਦੀ ਆਰ.ਡੀ 124000 ਤੋਂ 156014 ਤੱਕ ਦੀ ਰੀਕੰਸਟ੍ਰਕਸ਼ਨ, ਬਰਵਾਲਾ ਬ੍ਰਾਂਚ ਤੋਂ ਹਿਸਾਰ ਏਅਰਪੋਰਟ 'ਤੇ ਕੱਚੇ ਪਾਣੀ ਲਈ ਪੰਪਿੰਗ ਸਟੇਸ਼ਨ ਬਣਾਉਣ ਅਤੇ ਰਾਣਾ ਡਿਸਟ੍ਰੀਬਿਊਟਰੀ ਦਾ ਨਿਰਮਾਣ ਕਰਨ ਦੇ ਕਾਰਜਾਂ ਨੂੰ ਪ੍ਰਵਾਨਗੀ ਦਿੱਤੀ ਗਈ। ਇਸੇ ਤਰ੍ਹਾਂ ਪੰਚਕੂਲਾ ਬੱਸ ਸਟੈਂਡ ਰੋਟਰੀ ਤੋਂ ਟ੍ਰੈਫਿਕ ਲਾਈਟ 4-11 ਚੌਂਕ ਤੱਕ ਬਰਸਾਤੀ ਪਾਣੀ ਦੀ ਨਿਕਾਸੀ ਲਈ ਡਰੇਨ ਦਾ ਨਿਰਮਾਣ ਕਰਵਾਉਣ ਅਤੇ ਪਿੰਜੌਰ ਕਾਲਕਾ ਅਰਬਨ ਕੰਪਲੈਕਸ ਸੈਕਟਰ 29 ਵਿੱਚ 10 ਐਮ.ਐਲ.ਡੀ ਦਾ ਸੀਵਰੇਜ ਟ੍ਰੀਟਮੈਂਟ ਪਲਾਂਟ ਬਣਾਉਣ ਦੀ ਮਨਜ਼ੂਰੀ ਦਿੱਤੀ ਗਈ।

ਮੀਟਿੰਗ ਵਿੱਚ ਸੈਕਟਰ 33 ਕੁਰੂਕਸ਼ੇਤਰ ਵਿੱਚ ਗੁਰੂ ਰਵਿਦਾਸ ਭਵਨ ਅਤੇ ਮਿਊਜ਼ੀਅਮ ਦਾ ਨਿਰਮਾਣ ਕਰਵਾਉਣ ਦੀ ਪ੍ਰਵਾਨਗੀ ਦਿੱਤੀ ਗਈ। ਮੁੱਖ ਮੰਤਰੀ ਨੇ ਕਿਹਾ ਕਿ ਸਿੱਖ ਮਿਊਜ਼ੀਅਮ ਦੀ ਤਰਜ਼ 'ਤੇ ਬਣਨ ਵਾਲੇ ਇਸ ਭਵਨ 'ਤੇ 76.60 ਕਰੋੜ ਰੁਪਏ ਦੀ ਲਾਗਤ ਆਵੇਗੀ ਅਤੇ ਲਗਭਗ 24 ਮਹੀਨਿਆਂ ਵਿੱਚ ਬਣ ਕੇ ਤਿਆਰ ਹੋ ਜਾਵੇਗਾ। ਉਨ੍ਹਾਂ ਕਿਹਾ ਕਿ ਇਹ ਲੋਕਾਂ ਦੀ ਆਸਥਾ ਦਾ ਇੱਕ ਬਿਹਤਰ ਕੇਂਦਰ ਬਣੇਗਾ। ਇਸ ਲਈ ਮਿਊਜ਼ੀਅਮ ਦੇ ਨਿਰਮਾਣ ਵਿੱਚ ਕੁਆਲਿਟੀ ਨਾਲ ਕੋਈ ਸਮਝੌਤਾ ਨਹੀਂ ਕੀਤਾ ਜਾਵੇਗਾ।

ਹਾਈ ਪਾਵਰਡ ਪਰਚੇਜ਼ ਕਮੇਟੀ ਵਿੱਚ ਕ੍ਰਿਡ ਰਾਹੀਂ ਓਪਰੇਸ਼ਨ ਅਤੇ ਮੈਨੇਜਮੈਂਟ ਸਿਸਟਮ ਨੂੰ ਮਜ਼ਬੂਤ ਬਣਾਉਣ ਲਈ ਲਗਭਗ 16 ਕਰੋੜ ਰੁਪਏ ਦੀ ਲਾਗਤ ਨਾਲ ਸੇਵਾਵਾਂ ਨੂੰ ਵਧਾਇਆ ਜਾਵੇਗਾ। ਇਸ ਤੋਂ ਇਲਾਵਾ ਸਕਿੱਲ ਡਿਵੈਲਪਮੈਂਟ ਅਤੇ ਉਦਯੋਗਿਕ ਖੇਤਰ ਵਿੱਚ ਨੌਜਵਾਨਾਂ ਨੂੰ ਸਿਖਲਾਈ ਦੇਣ ਲਈ ਵਿਭਾਗ ਦੀ ਮਸ਼ੀਨਰੀ ਅਤੇ ਉਪਕਰਨਾਂ ਦੀ ਖਰੀਦ ਅਤੇ ਬੋਰਡਾਂ ਤੇ ਕਾਰਪੋਰੇਸ਼ਨਾਂ ਵਿੱਚ ਕਾਰਜਾਂ ਲਈ ਸੀਮੈਂਟ ਦੀ ਖਰੀਦ ਨੂੰ ਵੀ ਮਨਜ਼ੂਰੀ ਦਿੱਤੀ ਗਈ।

ਮੀਟਿੰਗ ਵਿੱਚ ਵਧੀਕ ਮੁੱਖ ਸਕੱਤਰ ਸੁਮਿਤਾ ਮਿਸ਼ਰਾ, ਏ. ਕੇ. ਸਿੰਘ, ਕਮਿਸ਼ਨਰ ਅਤੇ ਸਕੱਤਰ ਪੰਕਜ ਯਾਦਵ, ਪੀ.ਸੀ. ਮੀਨਾ, ਅਸ਼ੋਕ ਮੀਨਾ, ਜੇ. ਗਣੇਸ਼ਨ, ਮੁੱਖ ਮੰਤਰੀ ਦੇ ਉਪ-ਪ੍ਰਧਾਨ ਸਕੱਤਰ ਯਸ਼ਪਾਲ ਯਾਦਵ, ਡਾਇਰੈਕਟਰ ਜਨਰਲ ਸਪਲਾਈ ਐਂਡ ਡਿਸਪੋਜ਼ਲ ਪੰਕਜ, ਜਨ ਸਿਹਤ ਦੇਵੇਂਦਰ ਦਹੀਆ ਸਮੇਤ ਕਈ ਸੀਨੀਅਰ ਅਧਿਕਾਰੀ ਮੌਜੂਦ ਸਨ

# ਰਾਸ਼ਟਰੀ ਰਾਜਧਾਨੀ ਖੇਤਰ ਦੇ ਵਿਕਾਸ ਨੂੰ ਲੈ ਕੇ ਰੀਜਨਲ ਪਲਾਨ 2041 ਹੋਵੇਗਾ ਤਿਆਰ

## ਕੇਂਦਰੀ ਆਵਾਸ ਅਤੇ ਸ਼ਹਿਰੀ ਮਾਮਲੇ ਮੰਤਰੀ ਸ੍ਰੀ ਮਨੋਹਰ ਲਾਲ ਦੀ ਅਗਵਾਈ ਹੇਠ ਨਵੀਂ ਦਿੱਲੀ ਵਿੱਚ ਐਨ.ਸੀ.ਆਰ. ਪਲਾਨਿੰਗ ਬੋਰਡ ਦੀ 42ਵੀਂ ਮੀਟਿੰਗ ਵਿੱਚ ਲਿਆ ਗਿਆ ਫ਼ੈਸਲਾ







ਨਵੀਂ ਦਿੱਲੀ 16 ਜੂਨ (ਅੰਮ੍ਰਿਤਪਾਲ ਸਿੰਘ) ਕੇਂਦਰੀ ਆਵਾਸ ਅਤੇ ਸ਼ਹਿਰੀ ਮਾਮਲੇ ਮੰਤਰੀ ਸ੍ਰੀ ਮਨੋਹਰ ਲਾਲ ਦੀ ਅਗਵਾਈ ਹੇਠ ਮੰਗਲਵਾਰ ਨੂੰ ਨਵੀਂ ਦਿੱਲੀ ਸਥਿਤ ਵਿਗਿਆਨ ਭਵਨ ਵਿੱਚ ਰਾਸ਼ਟਰੀ ਰਾਜਧਾਨੀ ਖੇਤਰ ਯੋਜਨਾ ਬੋਰਡ ਦੀ 42ਵੀਂ ਮੀਟਿੰਗ ਹੋਈ।

ਹਰਿਆਣਾ ਦੇ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ, ਦਿੱਲੀ ਦੀ ਮੁੱਖ ਮੰਤਰੀ ਸ੍ਰੀਮਤੀ ਰੇਖਾ ਗੁਪਤਾ, ਉੱਤਰ ਪ੍ਰਦੇਸ਼ ਦੇ ਕੈਬਨਿਟ ਮੰਤਰੀ ਏ.ਕੇ. ਸ਼ਰਮਾ ਅਤੇ ਰਾਜਸਥਾਨ ਦੇ ਸ਼ਹਿਰੀ ਸਥਾਨਕ ਨਿਕਾਏ ਮੰਤਰੀ ਸ੍ਰੀ ਝਾਬਰ ਸਿੰਘ ਖੱਰਾ ਇਸ ਮੀਟਿੰਗ ਵਿੱਚ ਸ਼ਾਮਲ ਹੋਏ।

ਹਰਿਆਣਾ ਦੇ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਨੇ ਮੀਟਿੰਗ ਤੋਂ ਬਾਅਦ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਮੀਟਿੰਗ ਵਿੱਚ ਰਾਸ਼ਟਰੀ ਰਾਜਧਾਨੀ ਖੇਤਰ ਦੇ ਵਿਕਾਸ ਨਾਲ ਜੁੜੇ ਮਹੱਤਵਪੂਰਨ ਮੁੱਦਿਆਂ 'ਤੇ ਵਿਸਤਾਰ ਚਰਚਾ ਹੋਈ। ਅੱਜ ਮੀਟਿੰਗ ਵਿੱਚ ਤੈਅ ਕੀਤਾ ਗਿਆ ਕਿ ਰਾਸ਼ਟਰੀ ਰਾਜਧਾਨੀ ਖੇਤਰ ਦੇ ਖੇਤਰੀ ਦਾਇਰੇ ਵਿੱਚ ਕੋਈ ਬਦਲਾਅ ਨਹੀਂ ਕੀਤਾ ਜਾਵੇਗਾ ਅਤੇ ਮੌਜੂਦਾ ਸੀਮਾ ਬਰਕਰਾਰ ਰਹੇਗੀ।

ਮੁੱਖ ਮੰਤਰੀ ਨੇ ਦੱਸਿਆ ਕਿ ਮੀਟਿੰਗ ਵਿੱਚ ਰਾਸ਼ਟਰੀ ਰਾਜਧਾਨੀ ਖੇਤਰ ਦੇ ਰੀਜਨਲ ਪਲਾਨ-2041 'ਤੇ ਚਰਚਾ ਹੋਈ। ਇਸ ਵਿੱਚ ਐਨ.ਸੀ.ਆਰ. ਦੇ ਭਵਿੱਖ ਦੇ ਵਿਕਾਸ, ਸ਼ਹਿਰੀ ਨਿਯੋਜਨ (ਪਲਾਨਿੰਗ), ਵਾਤਾਵਰਣ ਸੁਰੱਖਿਆ, ਇੰਫਰਾਸਟ੍ਰਕਚਰ ਵਿਕਾਸ ਅਤੇ ਸਸਟੇਨੇਬਲ ਗ੍ਰੋਥ ਨਾਲ ਸਬੰਧਤ ਵੱਖ-ਵੱਖ ਪਹਿਲੂਆਂ 'ਤੇ ਡੂੰਘੀ ਚਰਚਾ ਕੀਤੀ ਗਈ। ਰੀਜਨਲ ਪਲਾਨ-2041 ਨੂੰ ਅੰਤਿਮ ਰੂਪ ਦੇਣ ਲਈ ਕੇਂਦਰ ਸਰਕਾਰ ਅਤੇ ਸਬੰਧਤ ਰਾਜ ਸਰਕਾਰਾਂ (ਹਰਿਆਣਾ, ਉੱਤਰ ਪ੍ਰਦੇਸ਼, ਰਾਜਸਥਾਨ ਅਤੇ ਦਿੱਲੀ) ਦੇ ਸੀਨੀਅਰ ਅਧਿਕਾਰੀਆਂ ਦੀ ਇੱਕ ਸਬ-ਕਮੇਟੀ ਗਠਿਤ ਕੀਤੀ ਗਈ ਹੈ। ਇਹ ਸਬ-ਕਮੇਟੀ 15 ਅਗਸਤ, 2026 ਤੱਕ ਆਪਣੀ ਅੰਤਿਮ ਰਿਪੋਰਟ ਬੋਰਡ ਨੂੰ ਸੌਂਪੇਗੀ।

ਮੁੱਖ ਮੰਤਰੀ ਨੇ ਦੱਸਿਆ ਕਿ ਰਾਸ਼ਟਰੀ ਰਾਜਧਾਨੀ ਯੋਜਨਾ ਬੋਰਡ ਦੀ ਅਗਲੀ ਮੀਟਿੰਗ ਦਸੰਬਰ 2026 ਵਿੱਚ ਗੁਰੂਗ੍ਰਾਮ (ਹਰਿਆਣਾ) ਵਿੱਚ ਆਯੋਜਿਤ ਕੀਤੀ ਜਾਵੇਗੀ। ਅੱਜ ਦੀ ਮੀਟਿੰਗ ਵਿੱਚ ਆਰ.ਆਰ.ਟੀ.ਐਸ. (ਰੈਪਿਡ ਰੇਲ ਟ੍ਰਾਂਜ਼ਿਟ ਸਿਸਟਮ) ਦੇ ਨਾਲ-ਨਾਲ ਚਾਰ ਨਵੇਂ ਗ੍ਰੀਨਫੀਲਡ ਸ਼ਹਿਰ ਵਿਕਸਿਤ ਕਰਨ ਦਾ ਮਹੱਤਵਪੂਰਨ ਫ਼ੈਸਲਾ ਲਿਆ ਗਿਆ। ਬੋਰਡ ਦੇ ਸਾਰੇ ਮੈਂਬਰ ਰਾਜ ਇੱਕ-ਇੱਕ ਨਵੇਂ ਗ੍ਰੀਨ ਫੀਲਡ ਸ਼ਹਿਰ ਦੀ ਵਿਕਾਸ ਯੋਜਨਾ ਭੇਜਣਗੇ। ਨਮੋ ਸਿਟੀ ਦੇ ਨਾਮ ਨਾਲ ਵਿਕਸਿਤ ਹੋਣ ਵਾਲੇ ਇਹ ਸ਼ਹਿਰ ਆਧੁਨਿਕ, ਵਾਤਾਵਰਣ-ਅਨੁਕੂਲ ਅਤੇ ਆਤਮ-ਨਿਰਭਰ ਸ਼ਹਿਰੀ ਕੇਂਦਰਾਂ ਵਜੋਂ ਵਿਕਸਿਤ ਕੀਤੇ ਜਾਣਗੇ।

ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਨੇ ਕਿਹਾ ਕਿ ਰਾਸ਼ਟਰੀ ਰਾਜਧਾਨੀ ਯੋਜਨਾ ਬੋਰਡ ਦੇ ਇਨ੍ਹਾਂ ਫ਼ੈਸਲਿਆਂ ਨਾਲ ਦਿੱਲੀ-ਐਨ.ਸੀ.ਆਰ. ਖੇਤਰ ਦਾ ਸੰਤੁਲਿਤ ਅਤੇ ਮਜ਼ਬੂਤ ਵਿਕਾਸ ਯਕੀਨੀ ਹੋਵੇਗਾ। ਹਰਿਆਣਾ ਸਰਕਾਰ ਐਨ.ਸੀ.ਆਰ. ਦੇ ਵਿਕਾਸ ਨੂੰ ਸਰਵਉੱਚ ਤਰਜੀਹ ਦੇ ਰਹੀ ਹੈ ਅਤੇ ਗ੍ਰੀਨਫੀਲਡ ਸ਼ਹਿਰਾਂ ਤੇ ਆਰ.ਆਰ.ਟੀ.ਐਸ. ਪ੍ਰੋਜੈਕਟਾਂ ਨੂੰ ਤੇਜ਼ੀ ਨਾਲ ਅੱਗੇ ਵਧਾਏਗੀ।

ਇਸ ਮੌਕੇ ਮੁੱਖ ਮੰਤਰੀ ਦੇ ਮੁੱਖ ਪ੍ਰਧਾਨ ਸਕੱਤਰ ਰਾਜੇਸ਼ ਖੁੱਲਰ, ਹਰਿਆਣਾ ਦੇ ਮੁੱਖ ਸਕੱਤਰ ਅਨੁਰਾਗ ਰਸਤੋਗੀ, ਭਾਰਤ ਸਰਕਾਰ ਦੇ ਆਵਾਸ ਅਤੇ ਸ਼ਹਿਰੀ ਮਾਮਲੇ ਮੰਤਰਾਲੇ ਦੇ ਸਕੱਤਰ ਸ਼੍ਰੀਨਿਵਾਸ ਕਾਤਿਕੀਥਾਲਾ, ਸੜਕ ਆਵਾਜਾਈ ਅਤੇ ਰਾਜਮਾਰਗ ਮੰਤਰਾਲੇ ਦੇ ਸਕੱਤਰ ਵੀ. ਉਮਾਸ਼ੰਕਰ ਸਮੇਤ ਐਨ.ਸੀ.ਆਰ. ਖੇਤਰ ਨਾਲ ਸਬੰਧਤ ਰਾਜਾਂ ਦੇ ਸੀਨੀਅਰ ਅਧਿਕਾਰੀ ਮੌਜੂਦ ਸਨ।

# ਮੁੱਖ ਮੰਤਰੀ ਨੇ ਵਿਧਾਨ ਸਭਾ ਸਪੀਕਰ ਨਾਲ ਵਿਧਾਨ ਸਭਾ ਕੰਪਲੈਕਸ ਵਿੱਚ ਕੀਤਾ ਯੋਗ ਪ੍ਰੋਟੋਕੋਲ ਦਾ ਅਭਿਆਸ



ਪੰਚਕੂਲਾ 16 ਜੂਨ (ਅੰਮ੍ਰਿਤਪਾਲ ਸਿੰਘ) ਹਰਿਆਣਾ ਦੇ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਨੇ ਮੰਗਲਵਾਰ ਨੂੰ ਹਰਿਆਣਾ ਵਿਧਾਨ ਸਭਾ ਕੰਪਲੈਕਸ ਵਿੱਚ ਯੋਗ ਪ੍ਰੋਟੋਕੋਲ ਦਾ ਅਭਿਆਸ ਕੀਤਾ। ਹਰਿਆਣਾ ਵਿਧਾਨ ਸਭਾ ਦੇ ਸਪੀਕਰ ਸ੍ਰੀ ਹਰਵਿੰਦਰ ਕਲਿਆਣ, ਖੇਤੀਬਾੜੀ ਅਤੇ ਕਿਸਾਨ ਭਲਾਈ ਮੰਤਰੀ ਸ੍ਰੀ ਸ਼ਿਆਮ ਸਿੰਘ ਰਾਣਾ ਸਮੇਤ ਕਈ ਮਾਣਯੋਗ ਸੱਜਣ ਵੀ ਮੁੱਖ ਮੰਤਰੀ ਦੇ ਨਾਲ ਕਾਮਨ ਯੋਗ ਪ੍ਰੋਟੋਕੋਲ ਅਭਿਆਸ ਵਿੱਚ ਸ਼ਾਮਲ ਹੋਏ। ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਅਤੇ ਵਿਧਾਨ ਸਭਾ ਸਪੀਕਰ ਸ੍ਰੀ ਹਰਵਿੰਦਰ ਕਲਿਆਣ ਨੇ ਜੋਤ ਜਗਾ ਕੇ ਯੋਗ ਪ੍ਰੋਟੋਕੋਲ ਅਭਿਆਸ ਸੈਸ਼ਨ ਦੀ ਸ਼ੁਰੂਆਤ ਕੀਤੀ ਅਤੇ ਨਿਰਧਾਰਤ ਕ੍ਰਮ ਵਿੱਚ ਕੌਮਾਂਤਰੀ ਯੋਗ ਦਿਵਸ ਦੇ ਮੌਕੇ 'ਤੇ ਕੀਤੇ ਜਾਣ ਵਾਲੇ ਸਾਰੇ ਯੋਗ ਅਭਿਆਸ ਕੀਤੇ। ਹਰਿਆਣਾ ਯੋਗ ਕਮਿਸ਼ਨ ਦੇ ਚੇਅਰਮੈਨ ਡਾ. ਜੈਦੀਪ ਆਰੀਆ ਨੇ ਯੋਗ ਟ੍ਰੇਨਰਾਂ ਦੇ ਨਾਲ ਸਾਰੇ ਯੋਗ ਪ੍ਰੋਟੋਕੋਲ ਅਨੁਸਾਰ ਪ੍ਰਾਰਥਨਾ, ਸਰੀਰਕ ਹਿਲਜੁਲ ਅਭਿਆਸ, ਯੋਗਾਸਨ ਤਹਿਤ ਖੜ੍ਹੇ ਹੋ ਕੇ, ਬੈਠ ਕੇ, ਪੇਟ ਦੇ ਭਾਰ ਲੇਟ ਕੇ ਅਤੇ ਪਿੱਠ ਦੇ ਭਾਰ ਲੇਟ ਕੇ ਕੀਤੇ ਜਾਣ ਵਾਲੇ ਆਸਣ, ਪ੍ਰਾਣਾਯਾਮ, ਧਿਆਨ ਅਤੇ ਸ਼ਾਂਤੀਪਾਠ ਦਾ ਅਭਿਆਸ ਕਰਵਾਇਆ।

ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਨੇ ਕਿਹਾ ਕਿ ਯੋਗ ਸਾਨੂੰ 'ਮੈਂ' ਤੋਂ 'ਅਸੀਂ' ਤੱਕ ਦੀ ਯਾਤਰਾ ਕਰਵਾਉਂਦਾ ਹੈ ਅਤੇ ਇਹ ਸਾਨੂੰ ਆਪਣੇ ਆਪ ਨਾਲ ਅਤੇ ਸਮਾਜ ਨਾਲ ਜੋੜਨ ਦਾ ਕੰਮ ਕਰਦਾ ਹੈ। ਪੂਰੀ ਦੁਨੀਆ 21 ਜੂਨ ਨੂੰ ਕੌਮਾਂਤਰੀ ਯੋਗ ਦਿਵਸ ਮਨਾਏਗੀ, ਪਰ ਸਾਨੂੰ ਸਮਝਣ ਦੀ ਲੋੜ ਹੈ ਕਿ ਸਾਨੂੰ ਸਿਰਫ਼ ਇੱਕ ਦਿਨ ਲਈ ਯੋਗ ਦਿਵਸ ਨਹੀਂ ਮਨਾਉਣਾ, ਸਗੋਂ ਇਸ ਨੂੰ ਜ਼ਿੰਦਗੀ ਦੇ ਨਾਲ ਇੱਕ ਸੰਕਲਪ ਵਾਂਗ ਜੋੜਨਾ ਹੈ। ਹਰਿਆਣਾ ਵਿੱਚ ਰਾਜ ਪੱਧਰੀ ਯੋਗ ਦਿਵਸ ਸਮਾਗਮ ਪੰਚਕੂਲਾ ਵਿੱਚ ਆਯੋਜਿਤ ਕੀਤਾ ਜਾਵੇਗਾ। ਉਨ੍ਹਾਂ ਨੇ ਸੂਬਾ ਵਾਸੀਆਂ ਨੂੰ ਅਪੀਲ ਕੀਤੀ ਕਿ ਉਹ ਨਿਯਮਤ ਤੌਰ 'ਤੇ ਆਪਣੇ ਨੇੜਲੇ ਯੋਗ ਪ੍ਰੋਗਰਾਮਾਂ ਵਿੱਚ ਹਿੱਸਾ ਲੈਣ ਅਤੇ ਯੋਗ ਦੇ ਮਾਧਿਅਮ ਰਾਹੀਂ ਮਾਨਸਿਕ ਅਤੇ ਸਰੀਰਕ ਤੌਰ 'ਤੇ ਸਿਹਤਮੰਦ ਰਹਿ ਕੇ ਦੇਸ਼ ਦੀ ਤਰੱਕੀ ਵਿੱਚ ਆਪਣਾ ਯੋਗਦਾਨ ਪਾਉਣ।

ਮੁੱਖ ਮੰਤਰੀ ਨੇ ਕਿਹਾ ਕਿ ਪ੍ਰਧਾਨ ਮੰਤਰੀ ਸ੍ਰੀ ਨਰੇਂਦਰ ਮੋਦੀ ਨੇ ਜਦੋਂ 2014 ਵਿੱਚ ਸੰਯੁਕਤ ਰਾਸ਼ਟਰ ਦੇ ਮਾਧਿਅਮ ਰਾਹੀਂ ਦੁਨੀਆ ਨੂੰ ਯੋਗ ਨਾਲ ਜਾਣੂ ਕਰਵਾਇਆ, ਤਾਂ ਪੂਰੀ ਦੁਨੀਆ ਨੇ ਇਸ ਦੀ ਮਹੱਤਤਾ ਨੂੰ ਸਮਝਦੇ ਹੋਏ ਭਾਰਤ ਦੀ ਇਸ ਪਹਿਲਕਦਮੀ ਦਾ ਖੁੱਲ੍ਹੇ ਦਿਲ ਨਾਲ ਸਵਾਗਤ ਕੀਤਾ।

# ਸਫਲਤਾ ਹਮੇਸ਼ਾ ਯੋਗਤਾ ਅਤੇ ਮੌਕੇ ਤੋਂ ਮਿਲਦੀ ਹੈ: ਅਨਿਲ ਵਿਜ

## 'ਜਦੋਂ ਸ਼ਹਿਰ ਵਿੱਚ ਇੱਕ ਨਵਾਂ ਬੱਲਬ ਜਗਦਾ ਹੈ, ਤਾਂ ਮੇਰਾ ਦਿਲ ਵੀ ਖੁਸ਼ੀ ਨਾਲ ਜਗਦਾ ਹੈ'




ਅੰਬਾਲਾ, 16 ਜੂਨ (ਪ੍ਰਤੀਨਿਧੀ) : ਹਰਿਆਣਾ ਦੇ ਊਰਜਾ, ਆਵਾਜਾਈ ਅਤੇ ਕਿਰਤ ਮੰਤਰੀ ਅਨਿਲ ਵਿਜ ਨੇ ਕਿਹਾ, ÷ਜਦੋਂ ਸ਼ਹਿਰ ਵਿੱਚ ਇੱਕ ਨਵਾਂ ਬੱਲਬ ਜਗਦਾ ਹੈ, ਤਾਂ ਮੇਰਾ ਦਿਲ ਵੀ ਖੁਸ਼ੀ ਨਾਲ ਜਗਦਾ ਹੈ। ਅੱਜ, ਸੈਂਟਰਲ ਫੀਨਿਕਸ ਕਲੱਬ ਵਿਖੇ ਇੱਕ ਨਵਾਂ ਹਾਲ ਬਣਾ ਕੇ, ਤੁਸੀਂ ਅੰਬਾਲਾ ਛਾਉਣੀ ਵਿੱਚ ਕੁਝ ਨਵਾਂ ਜੋੜਿਆ ਹੈ, ਜਿੱਥੇ ਜੀਵਨ ਦੇ ਵੱਖ-ਵੱਖ ਖੇਤਰਾਂ ਦੇ ਲੋਕ ਸਮਾਗਮਾਂ ਦਾ ਆਯੋਜਨ ਕਰ ਸਕਣਗੇ।

ਵਿਜ ਕੱਲ੍ਹ ਦੇਰ ਸ਼ਾਮ ਅੰਬਾਲਾ ਛਾਉਣੀ ਦੇ ਸੈਂਟਰਲ ਫੀਨਿਕਸ ਕਲੱਬ ਵਿਖੇ ਨਵੇਂ ਬਣੇ ਸੈਫਰਨ ਹਾਲ ਦਾ ਉਦਘਾਟਨ ਕਰਨ ਤੋਂ ਬਾਅਦ ਕਲੱਬ ਦੇ ਮੈਂਬਰਾਂ ਨੂੰ ਸੰਬੋਧਨ ਕਰ ਰਹੇ ਸਨ। ਇਸ ਤੋਂ ਪਹਿਲਾਂ, ਸਮਾਗਮ ਵਿੱਚ ਪਹੁੰਚਣ 'ਤੇ, ਕਲੱਬ ਦੇ ਚੇਅਰਮੈਨ ਸ਼ੈਲੇਂਦਰ ਖੰਨਾ ਅਤੇ ਹੋਰ ਅਧਿਕਾਰੀਆਂ ਨੇ ਉਨ੍ਹਾਂ ਦਾ ਸਵਾਗਤ ਕੀਤਾ। ਊਰਜਾ ਮੰਤਰੀ ਅਨਿਲ ਵਿਜ ਨੇ ਕਿਹਾ ਕਿ ਅੰਬਾਲਾ ਛਾਉਣੀ ਵਿੱਚ ਇੱਕ ਬਹੁਤ ਹੀ ਸੁੰਦਰ ਹਾਲ ਬਣਾਇਆ ਗਿਆ ਹੈ, ਅਤੇ ਇਸਦੀ ਲੋੜ ਸੀ। ਪਹਿਲਾਂ, ਦੋ ਹਾਲ ਸਨ ਜਿਨ੍ਹਾਂ ਨੂੰ ਇੱਕ ਵਿੱਚ ਮਿਲਾ ਦਿੱਤਾ ਗਿਆ ਹੈ। ਇਹ ਲੋਕਾਂ ਨੂੰ ਸਮਾਗਮ ਕਰਵਾਉਣ ਲਈ ਇੱਕ ਬਿਹਤਰ ਜਗ੍ਹਾ ਪ੍ਰਦਾਨ ਕਰੇਗਾ। ਇਸ ਤੋਂ ਇਲਾਵਾ, ਇੱਥੇ ਹੋਰ ਵੀ ਬਹੁਤ ਸਾਰੀਆਂ ਗਤੀਵਿਧੀਆਂ ਸੰਭਵ ਹੋਣਗੀਆਂ। ਇਸ ਮੌਕੇ ਕਲੱਬ ਦੇ ਜਨਰਲ ਸਕੱਤਰ ਅਸ਼ਵਨੀ ਭਾਟੀਆ, ਖਜ਼ਾਨਚੀ ਸੌਰਭ ਗਾਂਧੀ, ਸੰਯੁਕਤ ਸਕੱਤਰ ਸੰਜੇ ਅਗਰਵਾਲ, ਮੈਂਬਰ ਧੀਰਜ ਭੰਡਾਰੀ, ਸੰਜੀਵ ਜੈਨ, ਸੁਨੀਤ ਜੈਨ, ਹਰਨੀਤ ਸਿੰਘ, ਵਿਸ਼ਾਲ ਹਾਂਡਾ, ਰਾਜੀਵ ਗੋਇਲ, ਵਿਕਾਸ ਚੌਨਾ, ਸੰਜੀਵ ਵਾਲੀਆ, ਡਾ. ਨੀਰਜ ਪਰਾਸ਼ਰ, ਨਰੇਸ਼ ਸਾਹੀ, ਨਵਲ ਸੂਦ ਅਤੇ ਹੋਰ ਮੌਜੂਦ ਸਨ। ਊਰਜਾ ਮੰਤਰੀ ਅਨਿਲ ਵਿਜ ਨੇ ਕਲੱਬ ਦੇ ਚੇਅਰਮੈਨ ਸ਼ੈਲੇਂਦਰ ਖੰਨਾ ਦੀ ਪ੍ਰਸ਼ੰਸਾ ਕਰਦੇ ਹੋਏ ਕਿਹਾ ਕਿ ਉਹ ਉਨ੍ਹਾਂ ਨੂੰ ਚੰਗੀ ਤਰ੍ਹਾਂ ਜਾਣਦੇ ਹਨ। ਉਹ ਹਮੇਸ਼ਾ ਕੁਝ ਨਵਾਂ, ਸੁੰਦਰ ਅਤੇ ਬਿਹਤਰ ਕਰਨ ਲਈ ਉਤਸੁਕ ਰਹਿੰਦੇ ਹਨ, ਅਤੇ ਉਹ ਆਪਣੇ ਛੋਟੇ ਭਰਾ ਵਾਂਗ ਹਨ। ਰਚਨਾਤਮਕਤਾ ਵਾਲੇ ਹੀ ਕੁਝ ਨਵਾਂ ਕਰ ਸਕਦੇ ਹਨ। ਜੇਕਰ ਤੁਹਾਡੇ ਕੋਲ ਰਚਨਾਤਮਕਤਾ ਹੈ, ਤਾਂ ਤੁਹਾਨੂੰ ਮੌਕਾ ਨਹੀਂ ਮਿਲੇਗਾ। ਸ਼ੈਲੇਂਦਰ ਖੰਨਾ ਕੋਲ ਉਹ ਰਚਨਾਤਮਕਤਾ ਸੀ, ਅਤੇ 'ਆਪ' ਮੈਂਬਰਾਂ ਨੇ ਉਨ੍ਹਾਂ ਨੂੰ ਚੇਅਰਮੈਨ ਬਣਾਇਆ, ਜਿਸ ਨਾਲ ਉਨ੍ਹਾਂ ਨੂੰ ਆਪਣੀ ਸਮਰੱਥਾ ਦਾ ਪ੍ਰਦਰਸ਼ਨ ਕਰਨ ਦਾ ਮੌਕਾ ਮਿਲਿਆ। ਊਰਜਾ ਮੰਤਰੀ ਅਨਿਲ ਵਿਜ ਨੇ ਕਿਹਾ ਕਿ ਹਰ ਕਿਸੇ ਕੋਲ ਕੁਝ ਨਾ ਕੁਝ ਸਮਰੱਥਾ ਹੁੰਦੀ ਹੈ। ਸਫਲਤਾ ਹਮੇਸ਼ਾ ਯੋਗਤਾ ਅਤੇ ਮੌਕੇ ਤੋਂ ਆਉਂਦੀ ਹੈ। ਜੇਕਰ ਤੁਹਾਡੇ ਕੋਲ ਯੋਗਤਾ ਹੈ ਪਰ ਮੌਕਾ ਨਹੀਂ ਮਿਲਦਾ, ਤਾਂ ਤੁਸੀਂ ਸਫਲ ਨਹੀਂ ਹੋਵੋਗੇ। ਇਸੇ ਤਰ੍ਹਾਂ, ਜੇਕਰ ਕਿਸੇ ਅਯੋਗ ਵਿਅਕਤੀ ਨੂੰ ਮੌਕਾ ਮਿਲਦਾ ਹੈ, ਤਾਂ ਉਹ ਸਫਲ ਨਹੀਂ ਹੋਵੇਗਾ। ਅਸੀਂ ਇਹ ਹਰ ਜਗ੍ਹਾ ਦੇਖਦੇ ਹਾਂ। ਦੇਸ਼, ਰਾਜ ਅਤੇ ਜ਼ਿਲ੍ਹੇ ਦੇ ਆਲੇ-ਦੁਆਲੇ ਨਜ਼ਰ ਮਾਰਨ ਤੋਂ ਪਤਾ ਲੱਗਦਾ ਹੈ ਕਿ ਮੌਕੇ ਦਿੱਤੇ ਗਏ ਸਨ ਪਰ ਕੁਝ ਨਹੀਂ ਕੀਤਾ ਗਿਆ। ਬਹੁਤ ਸਾਰੇ ਲੋਕਾਂ ਨੂੰ ਮੌਕੇ ਮਿਲੇ ਹਨ ਪਰ ਕੁਝ ਨਹੀਂ ਕੀਤਾ। ਮੌਕਿਆਂ ਨੂੰ ਖੋਹਣ ਲਈ ਕਈ ਤਰ੍ਹਾਂ ਦੀਆਂ ਚਾਲਾਂ ਵਰਤੀਆਂ ਜਾਂਦੀਆਂ ਹਨ। ਸਾਡੀ ਰਾਜਨੀਤੀ ਵਿੱਚ, ਲੋਕ ਬਹੁਤ ਸਾਰੇ ਦਾਅ ਲਗਾਉਂਦੇ ਹਨ। ਕਈ ਵਾਰ, ਮੌਕੇ ਪੇਸ਼ ਕੀਤੇ ਜਾਂਦੇ ਹਨ, ਪਰ ਨਤੀਜੇ ਨਹੀਂ ਮਿਲਦੇ। ਇਸ ਲਈ, ਦੋਵਾਂ ਦਾ ਮੇਲ ਜ਼ਰੂਰੀ ਹੈ। ਸਾਡੀ ਦੁਨੀਆ ਰਚਨਾਤਮਕ ਲੋਕਾਂ ਨਾਲ ਭਰੀ ਹੋਈ ਹੈ। ਮਨੁੱਖਤਾ ਨੇ ਹੌਲੀ-ਹੌਲੀ ਵਿਕਾਸ ਦੇ ਰੱਥ ਨੂੰ ਅੱਗੇ ਵਧਾਇਆ ਹੈ, ਅਤੇ ਇਹ ਉਨ੍ਹਾਂ ਲੋਕਾਂ ਦੀ ਪ੍ਰਾਪਤੀ ਹੈ ਜੋ ਅਜਿਹਾ ਕਰਨ ਲਈ ਤਿਆਰ ਹਨ।

ਊਰਜਾ ਮੰਤਰੀ ਅਨਿਲ ਵਿਜ ਨੇ ਯਾਦ ਕੀਤਾ ਕਿ ਇੱਕ ਸੱਜਣ ਨੇ ਇੱਕ ਵਾਰ ਉਨ੍ਹਾਂ ਨੂੰ ਜਨਤਕ ਤੌਰ 'ਤੇ ਕਿਹਾ ਸੀ ਕਿ ਅੰਬਾਲਾ ਦੇ ਮੁੰਡੇ ਵਿਆਹ ਨਹੀਂ ਕਰਦੇ ਕਿਉਂਕਿ ਇੱਥੇ ਘੁੰਮਣ ਲਈ ਕੋਈ ਜਗ੍ਹਾ ਨਹੀਂ ਹੈ, ਅਤੇ ਇਸ ਲਈ, ਵਿਆਹ ਤੋਂ ਬਾਅਦ ਕੋਈ ਵੀ ਕੁੜੀ ਇੱਥੇ ਨਹੀਂ ਆਉਣਾ ਚਾਹੁੰਦੀ। ਪਰ ਹੁਣ, ਅਸੀਂ ਅੰਬਾਲਾ ਛਾਉਣੀ ਵਿੱਚ ਮਨੋਰੰਜਨ ਲਈ ਬਹੁਤ ਸਾਰੀਆਂ ਸੁੰਦਰ ਥਾਵਾਂ ਬਣਾਈਆਂ ਹਨ। ਸੁਭਾਸ਼ ਪਾਰਕ ਵਿੱਚ, ਔਰਤਾਂ ਅਤੇ ਜੀਵਨ ਦੇ ਹਰ ਖੇਤਰ ਦੇ ਲੋਕ ਆਪਣਾ ਆਨੰਦ ਮਾਣਦੇ ਹਨ। ਫੀਨਿਕਸ ਕਲੱਬ, ਜੋ ਮੈਂਬਰਾਂ ਨੂੰ ਆਕਰਸ਼ਿਤ ਕਰਦਾ ਹੈ, ਇਸ ਤਰੀਕੇ ਨਾਲ ਲੋਕਾਂ ਨੂੰ ਵੀ ਛੂਹ ਰਿਹਾ ਹੈ।

Printed, Published & Editied by Jaskirat Singh on behalf of Charhdikala Printing Press Pvt. Ltd. Patiala & Printed at I.G. Printers Press Pvt. Ltd., 104 D.S.I.D.C. Complex, Okhla Indl. Area, Phase-1, New Delhi Keeper Jagpal Singh Published at office of Daily Charhdikala 202, INS Bldg, Rafi Marg, New Delhi.
PRGI (RNI) Regd. No. 57283/1994 -Editor: Jaskirat Singh

ਜਸਕੀਰਤ ਸਿੰਘ ਐਡੀਟਰ, ਪ੍ਰਿੰਟਰ, ਪਬਲਿਸ਼ਰ ਨੇ ਰੋਜ਼ਾਨਾ ਚੜ੍ਹਦੀਕਲਾ, ਚੜ੍ਹਦੀਕਲਾ ਪ੍ਰਿੰਟਿੰਗ ਪ੍ਰੈਸ ਪ੍ਰਾਈਵੇਟ ਲਿਮਟਿਡ ਲਈ ਆਈ.ਜੀ. ਪ੍ਰਿੰਟਰਜ਼ ਪ੍ਰੈਸ ਪ੍ਰਾਈਵੇਟ ਲਿਮਟਿਡ 104, ਡੀ.ਐਸ.ਆਈ.ਡੀ.ਸੀ. ਕੰਪਲੈਕਸ, ਔਖਲਾ ਇੰਡਸਟ੍ਰੀਅਲ ਏਰੀਆ, ਫੇਜ਼-1, ਨਵੀਂ ਦਿੱਲੀ ਕੀਪਰ ਜਗਪਾਲ ਸਿੰਘ ਤੋਂ ਛਪਵਾ ਕੇ ਦਫ਼ਤਰ ਰੋਜ਼ਾਨਾ ਚੜ੍ਹਦੀਕਲਾ 202, ਆਈ.ਐਨ.ਐਸ. ਬਿਲਡਿੰਗ, ਰਫੀ ਮਾਰਗ, ਨਵੀਂ ਦਿੱਲੀ ਤੋਂ ਪ੍ਰਕਾਸ਼ਿਤ ਕੀਤਾ।
PRGI (RNI) Regd. No. 57283/1994 -ਸੰਪਾਦਕ: ਜਸਕੀਰਤ ਸਿੰਘ

ਉੱਤਰ ਰੇਲਵੇ
ਈ-ਨੀਲਾਮੀ ਸੂਚਨਾ
ਨੰ.: 7PUB/e-Auction/NIT-2026 ਮਿਤੀ: 15.06.2026
ਸੀਨੀਅਰ ਮੰਡਲ ਵਾਣਿਜ ਪ੍ਰਬੰਧਕ/ਜੀ, ਉੱਤਰ ਰੇਲਵੇ, ਦਿੱਲੀ ਮੰਡਲ, ਨਵੀਂ ਦਿੱਲੀ ਹੇਠਾਂ ਲਿਖਤ ਰੇਲਵੇ ਸਟੇਸ਼ਨਾਂ ਉਤੇ ਐਨਐਫਆਰ ਦੇ ਵਖ-ਵਖ ਕਾਂਟਰੇਕਟਾਂ ਦੇ ਅਲਾਟਮੈਂਟ ਦੇ ਲਈ ਈ-ਨਿਵਿਦਾ ਮੰਗ ਕੀਤੀ ਹੈ।

| ਈ-ਕੈਟਲਾਗ ਨੰ. | ਪਰਿਸੰਪਤੀ ਦਾ ਪ੍ਰਕਾਰ | ਰੇਲਵੇ ਸਟੇਸ਼ਨ | ਈ-ਨੀਲਾਮੀ ਦੇ ਲਈ ਮਿਤੀ ਅਤੇ ਸਮਾਂ |
|---|---|---|---|
| Advt-Jun-03-26 | ਸਟੇਸ਼ਨ ਉਤੇ ਡਿਜਿਟਲ ਲਾਕਰ | ਹਜ਼ਰਤ ਨਿਜਾਮੂਦੀਨ, ਆਨੰਦ ਵਿਹਾਰ ਟਰਮੀਨਲ, ਨਵੀਂ ਦਿੱਲੀ | ਸ਼ੁਰੂ ਹੋਣ ਦਾ ਸਮਾਂ 29.06.2026 ਨੂੰ 11:00 ਵਜੇ |
| Advt-Jun-04-26 | ਸਟੇਸ਼ਨ ਉਤੇ ਡਿਜਿਟਲ ਲਾਕਰ | ਦਿੱਲੀ | ਸ਼ੁਰੂ ਹੋਣ ਦਾ ਸਮਾਂ 01.07.2026 ਨੂੰ 11:00 ਵਜੇ |

ਵੈਬਸਾਈਟ ਵੇਰਵਾ ਜਿਥੇ ਈ-ਨੀਲਾਮੀ ਦਾ ਪੂਰਾ ਵੇਰਵਾ ਵੇਖਿਆ ਜਾ ਸਕਦਾ ਹੈ https://ireps.gov.in/ (E-Auction Leasing)
2053/26
ਸੀਨੀਅਰ ਮੰਡਲ ਵਾਣਿਜ ਪ੍ਰਬੰਧਕ/ਜੀ, ਉਤਰ ਰੇਲਵੇ, ਦਿੱਲੀ ਮੰਡਲ, ਨਵੀਂ ਦਿੱਲੀ
ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ

# ਬੱਚਿਆਂ ਦੇ ਸੰਪੂਰਨ ਵਿਕਾਸ

## ਮਾਂ ਦੇ ਦੁੱਧ ਨਾਲ ਹਲਕਾ ਭੋਜਨ ਵੀ ਜ਼ਰੂਰੀ

*ਜੇਕਰ ਮਾਂ ਨੂੰ ਕੋਈ ਪੁਰਾਣੀ ਬਿਮਾਰੀ ਜਾਂ ਟੀਬੀ, ਕੈਂਸਰ, ਦਮਾ ਆਦਿ ਹੋਵੇ ਤਾਂ ਉਸ ਨੂੰ ਚਾਹੀਦਾ ਹੈ ਕਿ ਉਹ ਆਪਣਾ ਦੁੱਧ ਬੱਚੇ ਨੂੰ ਨਾ ਪਿਲਾਵੇ। ਮਾਂ ਨੂੰ ਜੇਕਰ ਛੂਤ ਦੀ ਬਿਮਾਰੀ ਹੋਵੇ। ਜਦੋਂ ਦੂਸਰਾ ਗਰਭ ਹੋ ਜਾਵੇ ਤਾਂ ਪਹਿਲੇ ਬੱਚੇ ਨੂੰ ਦੁੱਧ ਪਿਲਾਉਣਾ ਬੰਦ ਕਰ ਦੇਣਾ ਚਾਹੀਦਾ ਹੈ ਕਿਉਂਕਿ ਮਾਂ ਦੀ ਸਿਹਤ ਤੇ ਗਰਭ ਵਾਲੇ ਬੱਚੇ ਦੀ ਸਿਹਤ 'ਤੇ ਮਾੜਾ ਅਸਰ ਪੈਂਦਾ ਹੈ। ਮਾਂ ਦਾ ਦੁੱਧ ਘੱਟ ਮਾਤਰਾ ਵਿਚ ਹੋਵੇ ਤਾਂ ਬੱਚੇ ਨੂੰ ਸੰਤੁਸ਼ਟ ਕਰਨ ਲਈ ਬੋਤਲ ਸ਼ੁਰੂ ਕਰ ਦੇਣੀ ਚਾਹੀਦੀ ਹੈ।*

ਬੱਚੇ ਲਈ : 1. ਮਾਂ ਦਾ ਦੁੱਧ ਬੱਚਾ ਆਸਾਨੀ ਨਾਲ ਹਜ਼ਮ ਕਰ ਲੈਂਦਾ ਹੈ ਤੇ ਉਸ ਦਾ ਪੇਟ ਘੱਟ ਖ਼ਰਾਬ ਹੁੰਦਾ ਹੈ। 2. ਬੱਚੇ ਨੂੰ ਮਾਂ ਦੇ ਦੁੱਧ ਨਾਲ ਘੱਟ ਬਿਮਾਰੀਆਂ ਲੱਗਦੀਆਂ ਹਨ ਜਿਵੇਂ ਟੱਟੀਆਂ, ਉਲਟੀਆਂ ਆਦਿ। ਇਕ ਖ਼ਾਸ ਗੱਲ ਇਹ ਹੈ ਕਿ ਜਿਸ ਬਾਰੇ ਮਾਵਾਂ ਨੂੰ ਖ਼ਾਸ ਧਿਆਨ ਦੇਣਾ ਚਾਹੀਦਾ ਹੈ। ਉਹ ਇਹ ਕਿ ਬੱਚੇ ਦੇ ਜਨਮ ਤੋਂ ਬਾਅਦ ਜਿਹੜਾ ਮਾਂ ਦਾ ਦੁੱਧ ਨਿਕਲਦਾ ਹੈ ਉਹ ਹਲਕੇ ਪੀਲੇ ਰੰਗ ਦਾ ਹੁੰਦਾ ਹੈ। ਇਹ ਦੁੱਧ ਬੱਚੇ ਨੂੰ ਜ਼ਰੂਰ ਦੇਣਾ ਚਾਹੀਦਾ ਹੈ ਕਿਉਂਕਿ ਇਸ ਵਿਚ ਬਹੁਤ ਸਾਰੇ ਪੌਸ਼ਟਿਕ ਤੱਤ ਹੁੰਦੇ ਹਨ। ਇਹ ਦੁੱਧ ਬੱਚੇ ਦੀ ਸਿਹਤ ਲਈ ਬਹੁਤ ਲਾਭਦਾਇਕ ਹੁੰਦਾ ਹੈ। 3. ਜਿਹੜੇ ਬੱਚੇ 9 ਮਹੀਨੇ ਤੋਂ ਪਹਿਲਾਂ ਜਨਮ ਲੈਂਦੇ ਹਨ ਉਨ੍ਹਾਂ ਦੀ ਚੰਗੀ ਸਿਹਤ ਲਈ ਮਾਂ ਦਾ ਦੁੱਧ ਬਹੁਤ ਜ਼ਰੂਰੀ ਹੈ।

ਮਾਂ ਲਈ – 1. ਬੱਚੇ ਨੂੰ ਦੁੱਧ ਪਿਆਉਣ ਦਾ, ਮਾਂ ਲਈ ਇਹ ਬਹੁਤ ਆਸਾਨ ਤਰੀਕਾ ਹੈ। ਉਸ ਨੂੰ ਬੱਚੇ ਲਈ ਖ਼ੁਰਾਕ ਤਿਆਰ ਕਰਨ ਵਾਸਤੇ ਕੋਈ ਸਮਾਂ ਨਹੀਂ ਲੱਗਦਾ ਅਤੇ ਉਸ ਨੂੰ ਕਿਸੇ ਕਿਸਮ ਦੀ ਚਿੰਤਾ ਨਹੀਂ ਹੁੰਦੀ ਕਿ ਬੱਚੇ ਨੂੰ ਕਿੰਨੀ



ਮਾਤਰਾ ਵਿਚ ਕਿਵੇਂ ਅਤੇ ਕਦੋਂ ਦੁੱਧ ਦੇਣਾ ਹੈ।

2. ਜਦੋਂ ਮਾਂ ਬੱਚੇ ਨੂੰ ਦੁੱਧ ਪਿਲਾਉਂਦੀ ਹੈ ਤਾਂ ਉਸ ਨੂੰ ਸਰੀਰਕ ਅਤੇ ਮਾਨਸਿਕ ਸੰਤੁਸ਼ਟੀ ਮਿਲਦੀ ਹੈ। ਇਸ ਦੇ ਨਾਲ ਬੱਚੇ ਅਤੇ ਮਾਂ ਦੋਹਾਂ ਨੂੰ ਖ਼ੁਸ਼ੀ ਮਿਲਦੀ ਹੈ। 3. ਜਦੋਂ ਮਾਂ ਬੱਚੇ ਨੂੰ ਦੁੱਧ ਪਿਲਾਉਂਦੀ ਹੈ ਤਾਂ ਉਸ ਦੀ ਬੱਚੇਦਾਨੀ ਆਪਣੀ ਪੁਰਾਣੀ ਅਵਸਥਾ ਵਿਚ ਆ ਜਾਂਦੀ ਹੈ। 4. ਜੇਕਰ ਮਾਂ ਬੱਚੇ ਨੂੰ ਲਗਾਤਾਰ ਦੂਸਰੀ ਖੁਰਾਕ ਦੇ ਨਾਲ–ਨਾਲ 9 ਮਹੀਨੇ ਤੱਕ ਆਪਣਾ ਦੁੱਧ ਪਿਲਾਏ ਤਾਂ ਉਸ ਦਾ ਆਪਣਾ ਭਾਰ ਵੀ ਘੱਟ ਜਾਂਦਾ ਹੈ। 5. ਜਿਹੜੀਆਂ ਮਾਵਾਂ ਜ਼ਿਆਦਾ ਦੁੱਧ ਪਿਲਾਉਂਦੀਆਂ ਹਨ ਤਾਂ ਉਨ੍ਹਾਂ ਦੀ ਛਾਤੀ ਕਮਜ਼ੋਰ ਹੋਣ ਦਾ ਜ਼ਿਆਦਾ ਖ਼ਤਰਾ ਨਹੀਂ ਹੁੰਦਾ।

ਮਾਂ ਨੂੰ ਆਪਣਾ ਦੁੱਧ ਹੇਠ ਲਿਖੇ ਕਾਰਨਾਂ ਕਰਕੇ ਬੱਚੇ ਨੂੰ ਨਹੀਂ ਪਿਲਾਉਣਾ ਚਾਹੀਦਾ

ਜੇਕਰ ਮਾਂ ਨੂੰ ਕੋਈ ਪੁਰਾਣੀ ਬਿਮਾਰੀ ਜਾਂ ਟੀਬੀ, ਕੈਂਸਰ, ਦਮਾ ਆਦਿ ਹੋਵੇ ਤਾਂ ਉਸ ਨੂੰ ਚਾਹੀਦਾ ਹੈ ਕਿ ਉਹ ਆਪਣਾ ਦੁੱਧ ਬੱਚੇ ਨੂੰ ਨਾ ਪਿਲਾਵੇ। ਮਾਂ ਨੂੰ ਜੇਕਰ ਛੂਤ ਦੀ ਬਿਮਾਰੀ ਹੋਵੇ। ਜਦੋਂ ਦੂਸਰਾ ਗਰਭ ਹੋ ਜਾਵੇ ਤਾਂ ਪਹਿਲੇ ਬੱਚੇ ਨੂੰ ਦੁੱਧ ਪਿਲਾਉਣਾ ਬੰਦ ਕਰ ਦੇਣਾ ਚਾਹੀਦਾ ਹੈ ਕਿਉਂਕਿ ਮਾਂ ਦੀ ਸਿਹਤ ਤੇ ਗਰਭ ਵਾਲੇ ਬੱਚੇ ਦੀ ਸਿਹਤ 'ਤੇ ਮਾੜਾ ਅਸਰ ਪੈਂਦਾ ਹੈ। ਮਾਂ ਦਾ ਦੁੱਧ ਘੱਟ ਮਾਤਰਾ ਵਿਚ ਹੋਵੇ ਤਾਂ ਬੱਚੇ ਨੂੰ ਸੰਤੁਸ਼ਟ ਕਰਨ ਲਈ ਬੋਤਲ ਸ਼ੁਰੂ ਕਰ ਦੇਣੀ ਚਾਹੀਦੀ ਹੈ, ਜਦੋਂ ਮਾਂ ਪਹਿਲੇ ਬੱਚੇ ਨੂੰ ਆਪਣਾ ਦੁੱਧ ਪਿਲਾਉਣ ਵਿਚ ਆਪਣੇ ਆਪ 'ਤੇ ਭਰੋਸਾ ਨਾ ਹੋਵੇ। ਨੌਕਰੀ ਕਰਨ ਵਾਲੀਆਂ ਮਾਵਾਂ ਨੰ ਜਲਦੀ ਬੋਤਲ ਸ਼ੁਰੂ ਕਰਨੀ ਪੈਂਦੀ ਹੈ ਕਿਉਂਕਿ ਉਹ ਸਮੇਂ 'ਤੇ ਬੱਚੇ ਨੂੰ ਦੁੱਧ ਨਹੀਂ ਪਿਲਾ ਸਕਦੀਆਂ, ਡੱਬਿਆਂ ਵਾਲੇ ਦੁੱਧ ਦੀ ਮਸ਼ਹੂਰੀ ਦਾ ਵੀ ਅਸਰ ਕਈ ਮਾਵਾਂ 'ਤੇ ਬਹੁਤ ਜ਼ਿਆਦਾ ਪੈਂਦਾ ਹੈ ਕਿਉਂਕਿ ਉਹ ਇਹ ਸੋਚਦੀਆਂ ਹਨ ਜਿਵੇਂ ਮਸ਼ਹੂਰੀ ਵਿਚ ਦੱਸਿਆ ਜਾਂਦਾ ਹੈ ਉਨ੍ਹਾਂ ਦੇ ਬੱਚਿਆਂ ਦੀ ਸਿਹਤ ਆਪਣੇ ਦੁੱਧ ਨਾਲੋਂ ਡੱਬੇ ਵਾਲੇ ਦੁੱਧ ਨਾਲ ਜ਼ਿਆਦਾ ਚੰਗੀ ਹੋਵੇਗੀ। ਜਦੋਂ ਬੱਚਾ ਆਸਾਨੀ ਨਾਲ ਮਾਂ ਦਾ ਦੁੱਧ ਨਹੀਂ ਲੈ ਸਕਦਾ ਤਾਂ ਵੀ ਬੋਤਲ ਜਲਦੀ ਲਗਾਈ ਜਾਂਦੀ ਹੈ।



ਦੁੱਧ ਪਿਲਾਉਣ ਸਮੇਂ ਮਾਂ ਨੂੰ ਜ਼ਿਆਦਾ ਤਲੇ ਹੋਏ ਅਤੇ ਮਿਰਚਾਂ ਵਾਲੇ ਭੋਜਨ ਨਹੀਂ ਖਾਣੇ ਚਾਹੀਦੇ ਕਿਉਂਕਿ ਇਸ ਦੇ ਨਾਲ ਦੁੱਧ ਦੇ ਸਵਾਦ 'ਤੇ ਕਾਫ਼ੀ ਅਸਰ ਪੈਂਦਾ ਹੈ ਅਤੇ ਬੱਚੇ ਨੂੰ ਬਦਹਜ਼ਮੀ ਵੀ ਹੋ ਸਕਦੀ ਹੈ। ਜੇਕਰ ਮਾਂ ਭੋਜਨ ਵਿਚ ਪਿਆਜ਼ ਅਤੇ ਲਸਣ ਦੀ ਜ਼ਿਆਦਾ ਵਰਤੋਂ ਕਰਦੀ ਹੈ ਤਾਂ ਹੋ ਸਕਦਾ ਹੈ ਕਿ ਬੱਚਾ ਇਸ ਦੁੱਧ ਨੂੰ ਪੀਣ ਤੋਂ ਨਾ ਕਰ ਦੇਵੇ ਜਾਂ ਪਸੰਦ ਨਾ ਕਰੇ। ਕਈ ਦਵਾਈਆਂ ਦਾ ਵੀ ਦੁੱਧ ਦੇ ਸਵਾਦ 'ਤੇ ਕਾਫ਼ੀ ਅਸਰ ਪੈਂਦਾ ਹੈ। ਕੋਈ ਵੀ ਦਵਾਈ ਵਰਤਣ ਤੋਂ ਪਹਿਲਾਂ ਡਾਕਟਰ ਦੀ ਸਲਾਹ ਜ਼ਰੂਰ ਲੈਣੀ ਚਾਹੀਦੀ ਹੈ। ਜਦੋਂ ਵੀ ਮਾਂ ਆਪਣੇ ਬੱਚੇ ਨੂੰ ਦੁੱਧ ਪਿਲਾਉਂਦੀ ਹੈ ਤਾਂ ਇਕ ਗੱਲ ਦਾ ਉਸ ਨੂੰ ਖ਼ਾਸ ਖਿਆਲ ਰੱਖਣਾ ਚਾਹੀਦਾ ਹੈ ਕਿ ਉਸ ਨੂੰ ਖ਼ੁਸ਼ ਹੋਣਾ ਚਾਹੀਦਾ ਹੈ ਨਹੀਂ ਤਾਂ ਇਸ ਦਾ ਅਸਰ ਦੁੱਧ 'ਤੇ ਪੈਂਦਾ ਹੈ। ਦੁੱਧ ਪਿਲਾਉਣ ਵਾਲੀ ਮਾਂ ਦੀ ਖੁਰਾਕ ਵਿਚ ਸਾਰੇ ਪੌਸ਼ਟਿਕ ਤੱਤ ਹੋਣੇ ਚਾਹੀਦੇ ਹਨ।

-ਡਾ. ਮਨਮੋਹਨ ਸਿੰਘ

# ਦਮੇ 'ਚ ਲਾਭਦਾਇਕ ਹੈ ਸੇਬ ਦਾ ਜੂਸ



ਜੇਕਰ ਤੁਸੀਂ ਦਮੇ ਦੇ ਖਤਰੇ ਤੋਂ ਬਚਣਾ ਚਾਹੁੰਦੇ ਹੋ ਤਾਂ ਰੋਜ਼ਾਨਾ ਸੇਬ ਦਾ ਜੂਸ ਪੀਓ। ਯੂਰਪੀਅਨ ਰੈਸਪਰੇਟਰੀ ਜਰਨਲ ਵਿਚ ਪ੍ਰਕਾਸ਼ਿਤ ਇਕ ਅਧਿਐਨ 'ਚ ਇਹ ਗੱਲ ਸਾਹਮਣੇ ਆਈ ਹੈ ਉਸ ਅਧਿਐਨ ਵਿਚ ਇਹ ਵੀ ਕਿਹਾ ਗਿਆ ਹੈ ਕਿ ਰੋਜ਼ਾਨਾ ਇਕ ਕੇਲਾ ਖਾਣ ਨਾਲ ਦਮਾ ਹੋਣ ਦਾ ਖਤਰਾ ਇਕ ਤਿਹਾਈ ਘੱਟ ਹੋ ਜਾਂਦਾ ਹੈ। ਮਾਹਿਰਾਂ ਨੇ ਇਸ ਸਿੱਟੇ 'ਤੇ ਪਹੁੰਚਣ ਲਈ ਪ੍ਰਾਇਮਰੀ ਸਕੂਲ ਦੇ 2700 ਬੱਚਿਆਂ ਦਾ ਅਧਿਐਨ ਕੀਤਾ। ਅਧਿਐਨ 'ਚ ਉਨ੍ਹਾਂ ਨੇ ਦੇਖਿਆ ਕਿ ਜੋ ਰੋਜ਼ਾਨਾ ਘੱਟੋ–ਘੱਟ ਇਕ ਵਾਰ ਸੇਬ ਦਾ ਜੂਸ ਪੀਂਦੇ ਸਨ, ਉਨ੍ਹਾਂ 'ਚ ਦਮੇ ਦੀ ਸ਼ਿਕਾਇਤ ਹੋਣ ਦੀ ਅਸ਼ੰਕਾ 50 ਫੀਸਦੀ ਘੱਟ ਸੀ। ਨੈਸ਼ਨਲ ਹਾਰਟ ਐਂਡ ਲੰਗ ਇੰਸਟੀਚਿਊਟ ਇੰਪੀਰੀਅਰ ਕਾਲਜ, ਲੰਡਨ ਦੇ ਪ੍ਰੋਫ਼ੈਸਰ ਡਾ. ਪੀਟਰ ਬਰਨ ਅਧਿਐਨ ਦੌਰਾਨ ਇਹ ਦੇਖ ਕੇ ਹੈਰਾਨ ਹੋ ਗਏ ਕਿ ਸੇਬ ਖਾਣ ਦੀ ਥਾਂ ਇਸ ਦਾ ਜੂਸ ਜ਼ਿਆਦਾ ਲਾਭਕਾਰੀ ਹੈ।

# ਯਾਦਸ਼ਕਤੀ ਤੇਜ਼ ਕਰੇ ਗੁਲਾਬ !

ਗੁਲਾਬ ਦੀ ਮਹਿਕ ਯਾਦ ਸ਼ਕਤੀ ਨੂੰ ਤੇਜ਼ ਬਣਾਉਂਦੀ ਹੈ ਅਤੇ ਇਸ ਨਾਲ ਦਿਮਾਗ ਬੇਹਤਰ ਢੰਗ ਨਾਲ ਕੰਮ ਕਰਨ ਲੱਗਦਾ ਹੈ, ਇਹ ਕਹਿਣਾ ਹੈ ਜਰਮਨੀ ਦੇ ਖੋਜਕਰਤਾਵਾਂ ਦਾ। ਵਿਗਿਆਨ ਮੈਗਜ਼ੀਨ ਸਾਇੰਸ ਵਿਚ ਪ੍ਰਕਾਸ਼ਿਤ ਇਕ ਸਟੱਡੀ ਅਨੁਸਾਰ ਗੁਲਾਬ ਦੀ ਖੁਸ਼ਬੂ ਲੈਣ ਨਾਲ ਪੁਰਾਣੀਆਂ ਤੋਂ ਪੁਰਾਣੀਆਂ ਯਾਦਾਂ ਇਕ ਵਾਰ ਫਿਰ ਤਾਜ਼ਾ ਹੋ ਜਾਂਦੀਆਂ ਹਨ ਲੁਬੇਕ ਯੂਨੀਵਰਸਿਟੀ ਦੇ ਜੇਨ ਬੋਰਨ ਅਤੇ ਉਨ੍ਹਾਂ ਦੇ ਸਹਿਯੋਗੀਆਂ ਨੇ 74 ਲੋਕਾਂ 'ਤੇ ਇਕ ਪ੍ਰਯੋਗ ਕੀਤਾ।

ਪ੍ਰਯੋਗ ਦੌਰਾਨ ਸਾਰੇ ਲੋਕਾਂ ਨੂੰ ਕੁਝ ਕਾਰਡ ਦਿਖਾਏ ਗਏ ਅਤੇ ਕਾਰਡ ਦੇ ਜੋੜਾਂ ਨੂੰ ਯਾਦ ਰੱਖਣ ਦੀ ਹਦਾਇਤ ਦਿੱਤੀ ਗਈ। ਫਿਰ ਇਨ੍ਹਾਂ 'ਚੋਂ ਕੁਝ ਲੋਕਾਂ ਨੂੰ ਗੁਲਾਬ ਦੀ ਖੂਸ਼ਬੂ ਸੁੰਘਾਈ ਗਈ ਅਤੇ ਉਨ੍ਹਾਂ ਸਾਰਿਆਂ ਨੂੰ ਦਿਮਾਗ ਦੀਆਂ ਚੁੰਬਕੀ ਤਸਵੀਰਾਂ ਖਿੱਚਣ ਵਾਲੇ ਯੰਤਰ ਐਮ.ਆਰ.ਆਈ. ਟਿਊਬ ਅੰਦਰ ਸੁਲਾ ਦਿੱਤਾ ਗਿਆ ਤਾਂ ਜੋ ਸਾਰਿਆਂ ਦੀਆਂ ਦਿਮਾਗੀ ਗਤੀਵਿਧੀਆਂ 'ਤੇ ਨਜ਼ਰ ਰੱਖੀ ਜਾ ਸਕੇ। ਥੋੜ੍ਹੀ–ਥੋੜ੍ਹੀ ਦੇਰ ਪਿੱਛੋਂ ਟਿਊਬ ਵਿਚ ਗੁਲਾਬ ਦੀ ਖੂਸ਼ਬੂ ਵੀ ਛੱਡੀ ਗਈ। ਅਗਲੇ ਦਿਨ ਪ੍ਰੀਖਣ ਕਰਨ 'ਤੇ ਪਤਾ ਲੱਗਾ ਕਿ ਗੁਲਾਬ ਦੀ ਖੁਸ਼ਬੂ ਲੈ ਕੇ ਸੌਣ ਵਾਲਿਆਂ ਨੂੰ 97.2 ਫੀਸਦੀ ਤੱਕ ਕਾਰਡ ਦੇ ਜੋੜੇ ਯਾਦ ਰਹੇ, ਜਦੋਂ ਕਿ ਗੁਲਾਬ ਦੀ ਖੂਸ਼ਬੂ ਨਾ ਲੈਣ ਵਾਲਿਆਂ ਨੂੰ 86 ਫੀਸਦੀ ਜੋੜੇ ਹੀ ਯਾਦ ਰਹੇ ਸਨ।

# ਬੱਚਿਆਂ ਵਿੱਚ ਅੱਧੇ ਸਿਰ ਦਰਦ ਦੀ ਸਮੱਸਿਆ

ਅੱਧੇ ਸਿਰ ਦਾ ਦਰਦ ਬੱਚਿਆਂ ਵਿੱਚ ਪਾਇਆ ਜਾਣ ਵਾਲਾ ਇੱਕ ਆਮ ਰੋਗ ਹੈ। ਵਿਸ਼ਵ ਭਰ ਦੇ ਲਗਪਗ 20 ਤੋਂ 25 ਫ਼ੀਸਦੀ ਬੱਚੇ ਇਸ ਰੋਗ ਤੋਂ ਪ੍ਰਭਾਵਿਤ ਹਨ। ਪੰਜ ਤੋਂ ਬਾਰ੍ਹਾਂ ਸਾਲ ਦੀ ਵਿਚਕਾਰਲੀ ਉਮਰ ਵਿੱਚ ਇਸ ਦਾ ਰੁਝਾਨ ਕੁਝ ਜ਼ਿਆਦਾ ਹੁੰਦਾ ਹੈ। ਜੇਕਰ ਬੱਚਾ ਬਹੁਤ ਜ਼ਿਆਦਾ ਅਤੇ ਵਾਰ–ਵਾਰ ਸਿਰਦਰਦ ਦੀ ਸ਼ਿਕਾਇਤ ਕਰਦਾ ਹੈ ਤਾਂ ਮਾਪਿਆਂ ਨੂੰ ਕਿਸੇ ਮਾਹਿਰ ਡਾਕਟਰ ਨੂੰ ਮਿਲ ਕੇ ਇਸ ਰੋਗ ਦਾ ਪਤਾ ਲਗਾਉਣਾ ਚਾਹੀਦਾ ਹੈ। ਜੇਕਰ ਇਸ ਰੋਗ ਦਾ ਛੇਤੀ ਅਤੇ ਉਚਿਤ ਇਲਾਜ ਨਾ ਕਰਵਾਇਆ ਜਾਵੇ ਤਾਂ ਇਹ ਬੱਚੇ ਦੇ ਮਾਨਸਿਕ ਵਿਕਾਸ 'ਤੇ ਵੀ ਬੁਰਾ ਅਸਰ ਪਾਉਂਦਾ ਹੈ। ਬਹੁਤ ਸਾਰੇ ਮਾਮਲਿਆਂ ਵਿੱਚ ਬੱਚਾ ਸਿਰ ਦਰਦ ਦੀ ਬਜਾਏ ਪੇਟ ਦਰਦ ਵੀ ਮਹਿਸੂਸ ਕਰਦਾ ਹੈ। ਇਸ ਨੂੰ ਪੇਟ ਦਾ 'ਐਬਡਾਮਿਨਲ ਮਾਈਗ੍ਰੇਨ' ਕਿਹਾ ਜਾਂਦਾ ਹੈ। ਲਗਪਗ 40 ਫ਼ੀਸਦੀ ਬੱਚੇ ਵੱਡੇ ਹੋ ਕੇ ਇਸ ਰੋਗ ਤੋਂ ਛੁਟਕਾਰਾ ਪਾ ਲੈਂਦੇ ਹਨ।

ਕੀ ਹਨ ਕਾਰਨ ?

ਮਨੋਵਿਗਿਆਨਕ ਉਤਰਾਅ–ਚੜ੍ਹਾਅ, ਮਾਨਸਿਕ ਤਣਾਅ, ਜ਼ਿਆਦਾ ਸ਼ੋਰ, ਤੇਜ਼ ਰੋਸ਼ਨੀ, ਲੰਮਾ ਸਮਾਂ ਕੰਪਿਊਟਰ/ਟੀ.ਵੀ. ਅੱਗੇ ਬੈਠਣਾ, ਨਜ਼ਰ ਘਟਣਾ ਅਤੇ ਥਕਾਵਟ ਆਦਿ ਇਸ ਰੋਗ ਨੂੰ ਜਨਮ ਦਿੰਦੇ ਹਨ।



ਰੋਗ ਦੀ ਪਛਾਣ

ਅੱਧੇ ਸਿਰ ਦਰਦ ਦੇ ਸ਼ਿਕਾਰ ਬੱਚੇ ਦੀ ਅਲੱਗ ਹੀ ਪਛਾਣ ਹੁੰਦੀ ਹੈ। ਉਹ ਹਰ ਸਮੇਂ ਤਣਾਅ ਦੀ ਹਾਲਤ ਵਿੱਚ ਰਹਿੰਦਾ ਹੈ। ਉਸ ਦੇ ਵਿਚਾਰਾਂ 'ਚ ਕਠੋਰਤਾ ਆ ਜਾਂਦੀ ਹੈ। ਉਹ ਹਰ ਗੱਲ ਦੀ ਤਹਿ ਤਕ ਪਹੁੰਚਣ ਦਾ ਯਤਨ ਕਰਦਾ ਹੈ ਅਤੇ ਹਰ ਕੰਮ ਪੂਰਾ ਹੋਣ 'ਤੇ ਹੀ ਸੰਤੁਸ਼ਟ ਹੁੰਦਾ ਹੈ।

ਬਚਾਅ

ਅੱਜ ਤਕ ਇਸ ਰੋਗ ਦੇ ਸਹੀ ਇਲਾਜ ਦਾ ਪਤਾ ਨਹੀਂ ਲੱਗ ਸਕਿਆ ਹੈ ਪਰ ਫਿਰ ਵੀ ਕਈ ਢੰਗਾਂ ਨਾਲ ਇਸ ਰੋਗ ਤੋਂ ਕਾਫ਼ੀ ਹੱਦ ਤਕ ਬਚਿਆ ਜਾ ਸਕਦਾ ਹੈ। ਇਨ੍ਹਾਂ 'ਚੋਂ ਕੁਝ ਹੇਠ ਲਿਖੇ ਅਨੁਸਾਰ ਹਨ:

× ਬੱਚੇ ਨੂੰ ਚਾਕਲੇਟ, ਮੁਸੱਮੀ, ਸੰਗਤਰਾ, ਪਨੀਰ, ਫਲੀਆਂ ਆਦਿ ਵਰਗੇ ਪਦਾਰਥ ਖਾਣ ਨੂੰ ਨਾ ਦਿਓ, ਜਿਨ੍ਹਾਂ ਨਾਲ ਇਸ ਰੋਗ ਦੇ ਹੋਣ ਦੀਆਂ ਸੰਭਾਵਨਾਵਾਂ ਹੁੰਦੀਆਂ ਹਨ।

× ਆਰਗਟ ਗਰੁੱਪ ਦੀਆਂ ਕੁਝ ਦਵਾਈਆਂ, ਜਿਵੇਂ ਕਿ ਵਾਸੋਗ੍ਰੇਨ ਅਤੇ ਮੀਗ੍ਰੇਨਿਲ ਹਨ। ਜੇਕਰ ਇਹ ਦਰਦ ਸ਼ੁਰੂ ਹੋਣ ਤੋਂ ਪਹਿਲਾਂ ਲੈ ਲਈਆਂ ਜਾਣ ਤਾਂ ਫ਼ਾਇਦਾ ਕਰਦੀਆਂ ਹਨ। ਜੇਕਰ ਦਰਦ ਸ਼ੁਰੂ ਹੋ ਗਿਆ ਹੋਵੇ ਤਾਂ ਇਨ੍ਹਾਂ ਦਵਾਈਆਂ ਨੂੰ ਲੈਣ ਦਾ ਕੋਈ ਲਾਭ ਨਹੀਂ ਹੁੰਦਾ।

ਹਰ ਮਾਈਗਰੇਨ ਵਾਲਾ ਬੱਚਾ ਜਾਣ ਲੈਂਦਾ ਹੈ ਕਿ ਉਸ ਨੂੰ ਸਿਰ ਦਰਦ ਸ਼ੁਰੂ ਹੋਣ ਵਾਲਾ ਹੈ।

×ਐਸਪਰਿਨ ਇਸ ਰੋਗ 'ਚ ਬਹੁਤ ਜ਼ਿਆਦਾ ਅਸਰਦਾਰ ਮੰਨੀ ਗਈ ਹੈ। ਇਸ ਹਾਲਤ 'ਚ 5 ਸਾਲ ਤੋਂ ਘੱਟ ਉਮਰ ਦੇ ਬੱਚੇ ਨੂੰ ਡਾਕਟਰ ਦੀ ਸਲਾਹ ਨਾਲ ਐਸਪਰਿਨ ਦੀ ਅੱਧੀ ਗੋਲੀ ਦਿੱਤੀ ਜਾ ਸਕਦੀ ਹੈ ਪਰ ਛੋਟੀ ਉਮਰ ਦੇ ਬੱਚਿਆਂ ਲਈ ਐਸਪਰਿਨ ਅਤੇ ਪੈਰਾਸਿਟਾਮੋਲ ਦਾ ਉਪਯੋਗ ਸੀਮਤ ਮਾਤਰਾ ਵਿੱਚ ਹੀ ਕਰਨਾ ਚਾਹੀਦਾ ਹੈ। ਇਨ੍ਹਾਂ ਦੇ ਨਿਰੰਤਰ ਇਸਤੇਮਾਲ ਨਾਲ ਬੱਚੇ ਦੇ ਮਾਨਸਿਕ ਵਿਕਾਸ 'ਤੇ ਮਾੜਾ ਅਸਰ ਪੈ ਸਕਦਾ ਹੈ।

×ਜੇਕਰ ਬੱਚੇ ਨੂੰ ਮਹੀਨੇ ਵਿੱਚ ਦੋ ਜਾਂ ਤਿੰਨ ਤੋਂ ਜ਼ਿਆਦਾ ਵਾਰ ਅੱਧੇ ਸਿਰ ਦੇ ਦਰਦ ਦੀ ਸਮੱਸਿਆ ਆਉਂਦੀ ਹੋਵੇ ਤਾਂ ਇਸ ਤੋਂ ਬਚਣ ਲਈ ਡਾਕਟਰ ਦੀ ਸਲਾਹ ਨਾਲ ਉਸ ਨੂੰ ਕੁਝ ਸਮੇਂ ਤਕ ਦਵਾਈਆਂ ਦਿੱਤੀਆਂ ਜਾ ਸਕਦੀਆਂ ਹਨ ਪਰ ਕਿਸੇ ਵੀ ਪ੍ਰਕਾਰ ਦੀਆਂ ਦਵਾਈਆਂ ਦਾ ਉਪਯੋਗ ਕਿਸੇ ਮਾਹਰ ਡਾਕਟਰ ਦੀ ਸਲਾਹ ਨਾਲ ਹੀ ਕਰਨਾ ਚਾਹੀਦਾ ਹੈ।

ਮਹੱਤਵਪੂਰਨ ਗੱਲਾਂ

×ਦਰਦ ਉੱਠਣ 'ਤੇ ਜੇਕਰ ਬੱਚਾ ਹਨੇਰੇ ਵਾਲੇ ਜਾਂ ਸ਼ਾਂਤ ਕਮਰੇ ਵਿੱਚ ਦੋ ਤੋਂ ਤਿੰਨ ਘੰਟੇ ਆਰਾਮ ਕਰ ਲਵੇ ਤਾਂ ਉਹ ਇਸ ਦਰਦ ਤੋਂ ਕਾਫ਼ੀ ਰਾਹਤ ਮਹਿਸੂਸ ਕਰੇਗਾ।

×ਸਮੇਂ ਸਿਰ ਭੋਜਨ ਨਾ ਕਰਨ ਦੀ ਸੂਰਤ ਵਿੱਚ ਵੀ ਬੱਚਾ ਸਿਰ ਦਰਦ ਦੀ ਸ਼ਿਕਾਇਤ ਕਰਦਾ ਹੈ। ਇਸ ਲਈ ਬੱਚੇ ਨੂੰ ਸਮੇਂ ਸਿਰ ਭੋਜਨ ਜ਼ਰੂਰ ਕਰਵਾਓ।

×ਕੁਝ ਖੋਜਾਂ ਨੇ ਇਹ ਸਾਬਤ ਕਰ ਦਿੱਤਾ ਹੈ ਕਿ ਜ਼ਿਆਦਾ ਚਿਕਨਾਈ ਵਾਲਾ ਭੋਜਨ ਵੀ ਬੱਚੇ ਦੇ ਇਸ ਰੋਗ ਦਾ ਇੱਕ ਕਾਰਨ ਹੈ।

×ਅੱਧੇ ਸਿਰ ਦਰਦ ਤੋਂ ਪੀੜਤ ਬੱਚੇ ਨੂੰ ਘੱਟ ਜਾਂ ਤੇਜ਼ ਰੋਸ਼ਨੀ 'ਚ ਕੁਝ ਵੀ ਪੜ੍ਹਨ ਜਾਂ ਲਿਖਣ ਨੂੰ ਨਾ ਕਹੋ। ਇਸ ਨਾਲ ਦਰਦ ਹੋਰ ਵਧੇਗਾ।

×ਬੱਚੇ ਨੂੰ ਲੰਮਾ ਸਮਾਂ ਕੰਪਿਊਟਰ/ ਟੀ.ਵੀ. ਅੱਗੇ ਨਾ ਬੈਠਣ ਦਿਓ। ਇਸ ਨਾਲ ਅੱਖਾਂ 'ਤੇ ਦਬਾਅ ਪੈਂਦਾ ਹੈ ਅਤੇ ਸਿਰ ਦਰਦ ਸ਼ੁਰੂ ਹੋ ਜਾਂਦਾ ਹੈ।

- ਸੁਖਮੰਦਰ ਸਿੰਘ ਤੂਰ

# ਮੂੰਹ ਦੇ ਛਾਲਿਆਂ ਦਾ ਇਲਾਜ

ਮੂੰਹ ਦੇ ਛਾਲਿਆਂ ਦੀ ਪੀੜ ਉਹੀ ਦੱਸ ਸਕਦਾ ਹੈ ਜਿਸਨੇ ਇਹ ਝੱਲੀ ਹੋਵੇ। ਉਸ ਦਾ ਖਾਣਾ–ਪੀਣਾ, ਬੋਲਣਾ ਸਭ ਕੁਝ ਹਰਾਮ ਹੋ ਜਾਂਦਾ ਹੈ। ਕਿਸੇ ਨੂੰ ਇਹ ਛਾਲੇ ਕਦੇ–ਕਦੇ ਸਤਾਉਂਦੇ ਹਨ ਜਦ ਕਿ ਕਿਸੇ ਨੂੰ ਲਗਾਤਾਰ ਇਨ੍ਹਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਆਖਿਰ ਕਿਉਂ ਹੁੰਦੇ ਹਨ ਇਹ ਮੂੰਹ ਦੇ ਛਾਲੇ ਅਤੇ ਕੀ ਹੈ ਇਨ੍ਹਾਂ ਦਾ ਇਲਾਜ ? ਆਓ, ਇਸ ਬਾਰੇ ਜਾਣੀਏ।

ਮੂੰਹ ਦੇ ਛਾਲੇ : ਮੂੰਹ ਵਿਚ ਕਿਸੇ ਵੀ ਜਗ੍ਹਾ ਹੋ ਸਕਦੇ ਹਨ ਜਿਵੇਂ ਜੀਭ ਦੇ ਉਪਰ ਜਾਂ ਹੇਠਾਂ, ਗੱਲ੍ਹਾਂ ਦੇ ਅੰਦਰ, ਚਮੜੀ ਜਾਂ ਤਾਲੂ ਅਤੇ ਮਸੂੜੇ ਇਸ ਨਾਲ ਜ਼ਿਆਦਾ ਪ੍ਰਭਾਵਿਤ ਹੁੰਦੇ ਹਨ। ਆਕਾਰ ਵਿਚ ਵੀ ਇਹ ਛਾਲੇ ਛੋਟੇ ਜਾਂ ਵੱਡੇ ਹੋ ਸਕਦੇ ਹਨ। ਕਈ ਵਾਰ ਇਹ ਬਿਨਾਂ ਕਿਸੇ ਦਵਾਈ ਦੇ ਕੁਝ ਦਿਨਾਂ ਦੇ ਵਿਚ ਹੀ ਠੀਕ ਹੋ ਜਾਂਦੇ ਹਨ। ਨਹੀਂ ਤਾਂ ਇਲਾਜ ਕਰਾਉਣ ਦੀ ਲੋੜ ਪੈਂਦੀ ਹੈ। ਕਈ ਵਾਰ ਇਹ ਛਾਲੇ ਗਲੇ ਵਿਚ ਹੀ ਹੋ ਜਾਂਦੇ ਹਨ ਜੋ ਬਹੁਤ ਕਸ਼ਟ ਦਿੰਦੇ ਹਨ।

ਕਾਰਨ : ਮੂੰਹ ਦੇ ਛਾਲੇ ਹੋਣ ਦਾ ਕੋਈ ਇਕ ਕਾਰਨ ਜ਼ਿੰਮੇਵਾਰ ਨਹੀਂ ਹੁੰਦਾ, ਕਈ ਕਾਰਨ ਹੋ ਸਕਦੇ ਹਨ। ਦੰਦਾਂ ਦੀ ਦੋਸ਼ਪੂਰਨ ਸਰੰਚਨਾ ਜਾਂ ਟੇਢੇ ਮੇਢੇ ਹੋਣਾ, ਅੱਗੇ–ਪਿੱਛੇ ਹੋਣਾ, ਠੀਕ ਢੰਗ ਨਾਲ ਸਫਾਈ ਨਾ ਹੋਣਾ ਆਦਿ ਨਾਲ ਵੀ ਮੂੰਹ ਦੇ ਛਾਲੇ ਹੋ ਸਕਦੇ ਹਨ। ਜਦੋਂ ਵਾਰ ਵਾਰ ਜੀਭ ਜਾਂ ਗੱਲ੍ਹ ਦੀ ਅੰਦਰਲੀ ਚਮੜੀ ਇਨ੍ਹਾਂ ਨਾਲ ਟਕਰਾਉਂਦੀ ਹੈ ਜਾਂ ਰਗੜ ਖਾਂਦੀ ਹੈ ਤਾਂ ਉਥੇ ਛਾਲਾ ਪੈਦਾ ਹੋ ਜਾਂਦਾ ਹੈ। ਇਸੇ ਤਰ੍ਹਾਂ ਜੋ ਲੋਕ ਨਾਸ਼ਤੇ ਅਤੇ ਭੋਜਨ ਦੇ ਬਾਅਦ ਠੀਕ ਢੰਗ ਨਾਲ ਕੁਰਲੀ ਅਤੇ ਰਾਤ ਨੂੰ ਬਰੁੱਸ਼ ਨਹੀਂ ਕਰਦੇ, ਉਨ੍ਹਾਂ ਨੂੰ ਵੀ ਛਾਲੇ ਹੋ ਸਕਦੇ ਹਨ। ਸੁਪਾਰੀ ਦੀ ਵਰਤੋਂ ਕਰਨਾ ਵੀ ਛਾਲਿਆਂ ਨੂੰ ਸੱਦਾ ਦੇਣਾ ਹੈ। ਸੰਤੁਲਿਤ ਭੋਜਨ ਦੀ ਘਾਟ ਵੀ ਛਾਲਿਆਂ ਦਾ ਕਾਰਨ ਬਣਦੀ ਹੈ। ਜੇਕਰ ਭੋਜਨ ਵਿਚ ਵਿਟਾਮਿਨ ਬੀ ਅਤੇ ਲੋਹ ਤੱਤਾਂ ਦੀ ਕਮੀ ਹੋਵੇ ਤਾਂ ਇਸ ਕਮੀ ਕਾਰਨ ਵੀ ਛਾਲੇ ਹੋ ਸਕਦੇ ਹਨ। ਕਈ ਵਾਰ ਲੰਮੇ ਸਮੇਂ ਤੱਕ ਐਂਟੀ ਬਾਇਓਟਿਕ ਦਵਾਈਆਂ ਲੈਣ ਨਾਲ ਵੀ ਵਿਟਾਮਿਨ ਬੀ ਦੀ ਕਮੀ ਹੋ ਜਾਂਦੀ ਹੈ। ਤਨਾਓ ਦਾ ਸਿੱਧਾ ਪ੍ਰਭਾਵ ਮੂੰਹ ਦੇ ਛਾਲਿਆਂ ਦੇ ਰੂਪ ਵਿਚ ਦੇਖਿਆ ਜਾ ਸਕਦਾ ਹੈ। ਤਨਾਓ ਭਾਵੇਂ ਪ੍ਰੀਖਿਆ ਦੇਣ ਦਾ ਹੋਵੇ ਜਾਂ ਨੌਕਰੀ ਦਾ, ਜਿੰਨਾ ਜ਼ਿਆਦਾ ਤਨਾਓ, ਓਨੇ ਜ਼ਿਆਦਾ ਛਾਲੇ। ਇਸੇ ਤਰ੍ਹਾਂ ਹਾਰਮੋਨਜ਼ ਵਿਚ ਤਬਦੀਲੀ ਦੇ ਕਾਰਨ ਵੀ ਛਾਲੇ ਪੈਦਾ ਹੁੰਦੇ ਹਨ। ਲੜਕੀਆਂ ਵਿਚ ਮਾਹਵਾਰੀ ਦੀ ਰੈਗੂਲੇਟਰੀ ਨਾ ਰਹਿਣ 'ਤੇ ਵੀ ਇਹ ਸਮੱਸਿਆ ਪੈਦਾ ਹੋ ਸਕਦੀ ਹੈ। ਕੁਝ ਬੀਮਾਰੀਆਂ ਅਤੇ ਇਨਫੈਕਸ਼ਨ ਵੀ ਛਾਲਿਆਂ ਦਾ ਕਾਰਨ ਬਣ ਸਕਦੇ ਹਨ ਜਿਵੇਂ ਤਪਦਿਕ ਜਾਂ ਟੀ.ਬੀ. ਆਦਿ। ਇਸ ਤੋਂ ਇਲਾਵਾ ਬਲੱਡ ਕੈਂਸਰ ਜਾਂ ਮੂੰਹ ਦਾ ਕੈਂਸਰ ਵੀ ਛਾਲਿਆਂ ਦਾ ਕਾਰਨ ਹੋ ਸਕਦਾ ਹੈ। ਪੇਟ ਦੀ ਗਰਮੀ ਵੀ ਛਾਲਿਆਂ ਦੀ ਇਕ ਵਜ੍ਹਾ ਹੋ ਸਕਦੀ ਹੈ। ਜ਼ਿਆਦਾ ਤੇਜ਼ ਮਿਰਚ ਮਸਾਲੇ, ਲਸਣ ਦੀ ਵਰਤੋਂ, ਐਸੀਡਿਟੀ ਆਦਿ ਨਾਲ ਮੂੰਹ ਵਿਚ ਛਾਲੇ ਪੈਦਾ ਹੋ ਜਾਂਦੇ ਹਨ। ਹਾਈ ਬਲੱਡ ਪ੍ਰੈਸ਼ਰ ਦੀ ਸ਼ਿਕਾਇਤ ਹੋਣ



'ਤੇ ਵੀ ਮੂੰਹ ਦੇ ਛਾਲੇ ਹੋਣ ਦੀ ਸੰਭਾਵਨਾ ਰਹਿੰਦੀ ਹੈ ਕਿਉਂਕਿ ਉਸ ਵਿਚ ਲੰਮੇ ਸਮੇਂ ਤੱਕ ਦਵਾਈਆਂ ਦੀ ਵਰਤੋਂ ਕਰਨੀ ਪੈਂਦੀ ਹੈ। ਕਦੇ–ਕਦੇ ਕਿਸੇ ਦਵਾਈ ਦੀ ਐਲਰਜੀ ਨਾਲ ਵੀ ਮੂੰਹ ਦੇ ਛਾਲੇ ਪੈਦਾ ਹੋ ਸਕਦੇ ਹਨ।

ਇਲਾਜ–ਮੂੰਹ ਦੇ ਛਾਲਿਆਂ ਨੂੰ ਸਾਧਾਰਨ ਜਿਹੀ ਗੱਲ ਸਮਝ ਕੇ ਅਣਗੌਲਿਆ ਨਾ ਕਰੋ ਕਿਉਂਕਿ ਇਸ ਦੇ ਇਲਾਜ ਵਿਚ ਵਰਤੀ ਗਈ ਲਾਪਰਵਾਹੀ ਕੈਂਸਰ ਦਾ ਕਾਰਨ ਬਣ ਸਕਦੀ ਹੈ। ਜੇਕਰ ਕੋਈ ਛਾਲਾ ਦੋ ਜਾਂ ਤਿੰਨ ਹਫਤਿਆਂ ਦੇ ਅੰਦਰ ਠੀਕ ਨਹੀਂ ਹੁੰਦਾ, ਸਗੋਂ ਵਧਦਾ ਜਾਂਦਾ ਹੈ ਤਾਂ ਤੁਰੰਤ ਡਾਕਟਰ ਦੀ ਸਲਾਹ ਲਓ ਅਤੇ ਪੂਰਾ ਇਲਾਜ ਕਰਾਓ। ਆਮ ਤੌਰ 'ਤੇ ਡਾਕਟਰ ਛਾਲਿਆਂ ਤੋਂ ਛੁਟਕਾਰਾ ਦਿਵਾਉਣ ਲਈ ਵਿਟਾਮਿਨ ਬੀ ਕੈਪਸੂਲ, ਫੋਲਿਕ ਐਸਿਡ ਆਦਿ ਦਵਾਈਆਂ ਦਿੰਦੇ ਹਨ ਅਤੇ ਕੁਝ ਦਵਾਈਆਂ ਛਾਲਿਆਂ 'ਤੇ ਲਗਾਉਣ ਲਈ ਦਿੰਦੇ ਹਨ। ਜੇਕਰ ਛਾਲੇ ਦੇਖਣ ਦੇ ਬਾਅਦ ਅਤੇ ਸਾਧਾਰਨ ਇਲਾਜ ਨਾਲ ਠੀਕ ਨਾ ਹੋਣ 'ਤੇ ਕੈਂਸਰ ਦੀ ਪੁਸ਼ਟੀ ਕਰਾਈ ਜਾਂਦੀ ਹੈ ਅਤੇ ਜੇਕਰ ਕੈਂਸਰ ਦੀ ਪੁਸ਼ਟੀ ਹੋਵੇ ਤਾਂ ਉਸਦੇ ਅਨੁਸਾਰ ਇਲਾਜ ਸ਼ੁਰੂ ਕੀਤਾ ਜਾਂਦਾ ਹੈ।

**ਘਰੇਲੂ ਇਲਾਜ**

* ਜੀਭ 'ਤੇ ਗਲਿਸਰੀਨ ਲਗਾ ਕੇ ਲਾਰ ਟਪਕਾਓ।
* ਪ੍ਰਭਾਵਤ ਹਿੱਸੇ 'ਤੇ ਸ਼ਹਿਦ ਲਗਾਓ।
* ਛਾਲਿਆਂ 'ਤੇ ਹਰੀ ਇਲਾਇਚੀ ਦਾ ਚੂਰਨ ਲਗਾ ਕੇ ਲਾਰ ਟਪਕਾਓ।
* ਠੰਡਾ ਦੁੱਧ ਪੀਓ।
* ਟਮਾਟਰ ਦੇ ਰਸ ਵਿਚ ਬਰਾਬਰ ਮਾਤਰਾ ਵਿਚ ਪਾਣੀ ਮਿਲਾ ਕੇ ਕੁਰਲੀਆਂ ਕਰੋ।
* ਪਾਨ–ਸੁਪਾਰੀ ਜਾਂ ਪਾਨ ਮਸਾਲੇ ਆਦਿ ਦੀ ਵਰਤੋਂ ਨਾ ਕਰੋ।
* ਆਪਣੇ ਟੇਢੇ–ਮੇਢੇ ਦੰਦਾਂ ਨੂੰ ਡਾਕਟਰੀ ਸਹਾਇਤਾ ਨਾਲ ਸਹੀ ਕਰਾਓ।

- ਡਾ. ਨੀਰਜ

# ਕਿੰਜ ਰੱਖੀਏ ਅੱਖਾਂ ਨੂੰ ਸੋਹਣਾ ?

× ਹਰ ਰੋਜ਼ ਅੱਖਾਂ 'ਚ ਤਾਜ਼ੇ ਪਾਣੀ ਨਾਲ 4–5 ਵਾਰ ਛਿੱਟੇ ਮਾਰੋ।

× ਤੇਜ਼ ਧੁੱਪ ਵਿੱਚ ਜਾਂਦੇ ਹੋਏ ਅੱਖਾਂ ਨੂੰ ਢਕਣ ਲਈ ਵਧੀਆ ਕੁਆਲਿਟੀ ਦਾ ਚਸ਼ਮਾ ਪਾਓ।

× ਸੂਰਜ ਅਤੇ ਸੂਰਜ ਗ੍ਰਹਿਣ ਨੂੰ ਕੇਵ ਵੀ ਨੰਗੀਆਂ ਅੱਖਾਂ ਨਾਲ ਨਾ ਵੇਖੋ।

× ਭੋਜਨ ਖਾਣ ਤੋਂ ਬਾਅਦ ਹੱਥ ਧੋਣ ਤੋਂ ਬਾਅਦ ਹੱਥਾਂ ਨਾਲ ਸਾਫ਼ ਪਾਣੀ ਨੂੰ ਅੱਖਾਂ ਦੇ ਉਪਰ ਉਂਗਲਾਂ ਨਾਲ ਲਗਾਓ। ਇਸ ਨਾਲ ਅੱਖਾਂ ਦੀ ਰੋਸ਼ਨੀ ਵਧਦੀ ਹੈ।

× ਅੱਖ ਵਿੱਚ ਕੁਝ ਪੈ ਜਾਣ 'ਤੇ ਇਸ ਨੂੰ ਕਦੇ ਵੀ ਨਾ ਰਗੜੋ ਸਗੋਂ ਖ਼ੂਬ ਪਾਣੀ ਨਾਲ ਅੱਖਾਂ ਨੂੰ ਚੰਗੀ ਤਰ੍ਹਾਂ ਧੋਵੋ।

× ਅੱਖਾਂ ਵਿੱਚ ਜਲਣ ਜਾਂ ਖਾਰਿਸ਼ ਦੀ ਸਮੱਸਿਆ ਹੋਣ 'ਤੇ ਡਾਕਟਰ ਨੂੰ ਵਿਖਾਓ।

× ਕਦੇ ਵੀ ਝੋਲਾਛਾਪ ਲੋਕਾਂ ਤੋਂ ਅੱਖਾਂ ਲਈ ਸੁਰਮਾ ਜਾਂ ਕੋਈ ਹੋਰ ਵਸਤੂ ਨਾ ਖ਼ਰੀਦੋ।

× ਅੱਖਾਂ ਨੂੰ ਧੂੰਏਂ, ਮਿੱਟੀ ਅਤੇ ਧੁੱਪ ਤੋਂ ਬਚਾਅ ਕੇ ਰੱਖੋ।

× ਸਵੇਰੇ ਹਰ ਰੋਜ਼ ਹਰੇ ਘਾਹ 'ਤੇ ਨੰਗੇ ਪੈਰੀਂ ਘੁੰਮਣ ਨਾਲ ਅੱਖਾਂ ਦੀ ਰੋਸ਼ਨੀ ਵਧਦੀ ਹੈ।

× ਨਹਾਉਣ ਵੇਲੇ ਅੱਖਾਂ ਨੂੰ ਠੰਢੇ ਪਾਣੀ ਨਾਲ ਧੋਵੋ।

× ਅੱਖ ਵਿੱਚ ਕੁਝ ਪੈ ਜਾਣ 'ਤੇ ਇਸ ਨੂੰ ਕਦੇ ਵੀ ਨਾ ਰਗੜੋ ਸਗੋਂ ਖ਼ੂਬ ਪਾਣੀ ਨਾਲ ਅੱਖਾਂ ਨੂੰ ਚੰਗੀ ਤਰ੍ਹਾਂ ਧੋਵੋ।

× ਅੱਖਾਂ ਵਿੱਚ ਜਲਣ ਜਾਂ ਖਾਰਿਸ਼ ਦੀ ਸਮੱਸਿਆ ਹੋਣ 'ਤੇ ਡਾਕਟਰ ਨੂੰ ਵਿਖਾਓ।

× ਕਦੇ ਵੀ ਝੋਲਾਛਾਪ ਲੋਕਾਂ ਤੋਂ ਅੱਖਾਂ ਲਈ ਸੁਰਮਾ ਜਾਂ ਕੋਈ ਹੋਰ ਵਸਤੂ ਨਾ ਖ਼ਰੀਦੋ।

× ਅੱਖਾਂ ਨੂੰ ਧੂੰਏਂ, ਮਿੱਟੀ ਅਤੇ ਧੁੱਪ ਤੋਂ ਬਚਾਅ ਕੇ ਰੱਖੋ।

× ਰਾਤ ਨੂੰ ਸੌਣ ਤੋਂ ਪਹਿਲਾਂ ਅੱਖਾਂ ਤੋਂ ਹਰ ਪ੍ਰਕਾਰ ਦਾ ਮੇਕਅਪ ਚੰਗੀ ਤਰ੍ਹਾਂ ਉਤਾਰ ਕੇ ਅਤੇ ਇਨ੍ਹਾਂ ਨੂੰ ਸਾਫ਼ ਜ਼ਰੂਰ ਕਰਨਾ ਚਾਹੀਦਾ ਹੈ।

× ਅੱਖਾਂ ਬਹੁਤ ਨਾਜ਼ੁਕ ਹੁੰਦੀਆਂ ਹਨ; ਇਸ ਲਈ ਲਗਾਤਾਰ ਟੀ.ਵੀ. ਜਾਂ ਕੰਪਿਊਟਰ ਸਕਰੀਨ 'ਤੇ ਨਜ਼ਰ ਨਾ ਟਿਕਾਓ ਸਗੋਂ ਵਿੱਚ–ਵਿੱਚ ਉੱਠ ਕੇ ਟਹਿਲ ਲਵੋ। ਜੇਕਰ ਸੰਭਵ ਨਾ ਹੋਵੇ ਤਾਂ ਤੁਸੀਂ ਬੈਠੇ–ਬੈਠੇ ਹੀ ਅੱਖਾਂ ਨੂੰ ਕੁਝ ਦੇਰ ਬੰਦ ਕਰ ਕੇ ਇਨ੍ਹਾਂ ਨੂੰ ਆਰਾਮ ਦਿਵਾ ਸਕਦੇ ਹੋ।

× ਪੜ੍ਹਨ ਵੇਲੇ ਅੱਖਾਂ 'ਤੇ ਸਿੱਧੀ ਰੋਸ਼ਨੀ



ਨਹੀਂ ਪੈਣੀ ਚਾਹੀਦੀ। ਘੱਟ ਜਾਂ ਤੇਜ਼ ਰੋਸ਼ਨੀ ਵਿੱਚ ਪੜ੍ਹਾਈ ਨਾ ਕਰੋ।

-ਸੰਜੀਵ ਸੈਣੀ

# ਜਿਗਰ ਸਰੀਰ ਦਾ ਇਕ ਅਹਿਮ ਹਿੱਸਾ

ਜਿਵੇਂ ਮਨੁੱਖ ਦੇ ਸਰੀਰ ਵਿਚ ਹੋਰ ਵੱਖ–ਵੱਖ ਅੰਗ ਹਨ ਉਨ੍ਹਾਂ ਵਿਚੋਂ ਖਾਸ ਅੰਗ ਜਿਗਰ ਵੀ ਹੈ। ਸਾਡੇ ਸਰੀਰ ਦੀ ਚੰਗੀ ਸਿਹਤ ਜਿਗਰ 'ਤੇ ਨਿਰਭਰ ਹੈ। ਸਾਡੇ ਸਰੀਰ ਦੀ ਚੰਗੀ ਸਿਹਤ, ਸੁੰਦਰਤਾ, ਬਿਮਾਰੀਆਂ ਤੋਂ ਬਚਣਾ ਕੁੱਝ ਖਾਸ ਅੰਗਾਂ 'ਤੇ ਨਿਰਭਰ ਹੈ, ਉਂਝ ਤਾ ਸਰੀਰ ਦਾ ਹਰ ਹਿੱਸਾ ਬੜਾ ਹੀ ਵਿਸ਼ੇਸ਼ ਹੈ, ਪਰ ਗਾਲਬਲੈਡਰ ਜਿਗਰ (ਲਿਵਰ) ਧਲੀਣ ਤਿੱਲੀ ਇਹ ਖਾਸ ਅੰਗ ਹਨ, ਹੁਣ ਮੈਂ ਇਸ ਉਪਰ ਲਿਖੇ ਤਿੱਲੀ ਇਹ ਖਾਸ ਅੰਗ ਹਨ, ਹੁਣ ਮੈਂ ਇਸ ਉਪਰ ਲਿਖੇ ਅੰਗ ਜਿਗਰ ਦਾ ਜ਼ਿਕਰ ਆਪ ਜੀ ਨੂੰ ਵਿਸਥਾਰ ਨਾਲ ਦਸਦਾ ਹਾਂ।

ਲਾਲ–ਭੂਰੇ ਰੰਗ ਦਾ ਜਿਗਰ ਸਰੀਰ ਵਿਚ ਉਪਰਲੇ ਹਿੱਸੇ ਵਿਚ ਹੈ, ਇਸ ਦਾ ਸਰੀਰ ਵਿਚ ਖਾਸ ਕੰਮ ਹੁੰਦਾ ਹੈ, ਜਿਗਰ ਸਰੀਰ ਵਿਚ ਉਪਰਲੇ ਹਿੱਸੇ ਵਿਚ ਹੈ, ਇਸ ਦਾ ਸਰੀਰ ਵਿਚ ਖਾਸ ਕੰਮ ਹੁੰਦਾ ਹੈ, ਜਿਗਰ ਦਾ ਭਾਰ ਲੱਗਭੱਗ 1300 ਤੋਂ 1500 ਗ੍ਰਾਮ ਹੈ, ਸਰੀਰ ਦੇ ਕੁੱਲ ਵਜ਼ਨ ਤੋਂ ਅੰਦਾਜ਼ਨ 40 ਵਾਂ ਹਿੱਸਾ ਹੈ। ਇਸ ਦੀ ਲੰਬਾਈ 30 ਸੈਃ ਮੀਃ ਚੌੜਾਈ 15 ਸੈਃਮੀਂ ਅਤੇ ਮੋਟਾਈ 8 ਸੈਃਮੀਃ ਹੁੰਦੀ ਹੈ। ਦਿਮਾਗ ਦੀ ਫੁਰਤੀ, ਦਿਲ, ਪਾਚਣ ਪ੍ਰਣਾਲੀ, ਪੱਠਿਆਂ ਅਤੇ ਲਿੰਗ ਹਾਰਮੋਨ ਆਦਿ ਦੀਆਂ ਕ੍ਰਿਰਿਆਵਾਂ ਦਾ ਸਿਹਰਾ ਜਿਗਰ ਦੇ ਨਿਰੋਗ ਹੋਣ 'ਤੇ ਨਿਰਭਰ ਹੈ। ਪਾਚਣ ਪ੍ਰਣਾਲੀ ਰਾਹੀਂ ਖਾਧੀ ਖੁਰਾਕ ਦਾ ਰਸ ਪਹਿਲਾਂ ਜਿਗਰ ਵਿਚ ਇਕੱਠਾ ਹੁੰਦਾ ਹੈ ਅਤੇ ਉਸ ਤੋਂ ਉਪਰੰਤ ਲੋੜ ਅਨੁਸਾਰ ਇਹ ਖੁਰਾਕ ਜਿਗਰ ਤੋਂ ਬਾਕੀ ਅੰਗਾਂ ਨੂੰ ਘੱਲੀ ਜਾਂਦੀ ਹੈ, ਤਾਂ ਹੀ ਜਿਗਰ




ਨੂੰ ਸਰੀਰ ਦਾ ਰਸਾਇਣਿਕ ਕਿਰਿਆਵਾਂ ਅਤੇ ਭੰਪਾਰ ਦੀ ਪ੍ਰਯੋਗਸ਼ਾਲਾ ਕਿਹਾ ਜਾਂਦਾ ਹੈ। ਕਈ ਵਾਰੀ ਕਿਸੇ ਮਨੁੱਖ ਨੂੰ ਕਿਸੇ ਚੀਜ਼ ਤੋਂ, ਖਾਣ–ਪੀਣ ਤੋਂ ਤੇ ਹਵਾ ਤੋਂ ਐਲਰਜੀ ਹੁੰਦੀ ਹੈ, ਮੇਰੇ ਕੋਲ ਇਕ ਬੱਚਾ ਆਇਆ ਜਿਸ ਨੂੰ ਕਣਕ (ਅਨਾਜ) ਤੋਂ ਐਲਰਜੀ ਸੀ, ਜਦੋਂ ਵੀ ਉਹ ਕਣਕ ਦੀ ਰੋਟੀ ਖਾਂਦਾ ਸੀ ਉਸ ਨੂੰ ਚਮੜੀ 'ਤੇ ਐਲਰਜੀ ਹੋ ਜਾਂਦੀ । ਇਸ ਐਲਰਜੀ ਰੋਗ ਦਾ ਵੀ ਇਸ ਜਿਗਰ ਨਾਲ ਹੀ ਸਬੰਧ ਹੈ, ਜਿਥੇ ਦਿਮਾਗ ਅਤੇ ਦਿਲ ਦੇ ਕਿਸੇ ਰੇਸ਼ੇ ਦੇ ਵਿਗੜਨ ਤੋਂ ਉਸ ਨੂੰ ਠੀਕ ਕਰਨਾ ਮੁਸ਼ਕਲ ਹੁੰਦਾ ਹੈ, ਉਥੇ ਜਿਗਰ ਆਪਣੇ ਆਪ ਦਾ ਸੁਧਾਰ ਕਰਨ ਲਈ ਅਤੇ ਨਵਾਂ ਹਿੱਸਾ ਬਣਾਉਣ ਲਈ ਸਦਾ ਵਿਅਸਤ ਰਹਿੰਦਾ ਹੈ। ਖੁਰਾਕ ਵਿਚ ਘਾਟ ਜਾਂ ਵਿਗਾੜ ਹੋਣ ਕਾਰਣ ਜਿਗਰ ਨੂੰ ਕਈ ਮਾਰੂ ਰੋਗ ਲੱਗ ਜਾਂਦੇ ਹਨ। ਸਾਡੀ ਖਾਧੀ ਖੁਰਾਕ ਹਜ਼ਮ ਕਰਨ ਅਤੇ ਸਰੀਰ ਨੂੰ ਬਿਮਾਰੀਆਂ ਤੋਂ ਬਚਾਉਣ ਦਾ ਵੱਡਾ ਕੰਮ ਇਸ 'ਤੇ ਨਿਰਭਰ ਕਰਦਾ ਹੈ। ਪਿੰਡਾਂ ਵਿਚ ਕਈ ਵਾਰੀ ਭੁੱਖ ਨਾ ਲੱਗੇ, ਉਲਟੀਆਂ ਆਉਣ 'ਤੇ ਸਾਡੇ ਵੱਡੇ ਬਜ਼ੁਰਗ ਕਹਿੰਦੇ ਹਨ ਕਿ ਇਸ ਬੱਚੇ ਦਾ ਮਿਹਦਾ ਖਰਾਬ ਹੈ।

ਜਿਗਰ ਵੱਡਾ ਰਸਾਇਣ ਅੰਗ ਹੋਣ ਨਾਤੇ ਇਸ ਦੀਆਂ ਕਿਰਿਆਵਾਂ ਨੂੰ ਜਾਣਨਾ ਵੀ ਜ਼ਰੂਰੀ ਹੈ। ਪਾਚਣ ਪ੍ਰਣਾਲੀ ਤੋਂ ਆਮ ਨਾਸ਼ਤੇ ਨੂੰ ਹਜ਼ਮ ਕਰ ਕੇ ਗੁਲੂਕੋਜ਼ ਦੇ ਰੂਪ ਵਿਚ ਜਿਗਰ ਤੱਕ ਪਹੁੰਚਾਇਆ ਜਾਂਦਾ ਹੈ। ਜਿਗਰ ਵਿਚ ਲਹੂ ਦੇ ਲਾਲ ਕਣ ਬਣਦੇ ਹਨ,ਜਿਹੜੇ ਕਿ ਖੂਨ ਦੀ ਕਮੀ ਨੂੰ ਵੱਧਣ ਨਹੀਂ ਦਿੰਦੇ, ਜਿਗਰ ਵਿਟਾਮਿਨ–ਏ ਬਣਾਉਂਦਾ ਵੀ ਹੈ ਅਤੇ ਵਿਟਾਮਿਨ ਏ,ਬੀ,ਡੀ, ਕੇ ਦਾ ਭੰਡਾਰ ਵੀ ਹੈ। ਜਿਗਰ ਸਰੀਰ ਵਿਚ ਲਹੂ ਦੀ ਮਾਤਰਾ ਨੂੰ ਠੀਕ ਅਨੁਪਾਤ ਵਿਚ ਰੱਖਦਾ ਹੈ ਅਤੇ ਸਾਡੀ ਸਰੀਰਕ ਗਰਮਾਇਸ਼ ਵਿਚ ਵੀ ਹਿੱਸਾ ਪਾਉਂਦਾ ਹੈ। ਇਹ ਬੜੇ ਕਮਾਲ ਦੀ ਗੱਲ ਹੈ ਕਿ ਲਹੂ ਨੂੰ ਜਮਾਉਣ ਵਾਲੇ ਪਦਾਰਥ ਫਾਈਬਰੀਨੋਜਿਨ ਅਤੇ ਪਰੋਥੋ ਆਦਿ ਜਿਗਰ ਵਿਚ ਹੀ ਬਣਦੇ ਹਨ। ਸੱਟ ਲੱਗੀ ਤੋਂ ਖੂਨ ਜਮਾਉਣ ਵਿਚ ਪੈਦਾ ਹੋਏ ਇਨ੍ਹਾਂ ਪਦਾਰਥਾਂ ਦਾ ਹੀ ਕੰਮ ਹੈ। ਜੇ ਇਹ ਦੋਵੇਂ ਪਦਾਰਥ ਹੀ ਆਪਣਾ ਕੰਮ ਕਰੀ ਜਾਣ ਤਾਂ ਖੂਨ ਗਾੜ੍ਹਾ ਹੋ ਕੇ ਕਿਸੇ ਸਮੇਂ ਵੀ ਖੂਨ ਦੀ ਛੋਟੀ ਫੁੱਟੀ ਦਿਲ ਜਾਂ ਦਿਮਾਗ ਵਿਚ ਅਟਕ ਕੇ ਰੋਗੀ ਦੀ ਮੌਤ ਦਾ ਕਾਰਨ ਬਣ ਸਕਦੀ ਹੈ। ਇਸ ਲਈ ਸਰੀਰ ਦੇ ਖੂਨ ਨੂੰ ਪਤਲਾ ਰੱਖਣਾ ਤੇ ਗਾੜ੍ਹਾ ਨਾ ਹੋਣ ਦੇਣਾ ਜਿਗਰ ਦਾ ਹੀ ਕੰਮ ਹੈ।

ਇਸ ਲਈ ਇਸ ਨੂੰ ਵਿਉਂਤ ਵਿਚ ਰੱਖਣ ਲਈ ਜਿਗਰ ਵਿਚ ਇਕ ਹੋਰ ਪਦਾਰਥ ਹਿਪੋਰਨ ਬਣਦਾ ਹੈ। ਜਿਹੜਾ ਖੂਨ ਨੂੰ ਜੰਮਣ ਨਹੀਂ ਦਿੰਦਾ, ਇਨ੍ਹਾਂ ਹੁੰਦੇ ਹੋਏ ਵੀ ਜਿਗਰ ਕੂਫਰ ਸੈਲਾਂ ਦਾ ਬੜਾ ਰਿਣੀ ਹੈ ਕਿਉਂਕਿ ਇਹ ਪਾਚਣ ਪ੍ਰਣਾਲੀ ਤੋਂ ਬਚ ਕੇ ਆਏ ਹੋਏ ਕਈ ਕਿਸਮ ਦੇ ਦੁਸ਼ਮਣ ਰੂਪੀ ਕੀਟਾਣੂਆਂ ਨੂੰ ਜ਼ਖਮੀ ਕਰਦੇ ਹਨ। ਹੋਰ ਜ਼ਹਿਰਲੀ ਦਵਾਈ ਆਦਿ ਦੇ ਭੈੜੇ ਅਸਰ ਦੇ ਕਾਟ ਦਾ ਕੰਮ ਵੀ ਜਿਗਰ ਦੇ ਜ਼ਿੰਮੇ ਹੈ।

ਇਹ ਸੱਚੀ ਗੱਲ ਹੈ ਕਿ ਜਿਗਰ ਸਰੀਰ ਦਾ ਇਕ ਮੋਢੀ ਤੇ ਲੋੜੀਂਦਾ ਅੰਗ ਹੈ।

ਇਸ ਅੰਗ ਦੇ ਕਮਜ਼ੋਰ ਹੋਣ ਨਾਲ ਸਰੀਰ ਵਿਚ ਕਈ ਬਿਮਾਰੀਆਂ ਲੱਗ ਜਾਂਦੀਆਂ ਹਨ।

1. ਅਲਰਜ਼ੀ, ਖੂਨ ਦੀ ਕਮੀ, ਮਰੋੜ, ਪਾਚਣ ਪ੍ਰਣਾਲੀ ਵਿਚ ਰੋਗ, ਪਿਤੇ ਵਿਚ ਪਥਰੀ, ਕਬਜ਼ੀ, ਦਸਤ, ਪੀਲੀਆ ਰੋਗ, ਹਾਜ਼ਮੇ ਵਿਚ ਖਰਾਬੀ,ਦਿਲ ਦੀ ਬਿਮਾਰੀ ਆਦਿ।

**ਪ੍ਰਹੇਜ਼** : ਜ਼ਿਆਦਾ ਅੰਗਰੇਜ਼ੀ ਦਵਾਈਆਂ ਦੀ ਵਰਤੋਂ, ਕੁਨੀਨ ਦੀ ਬਹੁਤ ਵਰਤੋਂ, ਸ਼ਰਾਬ, ਭੁੱਖ ਤੋਂ ਵੱਧ ਖਾਣਾ, ਸੁਭਾਅ ਵਿਚ ਹਰ ਸਮੇਂ ਗੁੱਸਾ, ਬੇ ਵਕਤ ਕੰਮ ਕਰਨੇ, ਨਿਯਮ ਤੋਂ ਉਲਟ ਰਹਿਣਾ, ਹਰ ਵੇਲੇ ਬੈਠੇ ਰਹਿਣਾ, ਭਾਰੀ ਖੁਰਾਕ ਮੀਟ, ਅੰਡੇ ਆਦਿ ਤਲੀਆਂ ਚੀਜ਼ਾਂ ਦੀ ਵਧੇਰੇ ਵਰਤੋਂ ਨਹੀਂ ਕਰਨੀ ਚਾਹੀਦੀ।

ਇਸ ਬਿਮਾਰੀ ਨੂੰ ਘੱਟ ਕਰਨ ਲਈ ਸਵੇਰੇ–ਸ਼ਾਮ ਸੈਰ, ਘੱਟ ਖਾਣਾ, ਚੰਗਾ ਸੋਚਣਾ, ਖੁਸ਼ ਰਹਿਣਾ, ਸਮੇਂ ਨਾਲ ਕੰਮਕਾਰ ਕਰਨਾ ਚਾਹੀਦਾ ਹੈ।

ਸਾਨੂੰ ਬਿਮਾਰੀਆਂ ਕਿਉਂ ਲਗਦੀਆਂ ਹਨ ?

ਗਲੇ ਦੇ ਰੋਗ ਐਡੀਨੋਆਇਡ, ਗਿਲੜ, ਟੋਂਸਿਲ, ਮਿਹਦੇ ਦੇ ਸਾਰੇ ਰੋਗ, ਦਿਲ ਵਿਚ ਦਰਦ, ਖੂਨ ਦਾ ਵਧਿਆ ਦਬਾਅ, ਬੁਖਾਰ, ਪੀਲੀਆ, ਉਲਟੀਆਂ, ਦਿਮਾਗੀ ਰੋਗ, ਚਮੜੀ ਦੇ ਰੋਗ ਛਪਾਕੀ, ਖੁਜਲੀ ਆਦਿ ਦੇ ਰੋਗ ਜੋੜਾਂ ਦਾ ਦਰਦ।

# ਜ਼ੁਕਰਬਰਗ ਦੀ ਜੈ !

ਜੇ ਕੋਈ ਇਹ ਕਹੇ ਕਿ ਸੋਸ਼ਲ ਮੀਡੀਆ ਲੋਕਤੰਤਰੀ ਮੰਚ ਜਾਂ ਸਾਧਨ ਹੈ ਤਾਂ ਉਹ ਜਾਂ ਤਾਂ ਅਣਜਾਣ ਜਾਂ ਭੋਲਾ ਹੈ, ਜਾਂ ਫਿਰ ਉਹ ਇਸ ਮੰਚ ਤੋਂ ਕੁਝ ਵੇਚਣ ਦੀ ਜੁਗਤ ਲੜਾ ਰਿਹਾ ਹੈ। ਅਮਰੀਕਾ ਦੀ ਨੈਸ਼ਨਲ ਸਕਿਉਰਿਟੀ ਏਜੰਸੀ ਅਤੇ ਸੀ.ਆਈ.ਏ. ਵਲੋਂ ਕੀਤੀ ਜਾ ਰਹੀ ਵਿਆਪਕ ਸਰਵੇਲੈਂਸ (ਨਿਗਰਾਨੀ) ਦਾ ਪਰਦਾਫਾਸ਼ ਕਰ ਕੇ ਜਲਾਵਤਨ ਜ਼ਿੰਦਗੀ ਗੁਜ਼ਾਰ ਰਹੇ ਐਡਵਰਡ ਸਨੋਡਨ ਨੇ ਢਾਈ ਸਾਲ ਪਹਿਲਾਂ ਆਪਣੇ ਇਕ ਟਵੀਟ ਵਿਚ ਲਿਖਿਆ ਸੀ ਕਿ ਲੋਕਾਂ ਦੀਆਂ ਨਿੱਜੀ ਜਾਣਕਾਰੀਆਂ ਇਕੱਠੀਆਂ ਕਰਨ ਅਤੇ ਵੇਚਣ ਦਾ ਕਾਰੋਬਾਰ ਕਰਨ ਵਾਲੀਆਂ ਕੰਪਨੀਆਂ ਨੂੰ ਕਿਸੇ ਹੋਰ ਦੌਰ ਵਿਚ ਸਰਵੇਲੈਂਸ ਕੰਪਨੀਆਂ ਕਿਹਾ ਜਾਂਦਾ ਸੀ; ਹੁਣ ਉਹ ਸੋਸ਼ਲ ਮੀਡੀਆ ਬਣ ਗਈਆਂ ਹਨ। ਜੋ ਕਦੇ ਯੁੱਧ ਵਿਭਾਗ ਹੁੰਦਾ ਸੀ, ਉਸੇ ਦਾ ਨਾਂ ਬਦਲ ਕੇ ਰੱਖਿਆ ਵਿਭਾਗ ਕਰਨ ਦੇ ਧੋਖੇ ਤੋਂ ਬਾਅਦ ਇਹ ਸਭ ਤੋਂ ਕਾਮਯਾਬ ਧੋਖਾ ਹੈ। ਉਦੋਂ ਹੀ ਫੇਸਬੁੱਕ ਤੋਂ ਜੁਟਾਏ ਡੇਟਾ ਦੇ ਕੈਂਬਰਿਜ ਐਨਾਲਾਈਟਿਕਾ ਵਲੋਂ ਅਮਰੀਕੀ ਚੋਣਾਂ ਅਤੇ ਬ੍ਰੈਗਜ਼ਿਟ ਜਨਮਤ ਸੰਗ੍ਰਹਿ ਵਿਚ ਹੋਈ ਦੁਰਵਰਤੋਂ ਦਾ ਮਾਮਲਾ ਚਰਚਾ ਵਿਚ ਸੀ। ਸਨੋਡਨ ਨੇ ਸਾਫ ਕਿਹਾ ਸੀ ਕਿ ਫੇਸਬੁੱਕ ਚਾਹੇ ਕੋਈ ਵੀ ਬਹਾਨਾ ਲਾਵੇ, ਸੱਚ ਇਹੀ ਹੈ ਕਿ ਉਸ ਦੀ ਇਸ ਵਿਚ ਮਿਲੀਭੁਗਤ ਹੈ। ਪਿਛਲੇ ਸਾਲ ਸਨੋਡਨ ਨੇ ਅਫਸੋਸ ਜ਼ਾਹਿਰ ਕੀਤਾ ਸੀ ਕਿ ਸਾਡੇ ਵਕਤ ਦੀ ਸਭ ਤੋਂ ਤਾਕਤਵਰ ਸੰਸਥਾਵਾਂ ਦੀ ਜਵਾਬਦੇਹੀ ਸਭ ਤੋਂ ਘੱਟ ਹੈ।



ਸੋਸ਼ਲ ਮੀਡੀਆ ਦੀਆਂ ਬਿੱਗ ਟੈਕ ਕੰਪਨੀਆਂ ਵਲੋਂ ਡੇਟਾ ਦੀ ਚੋਰੀ ਸਰਵੇਲੈਂਸ ਮਸਲੇ ਦਾ ਇਕ ਹਿੱਸਾ ਹੈ। ਇਸ ਦਾ ਇਕ ਮਹੱਤਵਪੂਰਨ ਹਿੱਸਾ ਹੈ ਲੋਕਾਂ ਦੀ ਨਾਰਾਜ਼ਗੀ, ਨਫਰਤ ਅਤੇ ਨਿਖੇਧ ਨੂੰ ਹਵਾ ਦੇ ਕੇ ਆਪਣਾ ਧੰਦਾ ਚਮਕਾਉਣਾ। ਹਿਸਾਬ ਸਿੱਧਾ ਹੈ। ਲੋਕਾਂ ਵਿਚ ਜਿੰਨੀ ਨਕਾਰਾਮਤਕਤਾ ਹੋਵੇਗੀ ਅਤੇ ਉਹ ਜਿੰਨਾ ਇਕ ਦੂਜੇ ਉਪਰ ਚੀਕਣਗੇ, ਉਸ ਮੰਚ ਉਪਰ ਉਹਨਾਂ ਦੀ ਸ਼ਮੂਲੀਅਤ ਵਧਦੀ ਜਾਵੇਗੀ ਅਤੇ ਉਸ ਮੰਚ ਨੂੰ ਓਨਾ ਹੀ ਵਧੇਰੇ ਡੇਟਾ ਮਿਲੇਗਾ ਅਤੇ ਉਹ ਵਧੇਰੇ ਉਹ ਇਸ਼ਤਿਹਾਰ, ਖਾਸ ਕਰ ਕੇ ਟਾਰਗੈਟਿਡ ਇਸ਼ਤਿਹਾਰਬਾਜ਼ੀ ਚਲਾਏਗਾ। ਅਕਸਰ ਇਹ ਕੰਪਨੀਆਂ ਆਪਣੀ ਚਮੜੀ ਬਚਾਉਣ ਲਈ ਕਹਿੰਦੀਆਂ ਹਨ ਕਿ ਉਹਨਾਂ ਲਈ ਤਮਾਮ ਵਿਵਾਦਪੂਰਨ ਜਾਂ ਖਤਰਨਾਕ ਸਰਗਰਮੀਆਂ ਉਪਰ ਨਜ਼ਰ ਰੱਖ ਸਕਣਾ ਤਾਂ ਸੰਭਵ ਨਹੀਂ ਹੈ।

ਫਿਰ ਵੀ ਉਹਨਾਂ ਨੇ ਨੇਮ ਤੈਅ ਕੀਤੇ ਹਨ ਅਤੇ ਉਸ ਅਨੁਸਾਰ ਉਹ ਕਾਰਵਾਈ ਵੀ ਕਰਦੇ ਹਨ। ਇਸ ਪ੍ਰਸੰਗ ਵਿਚ ਸਾਨੂੰ ਕਿਸੇ ਗਲਤਫਹਿਮੀ ਵਿਚ ਨਹੀਂ ਰਹਿਣਾ ਚਾਹੀਦਾ ਕਿ ਇਹ ਸੋਸ਼ਲ ਮੀਡੀਆ ਕੰਪਨੀਆਂ ਦਾ ਝੂਠ ਹੈ।

ਮਿਸਾਲ ਵਜੋਂ ਅਮਰੀਕੀ ਚੋਣਾਂ ਦੀ ਮਿਸਾਲ ਲੈਂਦੇ ਹਾਂ। ਪਿਛਲੇ ਸਾਲ ਸਤੰਬਰ-ਅਕਤੂਬਰ ਵਿਚ ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਦੀ ਚੋਣ ਮੁਹਿੰਮ ਦੀ ਤਰਫੋਂ ਰਾਸ਼ਟਰਪਤੀ ਅਹੁਦੇ ਲਈ ਡੈਮੋਕਰੇਟਿਕ ਪਾਰਟੀ ਦੇ ਉਮੀਦਵਾਰ ਅਤੇ ਸਾਬਕਾ ਉਪ-ਰਾਸ਼ਟਰਪਤੀ ਜੋਏ ਬਾਇਡਨ ਬਾਰੇ ਇਕ ਜਾਅਲੀ ਇਸ਼ਤਿਹਾਰ ਫੇਸਬੁੱਕ, ਟਵਿੱਟਰ ਅਤੇ ਗੂਗਲ ਉਪਰ ਚਲਾਇਆ ਗਿਆ। ਜਦ ਬਾਇਡਨ ਦੀ ਟੀਮ ਨੇ ਸ਼ਿਕਾਇਤ ਕੀਤੀ ਤਾਂ ਫੇਸਬੁੱਕ ਨੇ ਕਹਿ ਦਿੱਤਾ ਕਿ ਇਹ ਇਸ਼ਤਿਹਾਰਬਾਜ਼ੀ ਕੰਪਨੀ ਦੀਆਂ ਨੀਤੀਆਂ ਦੇ ਖਿਲਾਫ ਨਹੀਂ ਹੈ। ਇਹੀ ਨਹੀਂ, ਫੇਸਬੁੱਕ ਦੀ ਗਲੋਬਲ ਇਲੈਕਸ਼ਨਜ਼ ਪਾਲਿਸੀ ਦੀ ਮੁਖੀ ਕੇਟੀ ਹਰਬਥ ਨੇ ?ਬਾਇਡਨ ਮੁਹਿੰਮ ? ਨੂੰ ਚਿੱਠੀ ਲਿਖ ਕੇ ਕਿਹਾ ਕਿ ਫੇਸਬੁੱਕ ਵਿਚਾਰ ਪ੍ਰਗਟਾਵੇ ਦੀ ਆਜ਼ਾਦੀ ਵਿਚ ਬੁਨਿਆਦੀ ਯਕੀਨ ਰੱਖਦਾ ਹੈ, ਉਹ ਲੋਕਤੰਤਰੀ ਅਮਲ ਦਾ ਆਦਰ ਕਰਦਾ ਹੈ।

ਉਦੋਂ ਰਾਸ਼ਟਰਪਤੀ ਦੀ ਉਮੀਦਵਾਰੀ ਲਈ ਸੈਨੇਟਰ ਐਲਿਜ਼ਾਬੈੱਥ ਵਾਰੇਨ ਵੀ ਮੈਦਾਨ ਵਿਚ ਸੀ ਅਤੇ ਉਸ ਦਾ ਇਕ ਚੋਣ ਵਾਅਦਾ ਇਹ ਵੀ ਸੀ ਕਿ ਫੇਸਬੁੱਕ ਅਤੇ ਗੂਗਲ ਵਰਗੀਆਂ ਧੜਵੈਲ ਟੈਕ ਕੰਪਨੀਆਂ ਨੂੰ ਵੰਡ ਦੇਣਾ ਚਾਹੀਦਾ ਹੈ, ਕਿਉਂਕਿ ਉਹਨਾਂ ਦਾ ਆਕਾਰ ਅਤੇ ਰਸੂਖ ਬਹੁਤ ਜ਼ਿਆਦਾ ਵਧ ਗਿਆ ਹੈ। ਵਾਰੇਨ ਫੇਸਬੁੱਕ ਨੂੰ ਲਗਾਤਾਰ ਚਿਤਾਵਨੀ ਦਿੰਦੀ ਰਹੀ ਕਿ ਉਹ ਆਪਣੀ ਇਸ਼ਤਿਹਾਰਬਾਜ਼ੀ ਨੀਤੀ ਦੀਆਂ ਕਮੀਆਂ ਨੂੰ ਦਰੁਸਤ ਕਰੇ; ਲੇਕਿਨ ਇਸ ਕੰਪਨੀ ਨੇ ਉਸ ਵਲ ਕੋਈ ਧਿਆਨ ਨਹੀਂ ਦਿੱਤਾ।

ਪਿਛਲੀ ਚੋਣ ਵਿਚ ਸੋਸ਼ਲ ਮੀਡੀਆ ਦੇ ਮਾਧਿਅਮ ਜ਼ਰੀਏ ਜਾਅਲੀ ਖ਼ਬਰਾਂ ਫੈਲਾਉਣ ਅਤੇ ਕਥਿਤ ਤੌਰ 'ਤੇ ਰੂਸੀ ਦਖਲ ਲਈ ਮੌਕਾ ਦੇਣ ਕਾਰਨ ਫੇਸਬੁੱਕ ਚਰਚਾ 'ਚ ਆਈ ਸੀ ਅਤੇ ਉਸ ਨੇ ਇਹ ਭਰੋਸਾ ਵੀ ਦਿੱਤਾ ਸੀ ਕਿ ਕੰਪਨੀ ਅੱਗੇ ਤੋਂ ਚੌਕਸ ਰਹੇਗੀ। ਇਸ ਦੇ ਮੱਦੇਨਜ਼ਰ ਫੇਸਬੁੱਕ ਦੀ ਤਿਆਰੀ ਦੀ ਪਰਖ ਲਈ ?ਵਾਰੇਨ ਦੀ ਮੁਹਿੰਮ ? ਨੇ ਕਮਾਲ ਦਾ ਆਈਡੀਆ ਈਜਾਦ ਕੀਤਾ। ਉਸ ਨੇ ਇਕ ਇਸ਼ਤਿਹਾਰ ਬਣਾਇਆ ਜਿਸ ਵਿਚ ਇਹ ਝੂਠੀ ਗੱਲ ਕਹੀ ਗਈ ਸੀ ਕਿ ਫੇਸਬੁੱਕ ਦੇ ਸੀ.ਈ.ਓ. ਮਾਰਕ ਜ਼ੁਕਰਬਰਗ ਨੇ ਰਾਸ਼ਟਰਪਤੀ ਚੋਣ ਵਿਚ ਡੋਨਲਡ ਟਰੰਪ ਨੂੰ ਆਪਣੀ ਹਮਾਇਤ ਦਿੱਤੀ ਹੈ। ਇਸ ਨੂੰ ਖ਼ਬਰ ਦੀ ਸ਼ਕਲ ਵਿਚ ਬਣਾ ਕੇ ਅਤੇ ਟਰੰਪ ਤੇ ਜ਼ੁਕਰਬਰਗ ਦੀਆਂ ਤਸਵੀਰਾਂ ਨਾਲ ਫੇਸਬੁੱਕ ਉਪਰ ਬਤੌਰ ਇਸ਼ਤਿਹਾਰ ਪੋਸਟ ਕਰ ਦਿੱਤਾ ਗਿਆ।

ਇਸ ਇਸ਼ਤਿਹਾਰ ਵਿਚ ਇਹ ਵੀ ਲਿਖਿਆ ਗਿਆ ਸੀ ਕਿ ਜ਼ੁਕਰਬਰਗ ਨੇ ਆਪਣੇ ਮੰਚ ਉਪਰ ਟਰੰਪ ਨੂੰ ਝੂਠ ਫੈਲਾਉਣ ਦੀ ਖੁੱਲ੍ਹੀ ਛੁੱਟੀ ਦੇ ਦਿੱਤੀ ਸੀ ਅਤੇ ਇਸ ਦੇ ਬਦਲੇ ਵਿਚ ਪੈਸਾ ਲੈ ਕੇ ਫੇਸਬੁੱਕ ਇਸ ਝੂਠ ਨੂੰ ਅਮਰੀਕਨ ਵੋਟਰਾਂ ਨੂੰ ਪਰੋਸ ਰਿਹਾ ਹੈ। ਮਜ਼ੇ ਦੀ ਗੱਲ ਇਹ ਹੈ ਕਿ ਫੇਸਬੁੱਕ ਨੇ ਇਸ ਝੂਠੇ ਇਸ਼ਤਿਹਾਰ ਨੂੰ ਵੀ ਚੱਲਣ ਦਿੱਤਾ। ਇਉਂ ਕਰ ਕੇ ਵਾਰੇਨ ਨੇ ਸਾਫ ਦਿਖਾ ਦਿੱਤਾ ਕਿ ਫੇਸਬੁੱਕ ਲਈ ਕਮਾਈ ਪਹਿਲਾਂ ਹੈ।

ਆਪਣਾ ਧੰਦਾ ਚਮਕਾਉਣ ਲਈ ਸੋਸ਼ਲ ਮੀਡੀਆ ਜਿਸ ਮਨੁੱਖੀ ਭਾਵਨਾ ਦਾ ਸੋਸ਼ਣ ਕਰਦਾ ਹੈ, ਉਹ ਹੈ ਨਾਰਾਜ਼ਗੀ ਅਤੇ ਨਫਰਤ। ਇਸ ਬਾਰੇ ਖੋਜਾਂ ਹੋ ਚੁੱਕੀਆਂ ਹਨ। ਇਹੀ ਭਾਵਨਾ ਪੋਸਟ ਜਾਂ ਟਵੀਟ ਦੇ ਵਾਇਰਲ ਹੋਣ ਨੂੰ ਸੰਭਵ ਬਣਾਉਂਦੀ ਹੈ। ਖਿਡਾਰੀ ਇਸ ਨੂੰ ਨੰਬਰ ਕਹਿੰਦੇ ਹਨ। ਮਸ਼ਵਰੇ ਦੇ ਤੌਰ 'ਤੇ ਕਿਹਾ ਜਾਂਦਾ ਹੈ ਕਿ ਲੋਕ ਉਤੇਜਨਾ ਜਾਂ ਕਰੋਧ ਤੋਂ ਗੁਰੇਜ਼ ਕਰਨ; ਲੇਕਿਨ ਨਾਬਰਾਬਰੀ ਵਾਲੀ ਅਤੇ ਵੰਡੀ ਹੋਈ ਦੁਨੀਆ ਵਿਚ ਐਸਾ ਸੰਜਮ ਸੰਭਵ ਨਹੀਂ। ਉਤੇਜਨਾ ਛੂਤ ਦੇ ਰੋਗ ਵਾਂਗ ਹੁੰਦੀ ਹੈ। ਇਹ ਸ਼ਾਮਲ ਲੋਕਾਂ ਵਿਚ ਤਾਕਤਵਰ ਹੋਣ ਦਾ ਭਰਮ ਪੈਦਾ ਕਰ ਦਿੰਦੀ ਹੈ। ਉਹਨਾਂ ਨੂੰ ਲੱਗਦਾ ਹੈ ਕਿ ਉਹ ਵਿਆਪਕ ਅੰਦੋਲਨ ਜਾਂ ਕਾਰਵਾਈ ਦਾ ਹਿੱਸਾ ਹਨ ਅਤੇ ਆਪਣੇ ਹਿਸਾਬ ਨਾਲ ਦੁਨੀਆ ਬਦਲਣ ਜਾਂ ਬਣਾਉਣ ਦਾ ਕੰਮ ਕਰ ਰਹੇ ਹਨ।

ਤਿੰਨ ਸਾਲ ਪਹਿਲਾਂ ?ਦਿ ਗਾਰਡੀਅਨ ? ਵਿਚ ਛਪੇ ਲੇਖ ਵਿਚ ਵਿਲੀਅਮਜ਼ ਨੇ ਜੋ ਮਾਅਰਕੇ ਦੀ ਗੱਲ ਕੀਤੀ ਸੀ, ਉਹ ਇਹ ਸੀ ਕਿ ਜਿਸ ਕਾਰੋਬਾਰੀ ਮਾਡਲ ਦੀ ਮੁੱਖ ਟੇਕ ਹੀ ਧਿਆਨ ਖਿੱਚਣ ਅਤੇ ਉਸ ਨੂੰ ਬਰਕਰਾਰ ਰੱਖਣ ਉਪਰ ਹੋਵੇ, ਉਸ ਕੋਲ ਨਿਰਪੱਖਤਾ, ਬਾਰੀਕੀ ਅਤੇ ਵਿਸ਼ੇਸ਼ਗਤਾ ਲਈ ਨਾ ਤਾਂ ਵਕਤ ਹੁੰਦਾ ਹੈ ਅਤੇ ਨਾ ਹੀ ਇਹਨਾਂ ਚੀਜ਼ਾਂ ਦਾ ਉਸ ਨੂੰ ਕੋਈ ਲਾਭ ਹੁੰਦਾ ਹੈ। ਵਿਲੀਅਮਜ਼ ਦਾ ਕਹਿਣਾ ਹੈ ਕਿ ਸੋਸ਼ਲ ਮੀਡੀਆ ਉਪਰ ਅਸੀਂ ਸਾਰੇ ਗੁੱਸੇ ਵਿਚ ਹਾਂ, ਲੇਕਿਨ ਅਸੀਂ ਦੂਜਿਆਂ ਦੀ ਨਾਰਾਜ਼ਗੀ ਨੂੰ ਸੁਣਨ ਦੀ ਕੋਸ਼ਿਸ਼ ਤਾਂ ਕਰ ਹੀ ਸਕਦੇ ਹਾਂ।

ਸਲਾਹ ਤਾਂ ਠੀਕ ਹੈ, ਲੇਕਿਨ ਮੁਸ਼ਕਿਲ ਇਹ ਹੈ ਕਿ ਨਾਰਾਜ਼ਗੀ ਦੀ ਭਾਸ਼ਾ ਐਨੀ ਕਠੋਰ ਅਤੇ ਹਮਲਾਵਾਰ ਹੈ ਕਿ ਸੁਣਨ ਦੀ ਸ਼ੁਰੂਆਤੀ ਕੋਸ਼ਿਸ਼ ਹੀ ਬੰਦੇ ਨੂੰ ਜਾਂ ਤਾਂ ਭੜਕਾ ਸਕਦੀ ਹੈ, ਜਾਂ ਨਿਰਾਸ਼ ਕਰ ਸਕਦੀ ਹੈ, ਜਾਂ ਫਿਰ ਰੋਗੀ ਬਣਾ ਸਕਦੀ ਹੈ। ਇਹ ਸੁਣਨਾ ਵੀ ਫੰਧਾ ਹੋ ਸਕਦਾ ਹੈ।

ਇਸ ਬਾਰੇ ਨਿਊ ਯਾਰਕ ਯੂਨੀਵਰਸਿਟੀ ਦੇ ਪ੍ਰੋਫੈਸਰ ਸਕਾਟ ਗੈਲੋਵੇ ਦਾ ਮੀਡੀਅਮ ਉਪਰ ਦੋ ਸਾਲ ਪਹਿਲਾਂ ਆਇਆ ਲੇਖ ਜ਼ਿਆਦਾ ਸਹਾਈ ਹੋ ਸਕਦਾ ਹੈ। ਉਹ ਸਾਫ ਸਾਫ ਇਹ ਸੱਚ ਬਿਆਨ ਕਰਦੇ ਹਨ ਕਿ ਸੋਸ਼ਲ ਮੀਡੀਆ ਨਾਰਾਜ਼ਗੀ ਨਾਲ ਚਲਦਾ ਹੈ ਅਤੇ ਤੁਸੀਂ ਚਾਹੋ ਕੁਝ ਵੀ ਕਰ ਲਓ, ਤੁਸੀਂ ਆਪਣੇ ਬੱਚਿਆਂ ਨੂੰ ਇਸ ਤੋਂ ਬਚਾ ਨਹੀਂ ਸਕਦੇ। ਸੋਸ਼ਲ ਮੀਡੀਆ ਕੰਪਨੀਆਂ ਕਿਉਂਕਿ ਵਪਾਰੀ ਹਨ, ਲਿਹਾਜ਼ਾ ਉਹ ਆਪਣਾ ਕਾਰੋਬਾਰ ਬਚਾਉਣ ਲਈ ਕਦੇ-ਕਦੇ ਨਫਰਤ ਜਾਂ ਝੂਠ ਖਿਲਾਫ ਕਾਰਵਾਈ ਕਰਨ ਲਈ ਮਜਬੂਰ ਹਨ। ਪ੍ਰੋਫਾਈਲ ਹੈਂਡਲ, ਪੋਸਟ, ਚੈਨਲ ਅਤੇ ਵੀਡੀਓ ਨੂੰ ਹਟਾਉਣ ਦੇ ਜੋ ਮਾਮਲੇ ਆਉਂਦੇ ਹਨ, ਉਹ ਇਸੇ ਤਰ੍ਹਾਂ ਦੀ ਕਾਰਵਾਈ ਹੁੰਦੇ ਹਨ। ਇਸ ਲਈ ਕੁਝ ਘੋਰ ਸੱਜੇਪੱਖੀ ਜਾਂ ਇਕ ਭਾਜਪਾ ਵਿਧਾਇਕ ਦਾ ਪੇਜ ਹਟਾਉਣ ਨਾਲ ਸੰਤੁਸ਼ਟ ਹੋਣਾ ਠੀਕ ਨਹੀਂ ਹੈ। ਤੁਸੀਂ ਕਿਸੇ ਵੀ ਮੰਚ ਉਪਰ ਚਲੇ ਜਾਓ, ਐਸੀ ਸਮੱਗਰੀ ਦੀ ਭਰਮਾਰ ਮਿਲ ਜਾਵੇਗੀ। ਇਸ ਦਾ ਤਰਕ ਵੀ ਉਹੀ ਹੈ ਕਿ ਘੋਰ ਸੱਜੇਪੱਖੀ ਜਾਂ ਭਿਆਨਕ ਰੂਪ 'ਚ ਇਤਿਹਾਸਪਸੰਦ ਜਾਂ ਨਹਾਇਤ ਪੁਰਾਤਨਪੰਥੀ ਵਿਸ਼ੇ ਪੱਖ ਅਤੇ ਵਿਰੋਧੀ-ਪੱਖ ਵਿਚ ਲਾਮਬੰਦੀ ਨੂੰ ਯਕੀਨੀ ਬਣਾਉਂਦੇ ਹੈ।

ਸੋਸ਼ਲ ਮੀਡੀਆ ਦਾ ਇਹ ਸੁਭਾਅ ਅਤੇ ਖਾਸਾ ਇੰਟਰਨੈੱਟ ਦੇ ਮੁੱਢ ਤੋਂ ਹੀ ਹੈ, ਜਦ ਬੇਨਾਮ ਪ੍ਰੋਫਾਈਲ ਚੈਟ ਬੋਰਡ ਉਪਰ ਆਪਣੀ ਮਾਯੂਸੀ ਉਗਲਦੇ ਸਨ ਜਾਂ ਝੂਠ ਫੈਲਾਉਂਦੇ ਸਨ। ਵੈਬਸਾਈਟਾਂ ਦੇ ਕੁਮੈਂਟ ਸੈਕਸ਼ਨ ਵਿਚ ਉਸ ਦੀ ਵੰਨਗੀ ਦੀ ਭਰਮਾਰ ਅੱਜ ਵੀ ਦੇਖੀ ਜਾ ਸਕਦੀ ਹੈ। ਅੱਜ ਜ਼ਰੂਰਤ ਹੈ ਕਿ ਕੁਝ ਪੋਸਟਾਂ ਦੇ ਵਿਰੋਧ ਅਤੇ ਸੋਸ਼ਲ ਮੀਡੀਆ ਦੀ ਨੇਮਾਵਲੀ ਵਿਚ ਸੁਧਾਰ ਉਪਰ ਤਾਕਤ ਅਜਾਈਂ ਲਗਾਉਣ ਦੀ ਬਜਾਏ ਇਸ ਭਿਆਨਕ ਮਸਲੇ ਦੇ ਵੱਖ-ਵੱਖ ਸਿਰਿਆਂ ਨੂੰ ਸਮਝਿਆ ਜਾਵੇ। ਤਕਨੀਕੀ ਮਾਹਿਰ ਮਾਇਲੇ ਗਵੇਟ ਨੇ ਆਪਣੇ ਤਾਜ਼ਾ ਲੇਖ ਵਿਚ ਦੱਸਿਆ ਹੈ ਕਿ ਸੋਸ਼ਲ ਮੀਡੀਆ ਸਾਨੂੰ ਕਿਸ ਤਰ੍ਹਾਂ ਉਸ ਹਾਲਤ ਵਿਚ ਧੱਕ ਰਿਹਾ ਹੈ ਜਿਸ ਦੀ ਕਲਪਨਾ ਜਾਰਜ ਔਰਵੈੱਲ ਦੇ ਨਾਵਲ ?1984 ? ਵਿਚ ਮਿਲਦੀ ਹੈ। ਉਸ ਨਾਵਲ ਵਿਚ ਇਕ ਕਰਮਕਾਂਡ ਵਾਪਰਦਾ ਹੈ - ਦੋ ਮਿੰਟ ਦੀ ਨਫਰਤ। ਉਸ ਵਿਚ ਸਾਰੇ ਲੋਕ ਕੰਮ-ਧੰਦਾ ਛੱਡ ਕੇ ਸਕਰੀਨ ਸਾਹਮਣੇ ਖੜ੍ਹੇ ਹੋ ਕੇ ਦੁਸ਼ਮਣਾਂ ਨੂੰ ਲਾਹਣਤ ਪਾਉਂਦੇ ਸਨ ਅਤੇ ਵੱਡੇ ਭਰਾ ਦੀ ਜੈ-ਜੈਕਾਰ ਕਰਦੇ ਸਨ। ਦੁਸ਼ਮਣ ਬਦਲਦੇ ਰਹਿੰਦੇ ਸਨ ਪਰ ਕਰਮਕਾਂਡ ਉਹੀ ਰਹਿੰਦਾ ਸੀ। ਸਕਰੀਨ ਸਾਹਮਣੇ ਜੁੜੇ ਲੋਕ ਹਤਿਆਰਿਆਂ ਦਾ ਵਹਿਸ਼ੀ ਹਜੂਮ ਬਣ ਜਾਂਦੇ ਸਨ। ਸੋਸ਼ਲ ਮੀਡੀਆ ਅਤੇ ਡਿਜੀਟਲ ਤਕਨੀਕ ਦੇ ਸਾਡੇ ਜ਼ਮਾਨੇ ਵਿਚ ਇਹ ਦੋ ਮਿੰਟ ਦਾ ਕਰਮਕਾਂਡ ਚੌਵੀ ਘੰਟੇ ਦਾ ਕੰਮਕਾਜ ਬਣ ਚੁੱਕਾ ਹੈ। ਜ਼ੁਕਰਬਰਗ ਦੀ ਜੈ !

**ਲੇਖਕ : ਪ੍ਰਕਾਸ਼ ਕੇ. ਰੇਅ, ਅਨੁਵਾਦ: ਬੂਟਾ ਸਿੰਘ**

# ਭਾਈ ਲਹਿਣਾ ਤੋਂ ਗੁਰੂ ਅੰਗਦ ਦੇਵ ਜੀ ਦਾ ਸਫਰ

## ਸ੍ਰੀ ਗੁਰੂ ਅੰਗਦ ਦੇਵ ਜੀ ਦੇ ਗੁਰੂਤਾ-ਗੱਦੀ ਦਿਵਸ ਤੇ ਵਿਸ਼ੇਸ਼

ਗੁਰੂ ਨਾਨਕ ਦੇਵ ਜੀ ਨੇ ਸਿੱਖ ਧਰਮ ਦੀ ਸਥਾਪਨਾ ਕੀਤੀ ਅਤੇ ਇਸ ਧਰਮ ਨੂੰ ਸਥਿਰਤਾ ਦੇਣ ਤੇ ਸਿੱਖੀ ਮਹਿਲ ਨੂੰ ਅੱਗੇ ਤੋਰਨ ਲਈ ਗੁਰੂ ਅੰਗਦ ਦੇਵ ਜੀ ਨੇ ਅਹਿਮ ਭੂਮਿਕਾ ਨਿਭਾਈ।

ਗੁਰੂ ਅੰਗਦ ਦੇਵ ਜੀ ਦਾ ਜਨਮ ਬਾਬਾ ਫੇਰੂਮਲ ਜੀ ਦੇ ਘਰ ਮੱਤੇ ਦੀ ਸਰਾਂ (ਜ਼ਿਲਾ ਮੁਕਤਸਰ) ਵਿਖੇ 31 ਮਾਰਚ, 1504 ਈ: ਨੂੰ ਹੋਇਆ। ਆਪ ਜੀ ਦਾ ਬਚਪਨ ਦਾ ਨਾਂ 'ਲਹਿਣਾ' ਸੀ।ਸਿੱਖ ਧਰਮ ਦੀ ਸਦੀਵੀ ਹੋਂਦ ਬਰਕਰਾਰ ਰੱਖਣ ਲਈ ਗੁਰੂ ਨਾਨਕ ਦੇਵ ਜੀ ਨੇ ਆਪਣੀ ਦੂਰ-ਦ੍ਰਿਸ਼ਟੀ ਤੇ ਦਾਨਸ਼ਮੰਦੀ ਨਾਲ ਗੁਰੂ-ਚੇਲੇ ਦੀ ਗੀਤ ਚਲਾ ਕੇ ਭਾਈ ਲਹਿਣੇ ਨੂੰ ਦੂਜੇ ਗੁਰੂ ਅੰਗਦ ਦੇਵ ਜੀ ਦੇ ਰੂਪ ਵਿਚ ਸਥਾਪਤ ਕੀਤਾ।ਸ੍ਰੀ ਗੁਰੂ ਅੰਗਦ ਦੇਵ ਜੀ ਦੀ ਬਾਣੀ ਸਾਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਦਰਜ 62 ਸਲੋਕਾਂ ਦੇ ਰੂਪ ਵਿੱਚ ਮਿਲਦੀ ਹੈ। ਅੰਗਦ ਦਾ ਸ਼ਾਬਦਿਕ ਅਰਥ ਹੈ: ਅੰਗ ਨੂੰ ਸ਼ੋਭਾ ਦੇਣ ਵਾਲਾ ਭੂਸ਼ਣ, ਭੁਜਬੰਦ, ਬਾਜੂਬੰਦ ਆਦਿ। ਟਰੰਪ ਦੇ ਸ਼ਬਦਾਂ ਵਿਚ ਸਭ ਕੁਝ ਖਿਲਰ-ਪੁਲਰ ਤੇ ਉੱਡ-ਪੁਡ ਜਾਂਦਾ ਜੇ ਗੁਰੂ ਨਾਨਕ ਸਾਹਿਬ ਆਪਣੀ ਥਾਂ ਗੁਰੂ ਅੰਗਦ ਨੂੰ ਨਾ ਬਿਠਾਲਦੇ। ਗੋਕਲ ਚੰਦ ਨਾਰੰਗ ਦਾ ਕਹਿਣਾ ਹੈ ਕਿ ਜੇਕਰ ਗੁਰੂ ਨਾਨਕ ਦੇਵ ਜੀ, ਗੁਰੂ ਅੰਗਦ ਦੇਵ ਜੀ ਨੂੰ ਗੁਰੂਤਾ-ਗੱਦੀ ਦੀ ਬਖ਼ਸ਼ਿਸ਼ ਨਾ ਕਰਦੇ ਤਾਂ ਅੱਜ ਸਿੱਖ ਧਰਮ ਦਾ ਨਾਮੋ-ਨਿਸ਼ਾਨ ਵੀ ਨਾ ਹੁੰਦਾ।

ਗੁਰੂ ਨਾਨਕ ਦੇਵ ਜੀ ਨੇ ਭਾਈ ਲਹਿਣਾ ਜੀ ਨੂੰ ਪੂਰੀ ਤਰ੍ਹਾਂ ਯੋਗ ਜਾਣ ਕੇ ਗੁਰੂ ਅੰਗਦ ਨਾਮ ਦੇ ਕੇ ਸਤੰਬਰ 1539 ਈ: ਵਿਚ ਪ੍ਰਮੁੱਖ ਸਿੱਖਾਂ ਦੀ ਮੌਜੂਦਗੀ ਵਿਚ ਆਪਣੀ ਥਾਂ ਤੇ ਪ੍ਰਚਾਰ ਕਰਨ ਦੇ ਲਈ ਗੁਰਿਆਈ ਦੀ ਮਹਾਨ ਜ਼ਿੰਮੇਵਾਰੀ ਸੌਂਪੀ। ਗੁਰਗੱਦੀ ਦਾ ਸ਼ਾਬਦਿਕ ਅਰਥ ਹੈ ਗੁਰੂ ਦਾ ਤਖਤ। ਗੁਰੂ ਜੀ ਨੇ ਗੁਰੂ ਅੰਗਦ ਦੇਵ ਜੀ ਨੂੰ ਮੱਥਾ ਟੇਕਿਆ ਤੇ ਬਾਕੀ ਸੰਗਤਾਂ ਨੂੰ ਮੱਥਾ ਟੇਕਣ ਲਈ ਕਿਹਾ। ਗੁਰੂ ਨਾਨਕ ਦੇਵ ਜੀ ਨੇ ਗੁਰੂ ਅੰਗਦ ਦੇਵ ਜੀ ਨੂੰ ਤਖਤ ਤੇ ਬਿਠਾ ਕੇ ਸਭ ਸੰਗਤਾਂ ਦੇ ਸਾਹਮਣੇ ਬਾਣੀ ਦੀ ਪੋਥੀ ਸੌਂਪ ਕੇ ਐਲਾਨ ਕੀਤਾ ਮੇਰੀ ਜਗ੍ਹਾ ਹੁਣ ਗੁਰੂ ਅੰਗਦ ਦੇਵ ਜੀ ਨੂੰ ਸਮਝਣਾ। ਇਹਨਾਂ ਦਾ ਦਰਸ਼ਨ ਮੇਰਾ ਦਰਸ਼ਨ, ਇਹਨਾਂ ਦਾ ਬਚਨ ਹੀ ਮੇਰਾ ਬਚਨ ਹੋਵੇਗਾ। ਗੁਰੂ ਨਾਨਕ ਦੇਵ ਜੀ ਨੇ ਮਾਰੂ ਸੋਲਹੇ ਵਿਚ ਕਿਹਾ ਹੈ ਕਿ ਉਸ ਤਖਤ ਤੇ ਉਹੀ ਬੈਠਦਾ ਹੈ ਜੋ ਉਸ ਦੇ ਲਾਇਕ ਹੁੰਦਾ ਹੈ। ਜਿਸ ਨੇ ਕਾਮ, ਕਰੋਧ, ਲੋਭ, ਮੋਹ ਅਤੇ ਹੰਕਾਰ ਆਦਿ ਵਿਕਾਰਾਂ ਨੂੰ ਮੁਕਾ ਲਿਆ ਹੋਵੇ, ਉਸ ਨੂੰ ਹੀ ਤਖਤ ਦੀ ਪ੍ਰਾਪਤੀ ਹੁੰਦੀ ਹੈ।

ਤਖਤਿ ਬਹੈ ਤਖਤੈ ਕੀ ਲਾਇਕ ॥
ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ 1039

ਇਸ ਤਰ੍ਹਾਂ ਗੁਰੂ ਨਾਨਕ ਦੇਵ ਜੀ ਨੇ ਆਪਣੇ ਸਿੱਖ ਭਾਈ ਲਹਿਣੇ ਨੂੰ ਆਪਣੇ ਹੱਥੀਂ ਗੱਦੀ ਨਸ਼ੀਨ ਕੀਤਾ। ਪਰਚੀਆਂ ਭਾਈ ਸੇਵਾ ਦਾਸ ਦੇ ਅਨੁਸਾਰ ਆਪ ਹੋਤੇ ਗੁਰਾਈ ਕੈ ਤਖਤ ਉਪਰ ਬੈਠਾਇਆ। ਭਾਈ ਗੁਰਦਾਸ ਜੀ ਆਪਣੀ ਪਹਿਲੀ ਵਾਰ ਵਿਚ ਗੁਰ-ਗੱਦੀ ਦੀ ਪਰੰਪਰਾ ਨੂੰ ਇਵੇਂ ਦਰਸਾਉਂਦੇ ਹਨ:

ਥਾਪਿਆ ਲਹਿਣਾ ਜੀਵਦੇ ਗੁਰਿਆਈ ਸਿਰਿ ਛਤ੍ਰ ਫਿਰਾਇਆ।
ਜੋਤੀ ਜੋਤਿ ਮਿਲਾਇਕੈ ਸਤਿਗੁਰ ਨਾਨਕ ਰੂਪ ਵਟਾਇਆ।
ਲਖਿ ਨ ਕੋਈ ਸਕਈ ਆਚਰਜੇ ਆਚਰਜ ਦਿਖਾਇਆ।
ਕਾਇਆ ਪਲਟਿ ਸਰੂਪ ਬਣਾਇਆ ॥
ਵਾਰਾਂ ਭਾਈ ਗੁਰਦਾਸ ਜੀ,ਵਾਰ 1 ਪਉੜੀ 45

ਗੁਰਗੱਦੀ ਉਪਰੰਤ ਗੁਰੂ ਅੰਗਦ ਦੇਵ ਜੀ ਦਾ ਜੱਸ ਸੱਤਾਂ ਦੀਪਾਂ ਵਿੱਚ ਫੈਲ ਗਿਆ। ਭਾਈ ਲਹਿਣਾ ਜੀ ਗੁਰੂ ਨਾਨਕ ਪਾਤਸ਼ਾਹ ਦੇ ਚਰਨ ਪਰਸ ਕੇ 'ਜਗਤ ਗੁਰੂ' ਬਣ ਗਏ। ਭੱਟ 'ਕਲਸਹਾਰ' ਦਾ ਫੁਰਮਾਨ ਹੈ:

ਕਹੁ ਕੀਰਤਿ ਕਲ ਸਹਾਰ ਸਪਤ ਦੀਪ ਮਝਾਰ
ਲਹਣਾ ਜਗਤ੍ਰ ਗੁਰੁ ਪਰਸਿ ਮੁਰਾਰਿ ॥
ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ 1391

ਜਨਮਸਾਖੀ ਮਿਹਰਬਾਨ ਵਿਚ ਬਹੁਤ ਸਪਸ਼ਟ ਅੰਕਿਤ ਹੈ ਤਬ ਗੁਰੂ ਅੰਗਦ ਕਉ ਸ਼ਬਦ ਦੀ ਥਾਪਨਾ ਦੇ ਕੇ ਸੰਮਤ 1596, ਅੱਸੂ ਵਦੀ ਦਸਮੀ ਕਉ ਆਪ ਸਚਖੰਡ ਸਿਧਾਰੇ।ਸਭ ਸੰਗਤਾਂ ਅਤੇ ਗੁਰੂ ਅੰਗਦ ਦੇਵ ਜੀ ਦੇ ਕਰਤਾਰਪੁਰ ਵਿਖੇ ਗੁਰੂ ਪੁੱਤਰਾਂ ਦੇ ਸਖਤ ਵਿਰੋਧ ਕਾਰਨ ਖਡੂਰ ਸਾਹਿਬ ਨੂੰ ਆਪਣਾ ਟਿਕਾਣਾ ਬਣਾਇਆ:

ਫੇਰਿਵਸਾਇਆਫੇਰੁਆਣਿਸਤਿਗੁਰਿਖਾਡੂਰੁ॥
ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ 967

ਸਿੱਖ ਮੱਤ ਨੂੰ ਆਪ ਜੀ ਨੇ ਸ੍ਰੀ ਚੰਦ ਦੁਆਰਾ ਚਲਾਏ ਉਦਾਸੀ ਮੱਤ ਦੇ ਪ੍ਰਭਾਵ ਤੋਂ ਬਚਾਇਆ। ਪਹਿਲੇ ਪਾਤਸ਼ਾਹ ਦੇ ਬਖਸ਼ੇ ਗੁਰਮਤਿ ਮਾਰਗ ਦਾ ਬਹੁਤ ਸੁਚੱਜੇ ਢੰਗ ਨਾਲ ਪਾਸਾਰ ਕੀਤਾ। ਗੁਰੂ ਅੰਗਦ ਦੇਵ ਜੀ ਨੇ ਦੀਨ-ਦੁਖੀਆਂ ਦੀ ਸੇਵਾ, ਲੰਗਰ ਦੀ ਮਰਿਆਦਾ ਅਤੇ ਗੁਰਮੁਖੀ ਲਿਪੀ ਦਾ ਪ੍ਰਚਾਰ ਅਤੇ ਬਾਲ-ਬੋਧ ਤਿਆਰ ਕਰ ਕੇ ਬੱਚਿਆਂ ਵਿਚ ਵੰਡਿਆ। ਭਾਈ ਕਾਨ੍ਹ ਸਿੰਘ ਨਾਭਾ ਦੇ ਅਨੁਸਾਰ ਗੁਰਮੁਖੀ ਲਿਪੀ ਤੋਂ ਭਾਵ ਜੋ ਵਾਕ ਗੁਰਮੁਖਾਂ ਨੇ ਲਿਖੇ, ਜਿਸ ਕਾਰਨ ਇਸ ਦਾ ਨਾਉਂ 'ਗੁਰਮੁਖੀ' ਪ੍ਰਸਿੱਧ ਹੋਇਆ। ਗੁਰੂ ਨਾਨਕ ਦੇਵ ਜੀ ਨਾਲ ਸੰਬੰਧਿਤ ਪ੍ਰਸੰਗ ਨੂੰ ਸੰਭਾਲਣ ਲਈ ਜਨਮਸਾਖੀ ਪਰੰਪਰਾ ਪ੍ਰਚੱਲਿਤ ਹੋਈ। ਗੁਰਬਾਣੀ ਕੀਰਤਨ, ਸੰਗਤ, ਲੰਗਰ-ਪੰਗਤ ਦੀ ਜੁਗਤ ਦਾ ਪ੍ਰਚਾਰ ਕਰਕੇ ਮਾਨਵਵਾਦੀ ਫ਼ਲਸਫੇ ਨੂੰ ਉਤਸ਼ਾਹਿਤ ਕੀਤਾ ਅਤੇ ਊਚ-ਨੀਚ ਦੇ ਭੇਦ-ਭਾਵ ਨੂੰ ਸਮਾਜ ਵਿਚੋਂ ਖਤਮ ਕਰਨ ਲਈ ਯਤਨਸ਼ੀਲ ਹੋਏ। ਗੁਰਬਾਣੀ ਇਸ ਗੱਲ ਦੀ ਗਵਾਹ ਹੈ ਕਿ ਗੁਰੂ ਅੰਗਦ ਦੇਵ ਜੀ ਆਪ ਗੁਰ ਸ਼ਬਦ ਦੇ ਲੰਗਰ ਨੂੰ ਵਰਤਾਇਆ ਕਰਦੇ ਸਨ।ਜਿਸ ਦੇ ਸੰਬੰਧ ਵਿੱਚ ਭਾਈ ਸੱਤਾ ਤੇ ਬਲਵੰਡ ਰਾਮਕਲੀ ਕੀ ਵਾਰ ਵਿੱਚ ਜਿਕਰ ਕਰਦੇ ਹਨ:

ਲੰਗਰੁ ਚਲੈ ਗੁਰ ਸਬਦਿ ਹਰਿ ਤੋਟਿ ਨ ਆਵੀ ਖਟੀਐ ॥
ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ 967

ਗੁਰੂ ਨਾਨਕ ਦੇਵ ਜੀ ਨੇ 20 ਰੁਪੈ ਦਾ ਭੁੱਖੇ ਸਾਧੂਆਂ ਨੂੰ ਲੰਗਰ ਛਕਾ ਕੇ ਲੰਗਰ ਦੀ ਪ੍ਰਥਾ ਨੂੰ ਆਰੰਭ ਕਰ ਦਿੱਤਾ ਸੀ। ਗੁਰੂ ਅੰਗਦ ਦੇਵ ਜੀ ਨੇ ਖਡੂਰ ਸਾਹਿਬ ਪਹੁੰਚ ਕਰਕੇ ਲੰਗਰ ਦੀ ਪ੍ਰਥਾ ਦਾ ਵਿਕਾਸ ਕੀਤਾ। ਜਿਸ ਵਿੱਚ ਗੁਰੂ ਜੀ ਦੇ ਮਹਿਲ ਮਾਤਾ ਖੀਵੀ ਜੀ ਨੇ ਵਡਮੁੱਲਾ ਯੋਗਦਾਨ ਪਾਇਆ। ਲੰਗਰ ਦੀ ਇਹ ਪ੍ਰਥਾ ਅੱਜ ਵੀ ਉਸੇ ਰੂਪ ਵਿੱਚ ਬਾਬਾ ਸੇਵਾ ਸਿੰਘ ਜੀ ਕਾਰ ਸੇਵਾ ਖਡੂਰ ਸਾਹਿਬ ਦੀ ਸਰਪ੍ਰਸਤੀ ਹੇਠ ਇਲਾਕੇ ਦੀਆਂ ਸੰਗਤਾਂ ਦੇ ਸਹਿਯੋਗ ਨਾਲ ਚਲਾਈ ਜਾ ਰਹੀ ਹੈ।

ਸਮਾਜ ਨੂੰ ਸਰੀਰਕ ਤੌਰ 'ਤੇ ਰਿਸ਼ਟ-ਪੁਸ਼ਟ ਕਰਨ ਲਈ ਖੇਡਾਂ ਅਤੇ ਮੱਲਾਂ ਦੇ ਅਖਾੜਿਆਂ ਦਾ ਵਿਕਾਸ ਕੀਤਾ। ਗੁਰੂ ਜੀ ਦੁਆਰਾ ਪੈਦਾ ਕੀਤੀ ਗਈ ਨਰੋਈ ਦੇਹ ਵਿੱਚੋਂ ਹੀ ਇੱਕ ਵਿਲੱਖਣ ਸੱਭਿਆਚਾਰ ਪੈਦਾ ਹੋਇਆ ਜੋ ਖਾਲਸਾ ਫੌਜ ਦੇ ਵਿਲੱਖਣ ਕਾਰਨਾਮਿਆਂ ਦਾ ਅਧਾਰ ਬਣਿਆ।

ਆਪੇ ਛਿੰਝ ਪਵਾਇ ਮਲਾਖਾੜਾ ਰਚਿਆ ॥
ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ 1280

ਇਸ ਤਰ੍ਹਾਂ ਅਸੀਂ ਕਹਿ ਸਕਦੇ ਹਾਂ ਕਿ ਗੁਰਿਆਈ ਦੀ ਜ਼ਿੰਮੇਵਾਰੀ ਇਕ ਬਹੁਤ ਵੱਡੀ ਜ਼ਿੰਮੇਵਾਰੀ ਸੀ। ਇਸ ਜ਼ਿੰਮੇਵਾਰੀ ਦਾ ਮੰਤਵ ਗੁਰੂ ਨਾਨਕ ਦੇਵ ਜੀ ਦੀ ਵਿਚਾਰਧਾਰਾ ਨੂੰ ਨਿਖਾਰਨਾ, ਪ੍ਰਚਾਰਨਾ, ਮਨੁੱਖੀ ਭਾਈਚਾਰੇ ਵਿਚ ਪ੍ਰਭਾਵਸ਼ਾਲੀ ਢੰਗ ਦੇ ਨਾਲ ਜਾਰੀ ਕਰਨਾ, ਇਸੇ ਹੀ ਵਿਚਾਰਧਾਰਾ ਨੂੰ ਮਿਲਗੋਭਾ ਹੋਣ ਤੋਂ ਬਚਾਉਣਾ ਆਦਿ ਸੀ। ਗੁਰੂ ਅੰਗਦ ਦੇਵ ਜੀ ਨੇ ਆਪਣੇ ਜੀਵਨ ਦੇ ਲਗਭਗ ਤੇਰਾਂ ਸਾਲ (ਸਤੰਬਰ 1539-1552) ਦੇ ਗੁਰਿਆਈ ਕਾਲ ਸਮੇਂ ਹਰੇਕ ਉਪਦੇਸ਼ ਅਤੇ ਹਰੇਕ ਕਾਰਜ ਵਿਚ ਇਹਨਾਂ ਗੱਲਾਂ ਨੂੰ ਸਾਹਮਣੇ ਰੱਖਿਆ।

**ਡਾ. ਜਸਵਿੰਦਰ ਸਿੰਘ**
**ਮੋਬਾਇਲ ਨੰ. +65 98951996**

# ਬਗੀਚੀਆਂ ਵਿਚ ਵੱਡ ਆਕਾਰੀ ਪੌਦੇ ਲਾਉਣ ਦਾ ਰੁਝਾਨ

ਪੂਰੇ ਵਿਸ਼ਵ ਵਿਚ ਵੱਡ ਆਕਾਰੀ ਪੌਦੇ ਲਾਉਣ ਜਾਂ ਟਰਾਂਸਪਲਾਂਟ ਯਾਨੀ ਇਕ ਸਥਾਨ ਤੋਂ ਪੁੱਟ ਕੇ ਦੂਸਰੇ ਸਥਾਨ ਉੱਪਰ ਲਾਉਣ ਦਾ ਰੁਝਾਨ ਕਾਫ਼ੀ ਪੁਰਾਣਾ ਹੈ । ਵਿਦੇਸ਼ਾਂ ਵਿਚ ਇਸ ਕੰਮ ਨੂੰ ਕਰਨ ਖਾਤਰ ਆਧੁਨਿਕ ਤਰੀਕੇ ਦੀ ਮਸ਼ੀਨਰੀ ਉਪਲਬੱਧ ਹੈ, ਜੋ ਕੰਮ ਨੂੰ ਬੜੇ ਤਕਨੀਕੀ ਅਤੇ ਸੁਖਾਲੇ ਰੂਪ ਵਿਚ ਕਰਨ ਦੀ ਸਮਰੱਥਾ ਰੱਖਦੀ ਹੈ । ਪਿਛਲੇ ਕੁਝ ਸਾਲਾਂ ਵਿਚ ਵੱਡ ਅਕਾਰੀ ਤੇ ਵੱਡੀ ਉਮਰ ਦੇ ਰੁੱਖ ਪੌਦੇ ਲਾਉਣ ਦਾ ਰੁਝਾਨ ਭਾਰਤ ਵਿਚ ਕਾਫ਼ੀ ਪ੍ਰਚਲਿਤ ਹੋਇਆ ਹੈ । ਸਾਡੇ ਸੂਬੇ ਪੰਜਾਬ ਦੇ ਸ਼ੌਕੀਨਾਂ ਨੇ ਵੀ ਇਸ ਵੱਲ ਨੂੰ ਆਪਣਾ ਰੁਝਾਨ ਸ਼ੁਰੂ ਕੀਤਾ ਹੈ । ਹਾਲਾਂਕਿ ਅਨੇਕਾਂ ਕਿਸਾਨਾਂ ਦੇ ਰੁੱਖ ਪੌਦਿਆਂ ਨੂੰ ਇਕ ਥਾਂ ਤੋਂ ਪੁੱਟ ਕੇ ਦੂਜੀ ਥਾਂ 'ਤੇ ਲਾਇਆ ਜਾ ਸਕਦਾ ਹੁੰਦਾ ਹੈ ਪ੍ਰੰਤੂ ਕੁਝ ਕੁ ਸਾਲਾਂ ਵਿਚ ਖਜੂਰਾਂ ਕਾਫ਼ੀ ਤਦਾਦ ਵਿਚ ਸਰਕਾਰੀ ਅਤੇ ਗ਼ੈਰ-ਸਰਕਾਰੀ ਤੌਰ 'ਤੇ ਪੰਜਾਬ ਦੇ ਵੱਖ-ਵੱਖ ਸਥਾਨਾਂ 'ਤੇ ਲਾਈਆਂ ਗਈਆਂ । ਕਈ ਵਾਰ ਕਿਸੇ ਸਥਾਨ 'ਤੇ ਇਮਾਰਤ ਆਦਿ ਬਣਨੀ ਹੋਵੇ ਤਾਂ ਉਸ ਜਗ੍ਹਾ ਮੌਜੂਦ ਰੁੱਖ-ਪੌਦਿਆਂ ਨੂੰ ਅਕਸਰ ਵੱਢਣ/ਕੱਟਣ ਬਾਰੇ ਹੀ ਸੋਚਿਆ ਜਾਂਦਾ ਹੈ । ਪ੍ਰੰਤੂ ਇਸ ਦੀ ਬਜਾਏ ਅਸੀਂ ਉਨ੍ਹਾਂ ਨੂੰ ਹੋਰਨਾਂ ਸਥਾਨਾਂ 'ਤੇ ਸ਼ਿਫਟ ਕਰ ਸਕਦੇ ਹੁੰਦੇ ਹਾਂ, ਬਸ਼ਰਤੇ ਕਿ ਕੰਮ ਤਕਨੀਕੀ ਰੂਪ ਨਾਲ ਕੀਤਾ ਜਾਵੇ । ਤਕਨੀਕੀ ਪੱਖਾਂ ਦੇ ਮੱਦੇਨਜ਼ਰ ਸਾਨੂੰ ਕਾਫ਼ੀ ਗੱਲਾਂ ਦਾ ਧਿਆਨ ਰੱਖਣਾ ਪੈਂਦਾ ਹੈ, ਜਿਵੇਂ ਕਿ:

ਪੌਦੇ ਦੀ ਕਿਸਮ/ਜਾਤੀ : ਵੱਡੀ ਉਮਰ/ਆਕਾਰ ਦੇ ਪੌਦੇ ਨੂੰ ਪੁੱਟ ਕੇ ਦੂਸਰੀ ਜਗ੍ਹਾ 'ਤੇ ਲਾਉਣ ਤੋਂ ਪਹਿਲਾਂ ਇਹ ਵੇਖਣਾ ਅਹਿਮ ਹੁੰਦਾ ਹੈ ਕਿ ਉਹ ਪੌਦਾ ਕਿਸ ਜਾਤੀ ਨਾਲ ਸਬੰਧਤ ਹੈ । ਪੈਗੋਡਾ (ਚੰਪਾ) ਪਾਮ (ਅਨੇਕਾਂ ਕਿਸਮ) ਦੂਜਾ (ਮੋਰ ਪੰਖ), ਬਕੈਣ, ਪਾਈਨ (ਚੀਲ੍ਹ), ਫਾਈਕਸ (ਅਨੇਕਾਂ ਕਿਸਮਾਂ) ਆਦਿ ਅਨੇਕਾਂ ਪੌਦਿਆਂ ਨੂੰ ਆਸਾਨੀ ਨਾਲ ਨਵੀਂ ਥਾਂ 'ਤੇ ਲਾ ਸਕਦੇ ਹਾਂ । ਪਰ ਕੁਝ ਪੌਦੇ ਜਿਵੇਂ ਕਿ ਬੋਤਲ ਬੁਰਸ਼ (ਲਾਲ, ਸੁਨਹਿਰੀ), ਅਮਲਤਾਸ, ਟੇਬੀਬੂਈਆ, ਜੂਨੀਪਰਸ ਆਦਿ ਥੋੜ੍ਹਾ ਜਿਹਾ ਝਟਕਾ ਵੀ ਬਰਦਾਸ਼ਤ ਨਹੀਂ ਕਰਦੇ ਅਤੇ ਅਕਸਰ ਨਵੀਂ ਥਾਂ 'ਤੇ ਲਾਉਣ ਸਮੇਂ ਮਰਨ ਦਾ ਖਦਸ਼ਾ ਰਹਿੰਦਾ ਹੈ । ਪੌਦੇ ਦੀ ਕਿਸਮ ਤੋਂ ਇਲਾਵਾ ਕੁਝ ਹੋਰ ਪੱਖ ਜਿਸ ਤਰ੍ਹਾਂ ਉਮਰ, ਜੜ੍ਹਾਂ ਦੀ ਡੂੰਘਾਈ, ਟਾਹਣੀਆਂ ਦਾ ਫੈਲਾਅ ਆਦਿ ਵੀ ਖਾਸ ਹਨ । ਜਵਾਨ ਪੌਦੇ ਅਤੇ ਜੜ੍ਹਾਂ ਦੀ ਡੂੰਘਾਈ ਅਤੇ ਘੱਟ ਫੈਲਾਅ ਵਾਲੇ ਪੌਦਿਆਂ ਨੂੰ ਆਸਾਨੀ ਨਾਲ ਬਦਲਿਆ ਜਾ ਸਕਦਾ ਹੈ ।

ਪੌਦੇ ਪੁੱਟ ਕੇ ਲਾਉਣ ਦਾ ਢੁਕਵਾਂ ਸਮਾਂ : ਕੁਝ ਪੌਦੇ ਜਿਵੇਂ ਕਿ ਫਾਈਕਸ, ਚੰਪਾ ਆਦਿ ਨੂੰ ਤਾਂ ਸਾਲ ਦੇ ਜ਼ਿਆਦਾਤਰ ਮਹੀਨਿਆਂ ਦੌਰਾਨ ਕਦੇ ਵੀ ਨਵੀਂ ਥਾਂ 'ਤੇ ਲਾਇਆ ਜਾ ਸਕਦਾ ਹੈ । ਪ੍ਰੰਤੂ ਜ਼ਿਆਦਾਤਰ ਪੌਦਿਆਂ ਨੂੰ ਜੇਕਰ ਮਾਰਚ ਮਹੀਨੇ ਜਾਂ ਵਰਖਾ ਰੁੱਤ ਵਿਚ ਲਾਇਆ ਜਾਵੇ ਤਾਂ ਮਰਨ ਦਾ ਖਦਸ਼ਾ ਘੱਟ ਜਾਂਦਾ ਹੈ । ਕੁਝ ਕਿਸਮਾਂ ਖਾਸ ਕਰ ਪਤਝੜੀ ਰੁੱਖਾਂ ਨੂੰ ਬਹਾਰ ਆਉਣ ਤੋਂ ਪਹਿਲਾਂ ਜਨਵਰੀ ਮਹੀਨੇ ਦੇ ਨੇੜੇ ਲਾਇਆ ਜਾਵੇ ਤਾਂ ਜ਼ਿਆਦਾ ਠੀਕ ਰਹਿੰਦਾ ਹੈ ।



ਜਗ੍ਹਾ ਦੀ ਚੋਣ : ਨਵੀਂ ਜਗ੍ਹਾ ਜਿਥੇ ਪੁੱਟ ਕੇ ਪੌਦੇ ਨੂੰ ਲਾਇਆ ਜਾਣਾ ਹੈ, ਉਸ ਬਾਰੇ ਤੁਹਾਨੂੰ ਪੂਰੀ ਜਾਣਕਾਰੀ ਹੋਣੀ ਚਾਹੀਦੀ ਹੈ । ਮਤਲਬ ਇਹ ਕਿ ਉਹ ਜ਼ਮੀਨ ਪੌਦੇ ਲਈ ਢੁਕਵੀਂ ਹੈ ਕਿ ਨਹੀਂ । ਹਰ ਪੌਦੇ ਦੀ ਆਪਣੀ ਲੋੜ ਹੁੰਦੀ ਹੈ ਜਿਵੇਂ ਕਿ ਹਲਕੀ ਜਾਂ ਭਾਰੀ ਜ਼ਮੀਨ, ਜਲ ਨਿਕਾਸ ਪ੍ਰਬੰਧ, ਵਾਤਾਵਰਨ ਹਾਲਤਾਂ, ਜਲ ਪ੍ਰਬੰਧ ਆਦਿ । ਹਰੇਕ ਪੱਖ ਦੀ ਆਪਣੀ ਅਹਿਮੀਅਤ ਹੁੰਦੀ ਹੈ ।

ਪੌਦਾ ਪੁੱਟਣ ਸਮੇਂ : ਅਕਸਰ ਜ਼ਿਆਦਾਤਰ ਲੋਕ ਇਸ ਪੱਖ ਤੇ ਪਹੁੰਚ ਕੇ ਗਲਤੀ ਕਰਦੇ ਹਨ । ਪੌਦੇ ਨੂੰ ਇਕੋ ਦਮ ਪੱਟ ਕੇ ਦੂਸਰੀ ਥਾਂ 'ਤੇ ਲਾ ਦਿੱਤਾ ਜਾਂਦਾ ਹੈ ਪਰ ਨਤੀਜੇ ਵਜੋਂ ਕੁਝ ਸਮੇਂ ਬਾਅਦ ਪੌਦਾ ਮਰ ਜਾਂਦਾ ਹੈ । ਪਰ ਸਾਨੂੰ ਪੌਦਾ ਸਹੀ ਸਲਾਮਤ ਚਲਾਉਣ ਲਈ, ਪੌਦੇ ਦੀ ਉਮਰ ਅਤੇ ਤਣੇ ਦੀ ਮੋਟਾਈ ਅਨੁਸਾਰ ਡੇਢ-ਦੋ ਫੁਟ ਜਗ੍ਹਾ ਛੱਡ ਕੇ ਪੌਦੇ ਦੇ ਦੋਵੇਂ ਪਾਸੇ ਘੱਟੋ-ਘੱਟ 2 ਫੁੱਟ ਡੂੰਘਾ ਕੱਟ ਲਾ ਦੇਣ ਚਾਹੀਦਾ ਹੈ । ਤਕਰੀਬਨ ਹਫ਼ਤੇ ਦੇ ਵਕਫ਼ੇ ਮਗਰੋਂ ਪੌਦੇ ਦੇ ਬਚਦੇ ਦੋਵੇਂ ਪਾਸੇ ਜ਼ਮੀਨ ਵਿਚ ਉਸੇ ਤਰ੍ਹਾਂ ਕੱਟ ਲਾ ਕੇ ਛੱਡ ਦੇਣਾ ਚਾਹੀਦਾ ਹੈ । ਪੌਦੇ ਨੂੰ ਸਿੱਧਾ ਖੜ੍ਹਾ ਰੱਖਣ ਖਾਤਰ ਕੱਟ ਲਾ ਕੇ ਕੱਢੀ ਹੋਈ ਮਿੱਟੀ ਦੀ ਜਗ੍ਹਾ ਕੱਕਾ ਰੇਤਾ ਭਰ ਦੇਣਾ ਚਾਹੀਦਾ ਹੈ ਤੇ ਤਕਰੀਬਨ ਉਸ ਤੋਂ ਹਫ਼ਤੇ ਮਗਰੋਂ ਜਦ ਤੁਹਾਨੂੰ ਲੱਗੇ ਕਿ ਪੌਦਾ ਝਟਕਾ ਸਹਿਣ ਜੋਗਾ ਹੋ ਗਿਆ ਹੈ ਤੇ ਗਾਚੀ ਟੁੱਟਣ ਦੇ ਆਸਾਰ ਨਹੀਂ ਹਨ ਤਾਂ ਹੀ ਪੌਦੇ ਨੂੰ ਜ਼ਮੀਨ ਵਿਚੋਂ ਕੱਢਣਾ ਚਾਹੀਦਾ ਹੈ । ਜੇਕਰ ਪੌਦੇ ਨੂੰ ਲਾਉਣ ਵਾਲੀ ਜਗ੍ਹਾ ਦੂਰ ਹੋਵੇ ਜਾਂ ਗਾਚੀ ਟੁੱਟਣ ਦੇ ਆਸਾਰ ਜ਼ਿਆਦਾ ਹੋਣ ਤਾਂ ਗਾਚੀ ਨੂੰ ਬੋਰੀ ਨਾਲ ਲਪੇਟ ਕੇ ਉਸ ਦੁਆਲੇ ਤਾਰ ਦਾ ਜਾਲ ਬਣਾ ਕੇ ਬੰਨ੍ਹਣ ਨਾਲ ਗਾਚੀ ਸੁਰੱਖਿਅਤ ਰਹਿੰਦੀ ਹੈ । ਇਸ ਕੰਮ ਦੌਰਾਨ ਪੌਦੇ ਨੂੰ ਪਾਣੀ ਸੰਕੋਚ ਨਾਲ ਦੇਣਾ ਚਾਹੀਦਾ ਹੈ । ਜ਼ਿਆਦਾ ਘੱਟ ਜਾਂ ਵੱਧ ਦੋਵੇਂ ਪੌਦੇ ਲਈ ਨੁਕਸਾਨਦੇਹ ਸਿੱਧ ਹੁੰਦੇ ਹਨ । ਜਿੰਨਾ ਹੋ ਸਕੇ ਜੜ੍ਹਾਂ ਨਾਲ ਵੀ ਛੇੜਛਾੜ ਘੱਟ ਕਰਨੀ ਚਾਹੀਦੀ ਹੈ ।

ਸਾਂਭ-ਸੰਭਾਲ ਅਤੇ ਢੋਆ-ਢੁਆਈ : ਵੱਡੇ ਪੌਦੇ ਜੇਕਰ ਸਾਨੂੰ ਨਰਸਰੀ ਵਾਲਿਆਂ ਤੋਂ ਡਰੰਮ ਜਾਂ ਵੱਡੇ ਬੋਰਿਆਂ ਵਿਚ ਲੱਗੇ ਮਿਲ ਜਾਣ ਤਾਂ ਉਸ ਵਰਗੀ ਕੋਈ ਰੀਸ ਨਹੀਂ ਹੁੰਦੀ ਪਰ ਜੇਕਰ ਅਸੀਂ ਜ਼ਮੀਨ ਵਿਚੋਂ ਪੁੱਟ ਕੇ ਨਵੀਂ ਥਾਂ ਪੌਦਾ ਲਾਉਣਾ ਹੋਵੇ ਤਾਂ ਜਿੰਨੀ ਜਲਦੀ ਹੋਵੇ ਪੌਦੇ ਨਵੀਂ ਥਾਂ 'ਤੇ ਲਾ ਦੇਣੇ ਚਾਹੀਦੇ ਹਨ । ਜੇਕਰ ਸਮਾਂ ਲਗਦਾ ਹੋਵੇ ਤਾਂ ਗਾਚੀ ਨੂੰ ਪਰਾਲੀ, ਸਰਕੰਡੇ ਆਦਿ ਨਾਲ ਬੰਨ੍ਹ ਕੇ ਛਾਵੇਂ ਰੱਖਣਾ ਚਾਹੀਦਾ ਹੈ ਤਾਂ ਜੋ ਨਮੀ ਦੀ ਕਮੀ ਨਾ ਹੋਵੇ । ਸਿੱਧੀ ਤੇ ਤੇਜ਼ ਧੁੱਪ ਤੋਂ ਬਚਾਅ ਕਰਨਾ ਚਾਹੀਦਾ ਹੈ । ਢੋਆ-ਢੁਆਈ ਸਮੇਂ ਵਹੀਕਲ ਵਿਚ ਪੌਦੇ ਨੂੰ ਤੇਜ਼ ਹਵਾ ਅਤੇ ਗਾਚੀ ਨੂੰ ਟੁੱਟਣ ਤੋਂ ਬਚਾਉਣ ਲਈ ਹਰ ਸੰਭਵ ਯਤਨ ਕਰਨਾ ਚਾਹੀਦਾ ਹੈ ।

ਪੌਦਾ ਨਵੀਂ ਥਾਂ 'ਤੇ ਲਾਉਣ ਸਮੇਂ : ਜ਼ਮੀਨ ਵਿਚ ਪੌਦਾ ਲਾਉਣ ਤੋਂ ਪਹਿਲਾਂ ਟੋਏ ਦੀ ਪੂਰੀ ਤਿਆਰੀ ਹੋਣੀ ਚਾਹੀਦੀ ਹੈ । ਟੋਏ ਦਾ ਆਕਾਰ ਗਾਚੀ ਨਾਲੋਂ 2-3 ਗੁਣਾਂ ਵੱਡਾ ਹੋਣਾ ਚਾਹੀਦਾ ਹੈ । ਟੋਏ ਵਿਚ ਪੌਦਾ ਰੱਖਣ ਤੋਂ ਬਾਅਦ ਮਿੱਟੀ ਦੇ ਨਾਲ ਰੂੜੀ ਦੀ ਗਲੀ ਹੋਈ ਖਾਦ ਪਾਉਣੀ ਚਾਹੀਦੀ ਹੈ ਅਤੇ ਆਸੇ-ਪਾਸਿਉਂ ਜ਼ਮੀਨ ਚੰਗੀ ਤਰ੍ਹਾਂ ਨੱਪ ਦੇਣੀ ਚਾਹੀਦੀ ਹੈ । ਪਾਣੀ ਲਾਉਣ ਜਾਂ ਤੇਜ਼ ਹਵਾ ਦੇ ਝਟਕੇ ਨਾਲ ਪੌਦੇ ਦਾ ਟੇਢਾ ਹੋਣਾ ਜਾਂ ਪੱਟਿਆ ਜਾਣਾ ਆਦਿ ਤੋਂ ਬਚਾਅ ਲਈ ਪੌਦੇ ਦੇ ਆਸੇ-ਪਾਸੇ ਬਾਂਸ ਆਦਿ ਦੇ ਸਹਾਰੇ (ਸਪੋਰਟ) ਵੀ ਦਿੱਤੀਆਂ ਜਾਣੀਆਂ ਚਾਹੀਦੀਆਂ ਹਨ । ਕੁਝ ਲੋਕ ਤਾਂ ਵੱਡ ਅਕਾਰੀ ਬੂਟੇ ਲਾਉਣ ਤੋਂ ਬਾਅਦ ਉਸ ਨੂੰ ਲੱਕੜ ਜਾਂ ਲੋਹੇ ਆਦਿ ਦਾ ਢਾਂਚਾ ਬਣਾ ਕੇ ਸਹਾਰਾ ਦਿੰਦੇ ਹਨ । ਜੇਕਰ ਜ਼ਮੀਨ ਧਸਦੀ ਹੋਵੇ ਤਾਂ ਹੋਰ ਮਿੱਟੀ ਜ਼ਰੂਰੀ ਨਾਲ ਦੀ ਨਾਲ ਪਾਉਣੀ ਚਾਹੀਦੀ ਹੈ । ਵੱਡੇ ਬੂਟੇ ਕਾਫ਼ੀ ਮਹਿੰਗੇ ਹੁੰਦੇ ਹਨ । ਸੋ, ਕੋਸ਼ਿਸ਼ ਕਰੋ ਕਿ ਵੱਡੇ ਬੂਟੇ ਲਾਉਣ ਸਮੇਂ ਤਕਨੀਕੀ ਪੱਖ ਨੂੰ ਅੱਖੋਂ ਪਰੋਖੇ ਨਾ ਕੀਤਾ ਜਾਵੇ ਅਤੇ ਜੇਕਰ ਹੋ ਸਕੇ ਤਾਂ ਸਾਰਾ ਕੰਮ ਕਿਸੇ ਮਾਹਿਰ ਦੀ ਦੇਖ-ਰੇਖ ਹੇਠ ਕਰਵਾਉਣਾ ਚਾਹੀਦਾ ਹੈ ।

# ਸੋਨੇ ਦੀ ਖੇਤੀ

ਪਿਆਰੇ ਬੱਚਿਓ ! ਪਹਿਲੇ ਸਮਿਆਂ ਵਿੱਚ ਵੱਡੇ ਰਾਜ ਵੀ ਹੁੰਦੇ ਸਨ ਅਤੇ ਛੋਟੀਆਂ ਰਿਆਸਤਾਂ ਵੀ ਹੁੰਦੀਆਂ ਸਨ। ਸਾਰੀਆਂ ਸ਼ਕਤੀਆਂ ਰਾਜੇ ਕੋਲ ਹੁੰਦੀਆਂ ਸਨ। ਉਹ ਕਿਸੇ ਵੀ ਅਪਰਾਧੀ ਨੂੰ ਕੋਈ ਵੀ ਸਜ਼ਾ ਦੇ ਸਕਦਾ ਸੀ।

ਇੱਕ ਵਾਰ ਰਾਤੀਂ ਰਾਜੇ ਦੇ ਸਿਪਾਹੀਆਂ ਨੇ ਤਿੰਨ ਨੌਜਵਾਨਾਂ ਨੂੰ ਚੋਰੀ ਕਰਦੇ ਫੜ ਲਿਆ। ਅਗਲੇ ਦਿਨ ਉਨ੍ਹਾਂ ਤਿੰਨਾਂ ਚੋਰਾਂ ਨੂੰ ਰਾਜੇ ਅੱਗੇ ਪੇਸ਼ ਕੀਤਾ ਗਿਆ। ਰਾਜੇ ਨੇ ਤਿੰਨਾਂ ਨੂੰ ਫਾਂਸੀ ਦੀ ਸਜ਼ਾ ਸੁਣਾ ਦਿੱਤੀ ਅਤੇ ਤੁਰੰਤ ਫਾਂਸੀ ਦੇਣ ਦੇ ਹੁਕਮ ਦੇ ਦਿੱਤੇ।

ਅਗਲੇ ਦਿਨ ਜਦੋਂ ਸਿਪਾਹੀ ਉਨ੍ਹਾਂ ਨੂੰ ਫਾਂਸੀ ਦੇਣ ਲਈ ਲਿਜਾ ਰਹੇ ਸਨ ਤਾਂ ਦੋ ਚੋਰ ਤਾਂ ਧਾਹਾਂ ਮਾਰਕੇ ਰੋ ਰਹੇ ਸਨ ਅਤੇ ਜਾਨ ਬਖ਼ਸ਼ਣ ਲਈ ਕੁਰਲਾ ਰਹੇ ਸਨ, ਪਰ ਤੀਜਾ ਚੋਰ ਉੱਚੀ ਉੱਚੀ ਹੱਸ ਰਿਹਾ ਸੀ। ਸਿਪਾਹੀਆਂ ਨੇ ਰਾਜੇ ਦੇ ਹੁਕਮ ਦੀ ਪਾਲਣਾ ਕਰਦਿਆਂ ਵਾਰੋ ਵਾਰੀ ਪਹਿਲੇ ਦੋਨੋਂ ਚੋਰਾਂ ਨੂੰ ਫਾਂਸੀ ਚਾੜ੍ਹ ਦਿੱਤਾ। ਜਦੋਂ ਤੀਜੇ ਚੋਰ ਨੂੰ ਫਾਂਸੀ ਦੇ ਤਖ਼ਤੇ ਵੱਲ ਲਿਜਾਇਆ ਜਾ ਰਿਹਾ ਸੀ, ਉਦੋਂ ਵੀ ਉਹ ਉੱਚੀ ਉੱਚੀ ਹੱਸਦਾ ਜਾ ਰਿਹਾ ਸੀ ਜਿਵੇਂ ਫਾਂਸੀ ਦੇ ਤਖ਼ਤੇ ਵੱਲ ਨਹੀਂ ਬਲਕਿ ਮੇਲੇ ਜਾ ਰਿਹਾ ਹੋਵੇ।

ਹੈਰਾਨ ਹੁੰਦਿਆਂ ਫਾਂਸੀ ਦੇਣ ਵਾਲੇ ਜਲਾਦਾਂ ਨੇ ਉਸਨੂੰ ਇਸ ਤਰ੍ਹਾਂ ਉੱਚੀ ਉੱਚੀ ਹੱਸਣ ਦਾ ਕਾਰਨ ਪੁੱਛਿਆ ਤਾਂ ਉਸਨੇ ਦੱਸਿਆ, 'ਮੈਂ ਤਾਂ ਇਸ ਕਰਕੇ ਹੱਸ ਰਿਹਾ ਹਾਂ ਕਿ ਮੇਰੇ ਕੋਲ ਇੱਕ ਕਲਾ ਹੈ ਜੋ ਸਿਰਫ਼ ਮੈਨੂੰ ਹੀ ਆਉਂਦੀ ਹੈ। ਮੈਂ ਮਰ ਜਾਣਾ ਹੈ ਤੇ ਇਸ ਕਲਾ ਨੇ ਵੀ ਮੇਰੇ ਨਾਲ ਹੀ ਖ਼ਤਮ ਹੋ ਜਾਣਾ ਹੈ। ਮੈਨੂੰ ਤਾਂ ਆਪਣੇ ਇਸ ਹੁਨਰ ਦੀ ਮੌਤ 'ਤੇ ਹਾਸਾ ਆ ਰਿਹਾ ਹੈ। ਬਾਕੀ ਫਾਂਸੀ ਤੁਸੀਂ ਮੈਨੂੰ ਹੱਸਦੇ ਨੂੰ ਵੀ ਦੇ ਦੇਣੀ ਹੈ ਅਤੇ ਰੋਂਦੇ ਹੋਏ ਨੂੰ ਵੀ। ਤੁਸੀਂ ਆਪਣਾ ਕੰਮ ਕਰੋ ਅਤੇ ਮੈਨੂੰ ਆਪਣਾ ਕੰਮ ਕਰਨ ਦਿਓ।' ਜਲਾਦ ਸੋਚਾਂ ਵਿੱਚ ਪੈ ਗਏ। ਕਾਫ਼ੀ ਸੋਚ ਵਿਚਾਰ ਤੋਂ ਬਾਅਦ ਉਨ੍ਹਾਂ ਨੇ ਚੋਰ ਦੇ ਹੁਨਰ ਸਬੰਧੀ ਰਾਜੇ ਨੂੰ ਸੂਚਿਤ ਕਰਨ ਦਾ ਫ਼ੈਸਲਾ ਕੀਤਾ। ਚੋਰ ਨੂੰ ਰਾਜੇ ਅੱਗੇ ਪੇਸ਼ ਕੀਤਾ ਗਿਆ। ਰਾਜੇ ਨੇ ਪੁੱਛਿਆ, 'ਦਸ ਤੈਨੂੰ ਕੀ ਕਲਾ ਆਉਂਦੀ ਹੈ।' ਚੋਰ ਨੇ ਉੱਤਰ ਦਿੱਤਾ, 'ਮਹਾਰਾਜ ! ਮੈਨੂੰ ਸੋਨੇ ਦੀ ਫ਼ਸਲ ਉਗਾਉਣ ਦਾ ਹੁਨਰ ਆਉਂਦਾ ਹੈ।' ਰਾਜਾ ਸੁਣਕੇ ਹੈਰਾਨ ਹੋ ਗਿਆ ਅਤੇ ਨਾਲ ਹੀ ਆਖਿਆ, 'ਜੇ ਤੂੰ ਕਾਮਯਾਬ ਨਾ ਹੋਇਆ ਤਾਂ ਤੈਨੂੰ ਤੜਫ਼ਾ ਤੜਫ਼ਾ ਕੇ ਮਾਰਿਆ ਜਾਏਗਾ।' ਚੋਰ ਨੇ ਉੱਤਰ ਦਿੱਤਾ, 'ਮਹਾਰਾਜ ! ਮੈਨੂੰ ਆਪਣੇ ਹੁਨਰ ਉੱਤੇ ਪੂਰਨ ਭਰੋਸਾ ਹੈ।' ਰਾਜੇ ਨੇ ਉਸਨੂੰ ਸੋਨੇ ਦੀ ਫ਼ਸਲ ਬੀਜਣ ਦੀ ਆਗਿਆ ਦੇ ਦਿੱਤੀ ਅਤੇ ਆਪਣੇ ਅਹਿਲਕਾਰਾਂ ਨੂੰ ਹੁਕਮ ਦੇ ਦਿੱਤਾ ਕਿ ਜੋ ਸਾਮਾਨ ਉਸਨੂੰ ਚਾਹੀਦਾ ਹੈ, ਹਾਜ਼ਰ ਕਰ ਦਿਓ।

ਚੋਰ ਨੇ ਆਖਿਆ ਕਿ ਵੱਡਾ ਕਿਆਰਾ ਫ਼ਸਲ ਬੀਜਣ ਲਈ ਤਿਆਰ ਕਰ ਲਿਆ ਜਾਵੇ। ਸੋਨੇ ਦੇ ਬੀਜ ਸੁਨਿਆਰੇ ਪਾਸੋਂ ਤਿਆਰ ਕਰਵਾ ਲਏ ਜਾਣ। ਚੋਰ ਦੇ ਕਹਿਣ ਅਨੁਸਾਰ ਸਭ ਕੁਝ ਤਿਆਰ ਕਰ ਲਿਆ। ਰਾਜਾ, ਰਾਜੇ ਦਾ ਪਰਿਵਾਰ, ਵਜ਼ੀਰ ਅਤੇ ਦਰਬਾਰੀ ਸਾਰੇ ਇਹ ਕੁਝ ਦੇਖਣ ਲਈ ਹਾਜ਼ਰ ਸਨ। ਕਿਆਰੇ ਦੀ ਜ਼ਮੀਨ ਨੂੰ ਪਰਖ ਕੇ ਵੇਖਿਆ ਤਾਂ ਠੀਕ ਸੀ। ਹਲ ਅਤੇ ਸੋਨੇ ਦੇ ਬੀਜ ਵੀ ਸਹੀ ਸਨ। ਰਾਜੇ ਨੂੰ ਸੰਬੋਧਨ ਹੁੰਦਿਆਂ ਚੋਰ ਨੇ ਬਚਨ ਕੀਤਾ, 'ਮਹਾਰਾਜ ! ਖੇਤ, ਬੀਜ ਤੇ ਹਲ ਸਭ ਕੁਝ ਠੀਕ ਹੈ, ਪਰ ਇੱਕ ਸਮੱਸਿਆ ਪੈਦਾ ਹੋ ਗਈ ਹੈ। ਇਸ ਬੀਜ ਨੂੰ ਉਹ ਵਿਅਕਤੀ ਹੀ ਬੀਜ ਸਕਦਾ ਹੈ ਜਿਸਨੇ ਕਦੇ ਚੋਰੀ ਨਾ ਕੀਤੀ ਹੋਵੇ। ਮੈਂ ਤਾਂ ਚੋਰ ਹਾਂ, ਚੋਰ ਵੀ ਸਜ਼ਾ ਯਾਫ਼ਤਾ। ਮੈਂ ਤਾਂ ਸੋਨੇ ਦੀ ਫ਼ਸਲ ਬੀਜਣ ਦੇ ਯੋਗ ਨਹੀਂ ਹਾਂ। ਜਨਾਬ ਦੇ ਦਰਬਾਰ ਵਿੱਚੋਂ ਕੋਈ ਵੀ ਇਹ ਫ਼ਸਲ ਬੀਜ ਦੇਵੇ, ਫ਼ਸਲ ਉੱਗਣ ਦੀ ਗਰੰਟੀ ਮੇਰੀ ਹੈ। ਸ਼ਰਤ ਇਹੀ ਹੈ ਕਿ ਉਸਨੇ ਕਦੇ ਚੋਰੀ ਨਾ ਕੀਤੀ ਹੋਵੇ। ਵਜ਼ੀਰ ਸਮੇਤ ਸਾਰੇ ਦਰਬਾਰੀ ਸਿਰ ਨੀਵਾਂ ਕਰਕੇ ਖੜ੍ਹ ਗਏ। ਜਿਸ ਕਿਸੇ ਨੂੰ ਵੀ ਪੁੱਛਿਆ ਜਾਵੇ, ਉਹੀ ਆਖੇ ਕਿ ਅਸੀਂ ਤਾਂ ਰਾਜ ਮਹਿਲ ਵਿੱਚੋਂ ਅਨੇਕਾਂ ਚੋਰੀਆਂ ਕਰਦੇ ਰਹਿੰਦੇ ਹਾਂ। ਚੋਰ ਨੇ ਆਖਿਆ, 'ਮਹਾਰਾਜ ! ਛੱਡੋ ਇਹ ਤਾਂ ਛੋਟੇ ਮੋਟੇ ਦਰਬਾਰੀ ਹਨ ਤੇ ਚੋਰੀਆਂ ਕਰਦੇ ਹੀ ਰਹਿੰਦੇ ਹਨ। ਆਪਣੇ ਪ੍ਰਧਾਨ ਮੰਤਰੀ ਨੂੰ ਆਖੋ ਫ਼ਸਲ ਬੀਜ ਦੇਵੇ।' ਪ੍ਰਧਾਨ ਮੰਤਰੀ ਹੱਥ ਬੰਨ੍ਹਕੇ ਖੜ੍ਹ ਗਿਆ ਅਤੇ ਬੋਲਿਆ, 'ਮਹਾਰਾਜ ! ਮਹਿਲਾਂ ਦੇ ਨੌਕਰ ਹਾਂ, ਹਜ਼ੂਰ ਤੋਂ ਚੋਰੀ ਬਹੁਤ ਕੁਝ ਕਰਨਾ ਪੈਂਦਾ ਹੈ। ਮੈਂ ਤਾਂ ਇਹ ਫ਼ਸਲ ਬੀਜ ਨਹੀਂ ਸਕਦਾ।' ਚੋਰ ਨੇ ਰਾਜੇ ਦੀਆਂ ਅੱਖਾਂ ਵਿੱਚ ਅੱਖਾਂ ਪਾ ਕੇ ਆਖਿਆ 'ਮਹਾਰਾਜ ਤਾਂ ਨਿਆਂ ਦੀ ਮੂਰਤ ਹਨ। ਰਾਜਾ ਅਤੇ ਚੋਰੀ ਦੋਨੋਂ ਹੀ ਇੱਕ ਦੂਜੇ ਤੋਂ ਉਲਟ ਹਨ। ਆਪ ਹੀ ਹਿੰਮਤ ਕਰਕੇ ਇਹ ਫ਼ਸਲ ਬੀਜ ਦਿਓ।' ਰਾਜੇ ਨੇ ਉੱਤਰ ਦਿੱਤਾ, 'ਮੈਂ ਇਸ ਦੇਸ਼ ਦਾ ਰਾਜਾ ਹਾਂ। ਪਰਜਾ, ਦਰਬਾਰੀਆਂ, ਵਜ਼ੀਰਾਂ, ਰਾਣੀਆਂ ਸਭ ਤੋਂ ਚੋਰੀ ਬਹੁਤ ਕੁਝ ਕਰਨਾ ਪੈਂਦਾ ਹੈ। ਵੈਸੇ ਬਚਪਨ ਵਿੱਚ ਵੀ ਮੈਂ ਚੋਰੀ ਕੀਤੀ ਸੀ। ਮੈਂ ਤਾਂ ਇਹ ਫ਼ਸਲ ਬੀਜਣ ਦੇ ਯੋਗ ਨਹੀਂ ਹਾਂ।' ਰਾਜੇ ਦੇ ਇਹ ਕਹਿਣ ਦੀ ਦੇਰ ਸੀ ਕਿ ਚੋਰ ਉੱਚੀ ਸੁਰ ਵਿੱਚ ਬੋਲਿਆ, 'ਰਾਜਾ ! ਸਭ ਤੋਂ ਪਹਿਲਾਂ ਆਪਣੇ ਦਰਬਾਰੀਆਂ ਨੂੰ ਫਾਂਸੀ ਦਿਓ, ਫਿਰ ਆਪਣੇ ਵਜ਼ੀਰਾਂ ਨੂੰ। ਮੈਂ ਤਾਂ ਮਾਮੂਲੀ ਚੋਰ ਹਾਂ। ਮੇਰੀ ਵਾਰੀ ਤਾਂ ਆਪ ਜੀ ਤੋਂ ਵੀ ਬਾਅਦ ਆਉਂਦੀ ਹੈ।' ਰਾਜਾ ਉਸਦੇ ਸਾਹਸ ਅਤੇ ਹਾਜ਼ਰ ਜਵਾਬੀ ਤੋਂ ਇੰਨਾ ਪ੍ਰਭਾਵਿਤ ਹੋਇਆ ਕਿ ਨਾ ਸਿਰਫ਼ ਉਸਦੀ ਫਾਂਸੀ ਦੀ ਸਜ਼ਾ ਮੁਆਫ਼ ਕੀਤੀ, ਸਗੋਂ ਆਪਣਾ ਨਿੱਜੀ ਸਲਾਹਕਾਰ ਵੀ ਨਿਯੁਕਤ ਕਰ ਲਿਆ।

# ਇਹ ਸਮਾਂ ਪੰਜਾਬ ਦੇ ਗਰੀਬ ਲੋਕਾਂ ਦੀ ਮਦਦ ਕਰਨ ਦਾ

ਇਹ ਸਮਾਂ ਭਾਵੇਂ ਸਾਰੀ ਦੁਨੀਆਂ ਲਈ ਬਹੁਤ ਹੀ ਸੰਕਟ ਭਰਿਆ ਸਮਾਂ ਹੈ ਪਰ ਅਸੀਂ ਆਪਣੇ ਦੇਸ਼ ਦੀ ਗੱਲ ਕਰਦੇ ਹਾਂ ? ਸਾਡਾ ਭਾਰਤ ਦੇਸ਼ ਅਜਿਹਾ ਦੇਸ਼ ਹੈ ਜਿਸ ਦੇ ਜ਼ਿਆਦਾਤਰ ਸਿਆਸਤਦਾਨ ਕੁਰਸੀ ਦੀ ਦੌੜ ਵਿੱਚ ਲੱਗੇ ਰਹਿੰਦੇ ਹਨ ? ਜਿਸ ਦੀ ਜ਼ਿਆਦਾਤਰ ਅਫਸਰਸ਼ਾਹੀ ਆਪਣੇ ਆਪਣੇ ਇਲਾਕੇ ਵਿੱਚ ਆਪਣੇ ਸਿਆਸਤਦਾਨਾਂ ਨੂੰ ਖੁਸ਼ ਕਰਨ ਅਤੇ ਆਪਣੀਆਂ ਤਿਜ਼ੋਰੀਆਂ ਭਰਨ ਵਿੱਚ ਲੱਗੀ ਰਹਿੰਦੀ ਹੈ ? ਇਸੇ ਅਫਸਰਸ਼ਾਹੀ ਦੀ ਮਿਹਰਬਾਨੀ ਕਾਰਨ ਸਿਆਸਤਦਾਨਾਂ ਦੀਆਂ ਤਿਜ਼ੌਰੀਆਂ ਭਰਦੀਆਂ ਹਨ ? ਭਾਰਤ ਗਰੀਬ ਦੇਸ਼ਾਂ ਦੀ ਸ਼੍ਰੇਣੀ ਵਿੱਚ ਆਉਂਦਾ ਹੈ ? ਹੁਣ ਜਦੋਂ ਕਿ ਪੰਦਰਾਂ ਅਪਰੈਲ ਤੱਕ ਪੂਰੇ ਦੇਸ਼ ਦੀ ਤਾਲਾਬੰਦੀ ਕਰ ਦਿੱਤੀ ਗਈ ਹੈ ਤਾਂ ਗਰੀਬ ਲੋਕ ਜਿਹੜੇ ਤਾਜ਼ੀ ਕਮਾ ਕੇ ਤਾਜ਼ੀ ਖਾਣ ਵਾਲੇ ਹਨ ? ਉਹ ਰਾਸ਼ਨ ਦਵਾਈਆਂ ਅਤੇ ਹੋਰ ਜ਼ਰੂਰੀ ਸਾਮਾਨ ਲਈ ਸੋਸ਼ਲ ਮੀਡੀਆ ਉੱਤੇ ਸਰਕਾਰ ਦੇ ਤਰਲੇ ਕੱਢਦੇ ਨਜ਼ਰ ਆ ਰਹੇ ਹਨ ? ਭਾਵੇਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਇਨ੍ਹਾਂ ਗਰੀਬਾਂ ਲਈ ਫੰਡ ਰਿਲੀਜ਼ ਕੀਤਾ ਹੈ ? ਰਾਜ ਸਰਕਾਰਾਂ ਨੇ ਆਪਣੇ ਤੌਰ 'ਤੇ ਜ਼ਿਲ੍ਹਿਆਂ ਦੇ ਡਿਪਟੀ ਕਮਿਸ਼ਨਰਾਂ ਨੂੰ ਫੰਡ ਰਿਲੀਜ਼ ਕੀਤੇ ਹਨ ? ਡਿਪਟੀ ਕਮਿਸ਼ਨਰਾਂ ਨੂੰ ਇਹ ਫੰਡ ਉਨ੍ਹਾਂ ਗ਼ਰੀਬਾਂ ਨੂੰ ਰਾਸ਼ਨ ਅਤੇ ਹੋਰ ਜ਼ਰੂਰੀ ਵਸਤਾਂ ਉਨ੍ਹਾਂ ਪਰਿਵਾਰਾਂ ਨੂੰ ਜਿਨ੍ਹਾਂ ਦਾ ਕੋਈ ਸਹਾਰਾ ਨਹੀਂ ਦੇਣ ਦੇ ਅਧਿਕਾਰ ਦਿੱਤੇ ਗਏ ਹਨ ਪਰ ਕੀ ਇਹ ਫੰਡ ਸਹੀ ਅਰਥਾਂ ਵਿੱਚ ਇਨ੍ਹਾਂ ਗਰੀਬਾਂ ਲਈ ਖਰਚ ਹੋਵੇਗਾ ਕਿ ਨਹੀਂ ਇਹ ਵੱਖਰਾ ਵਿਸ਼ਾ ਹੈ, ਹੁਣ ਅਸੀਂ ਗੱਲ ਕਰਦੇ ਹਾਂ ਪੰਜਾਬ ਦੀ ? ਪੰਜਾਬ ਵਿੱਚ ਜ਼ਿਆਦਾਤਰ ਲੋਕ ਅਜਿਹੇ ਹਨ ਜੋ ਦਿਹਾੜੀਦਾਰ ਹਨ ? ਜਿਨ੍ਹਾਂ ਵਿੱਚ ਜ਼ਿਆਦਾਤਰ ਸ਼ਹਿਰਾਂ ਵਿੱਚ ਜਾ ਕੇ ਦਿਹਾੜੀ ਕਰਦੇ ਹਨ ? ਹੁਣ ਜਦੋਂ ਕਿ ਬਾਕੀ ਦੇਸ਼ ਵਾਂਗ ਪੰਜਾਬ ਵਿੱਚ ਕਰਫਿਊ ਲੱਗਾ ਹੈ ਇਹ ਲੋਕ ਘਰਾਂ ਵਿੱਚ ਬੈਠੇ ਹਨ ? ਲੋਕ ਸਰਕਾਰ ਦੇ ਹੁਕਮਾਂ ਦੀ ਪਾਲਣਾ ਕਰਨ ਲਈ ਤਿਆਰ ਹਨ ਅਤੇ ਕਰ ਵੀ ਰਹੇ ਹਨ ? ਸਰਕਾਰ ਭਾਵੇਂ ਇਹ ਦਾਅਵੇ ਕਰ ਰਹੀ ਹੈ ਕਿ ਲੋਕਾਂ ਨੂੰ ਘਰ ਘਰ ਹਰੇਕ ਲੋੜੀਂਦੀ ਚੀਜ਼ ਪਹੁੰਚਾਈ ਜਾਵੇਗੀ ? ਅਜੇ ਤੱਕ ਬਹੁਤ ਸਾਰੇ ਲੋਕਾਂ ਕੋਲ ਇਹ ਸਹੂਲਤਾਂ ਨਹੀਂ ਪਹੁੰਚ ਰਹੀਆਂ। ਸਾਨੂੰ ਪਤਾ ਹੈ ਕਿ ਸਰਕਾਰੀ ਫੰਡ ਕਿੰਨਾ ਕ ਇਨ੍ਹਾਂ ਗਰੀਬਾਂ ਕੋਲ ਪਹੁੰਚਣਾ ਹੈ ਜੇ ਸਰਕਾਰ ਨੇ ਸਹੀ ਅਰਥਾਂ ਵਿੱਚ ਲੋਕਾਂ ਦੀ ਮਦਦ ਕਰਨੀ ਹੈ ਤਾਂ ਬੈਂਕਾਂ ਤੋਂ ਹਰੇਕ ਵਿਅਕਤੀ ਦਾ ਅਕਾਊਂਟ ਚੈੱਕ ਕੀਤਾ ਜਾਵੇ। ਜਿਸ ਵਿਅਕਤੀ ਦੇ ਅਕਾਊਂਟ ਵਿੱਚ ਪੱਚੀ ਹਜ਼ਾਰ ਤੋਂ ਘੱਟ ਰੁਪਏ ਹਨ ਉਨ੍ਹਾਂ ਦੇ ਖਾਤਿਆਂ ਵਿੱਚ ਵੱਧ ਪੈਸੇ ਪਾਏ ਜਾਣ ? ਇਸ ਤਰ੍ਹਾਂ ਇਹ ਸਹਾਇਤਾ ਸਿੱਧੇ ਤੌਰ 'ਤੇ ਲੋਕਾਂ ਕੋਲ ਪਹੁੰਚੇਗੀ ਵੀ ਅਤੇ ਸਰਕਾਰ ਨੂੰ ਹਿਸਾਬ ਰੱਖਣਾ ਵੀ ਸੌਖਾ ਹੋਵੇਗਾ ? ਗਰੀਬਾਂ ਨੂੰ ਰਾਹਤ ਪਹੁੰਚਾਉਣ ਦਾ ਇਹ ਸਹੀ ਤਰੀਕਾ ਹੈ ? ਅੱਜ ਸਾਰੇ ਰਾਜਸੀ ਲੀਡਰਾਂ ਨੂੰ ਜਿੱਤੇ ਹੋਇਆਂ ਨੂੰ ਅਤੇ ਹਾਰੇ ਹੋਇਆਂ ਨੂੰ ਵੀ ਲੋਕਾਂ ਦੀ ਮਦਦ ਲਈ ਅੱਗੇ ਆਉਣਾ ਚਾਹੀਦਾ ਹੈ ? ਜਿਵੇਂ ਇਹ ਲੋਕ ਚੋਣਾਂ ਦੇ ਦਿਨਾਂ ਵਿੱਚ ਸ਼ਰਾਬ ਅਤੇ ਪੈਸੇ ਵੰਡਦੇ ਹਨ ਅਤੇ ਵੋਟਾਂ ਖਰੀਦਦੇ ਹਨ ? ਅੱਜ ਜਿਨ੍ਹਾਂ ਦੀਆਂ ਇਹ ਵੋਟਾਂ ਖਰੀਦ ਕੇ ਰਾਜ ਕਰ ਰਹੇ ਹਨ ਉਨ੍ਹਾਂ ਉੱਤੇ ਸੰਕਟ ਆਇਆ ਹੈ ? ਇਸ ਸੰਕਟ ਦੀ ਘੜੀ ਵਿੱਚ ਇਹ ਸ਼ਰਾਬ ਦੀ ਥਾਂ ਉਨ੍ਹਾਂ ਲੋਕਾਂ ਨੂੰ ਰਾਸ਼ਨ ਅਤੇ ਪੈਸੇ ਨਾਲ ਮੱਦਦ ਕਰਨ ? ਅੱਜ ਸਾਡਾ ਸਭ ਦਾ ਫਰਜ਼ ਬਣਦਾ ਹੈ ਕਿ ਕਿਸੇ ਪਿੰਡ ਵਿੱਚ ਕਿਸੇ ਸ਼ਹਿਰ ਵਿੱਚ ਕਿਸੇ ਕਸਬੇ ਵਿੱਚ ਕੋਈ ਗਰੀਬ ਨਾ

**ਸਿੱਖ ਲਈ ਇਹ ਮਾਣ ਵਾਲੀ ਗੱਲ ਹੈ ਕਿ ਵਿਦੇਸ਼ਾਂ ਵਿੱਚ ਵੀ ਸਿੱਖ ਪੰਥ ਦੀ ਇਸ ਨਿਸ਼ਕਾਮ ਸੇਵਾ ਨੂੰ ਸਲਾਹਿਆ ਜਾ ਰਿਹਾ ਹੈ। ਇਸ ਹੀ ਮਹਾਂਮਾਰੀ ਕਾਰਨ ਦੁਨੀਆ ਦੀ ਮਹਾਸ਼ਕਤੀ ਮੰਨੇ ਜਾਂਦੇ ਦੇਸ਼ ਅਮਰੀਕਾ ਦੇ ਨਿਊਯਾਰਕ ਸੂਬੇ ਦੇ ਮੇਅਰ ਵੱਲੋਂ ਸਿੱਖ ਭਾਈਚਾਰੇ ਵਲ ਸਹਾਇਤਾ ਦੀ ਅਪੀਲ ਕਰਨਾ ਇਸ ਦਾ ਪ੍ਰਤੱਖ ਸਬੂਤ ਹੈ। ਦੇਸ਼-ਦੁਨੀਆ, ਕਿਸੇ ਵੀ ਕੁਦਰਤੀ ਆਫ਼ਤ ਜਾ ਕਰੋਪੀ ਸਮੇਂ, ਸਿੱਖ ਭਾਈਚਾਰੇ ਤੋਂ ਇਹੀ ਉਮੀਦ ਰੱਖਦੀ ਹੈ। 'ਖ਼ਾਲਸਾ ਏਡ' ਸੰਸਥਾ ਦਾ ਵੀ, ਇਸ ਉਪਲਬਧੀ ਵਿੱਚ, ਵਡਮੁੱਲਾ ਯੋਗਦਾਨ ਰਿਹਾ ਹੈ ਕਿਉਂਕਿ ਇਸ ਸੰਸਥਾ ਦੁਆਰਾ ਦੁਨੀਆ ਪੱਧਰ ਉੱਪਰ ਕਈ ਰਾਹਤ ਕਾਰਜਾਂ ਵਿੱਚ, ਆਪਣਾ ਬਿਨਾ ਕਿਸੇ ਭੇਦਭਾਵ ਤੋਂ, ਮਾਨਵਤਾ ਦੇ ਭਲੇ ਲਈ ਬਾਖ਼ੂਬੀ ਰੋਲ ਨਿਭਾਇਆ ਜਾ ਰਿਹਾ ਹੈ। ਵਰਤਮਾਨ ਸਮੇਂ ਵੀ ਇਹ ਸੰਸਥਾ ਕਈ ਥਾਵਾਂ ਉਪਰ ਡਾਕਟਰੀ ਅਮਲੇ ਅਤੇ ਹੋਰ ਲੋੜਵੰਦਾ ਲਈ ਜ਼ਰੂਰੀ ਵਸਤਾ ਅਤੇ ਖਾਣ-ਪੀਣ ਦਾ ਪ੍ਰਬੰਧ ਕਰ ਰਹੀ**




# ਨਿਸ਼ਕਾਮ ਸੇਵਾ ਦੇ ਪਾਂਧੀ



ਜਗਜੀਤ ਸਿੰਘ ਗਣੇਸ਼ਪੁਰ,
ਮੋਬਾਇਲ-94655-76022

ਇਸ ਵਿੱਚ ਕੋਈ ਦੋ ਰਾਵਾਂ ਨਹੀਂ ਹਨ ਕਿ, ਜਦੋਂ ਵੀ ਕਿਤੇ ਮਨੁੱਖਤਾ ਉੱਤੇ ਭਾਰੀ ਮੁਸੀਬਤ ਆਈ ਹੈ, ਤਾਂ ਸਿੱਖ ਕੌਮ ਨੇ ਹਮੇਸ਼ਾ ਅੱਗੇ ਵੱਧ ਕੇ, ਰਾਹਤ ਕਾਰਜਾਂ ਵਿੱਚ, ਆਪਣੀ ਗਿਣਤੀ ਦੇ ਅਨੁਪਾਤ ਤੋਂ ਕਿਤੇ ਵੱਧ ਕਰ ਕੇ ਯੋਗਦਾਨ ਪਾਇਆ ਹੈ। ਸਿੱਖ ਭਾਈਚਾਰਾ ਮੌਜੂਦਾ ਸਮੇਂ ਵੀ, ਇਸ ਸੋਚ ਦਾ ਹੀ ਧਾਰਨੀ ਹੈ ਅਤੇ ਗੁਰੂ ਮਿਹਰ ਕਰੇ ਸਦੀਵੀ ਤੌਰ ਤੇ ਅਜਿਹਾ ਹੀ ਰਹੇਗਾ। ਗੱਲ ਕਰੀਏ ਦੇਸ਼-ਦੁਨੀਆ ਦੇ ਮੌਜੂਦਾ ਹਾਲਾਤਾਂ ਦੀ, ਵਰਤਮਾਨ ਸਮੇਂ ਪੂਰੀ ਦੁਨੀਆ ਕੋਰੋਨਾ ਵਾਇਰਸ ਨਾਮ ਦੀ ਮਹਾਂਮਾਰੀ ਦੀ ਗੰਭੀਰ ਮਾਰ ਹੇਠ ਹੈ। ਇਸ ਛੂਤ ਦੀ ਮਹਾਂਮਾਰੀ ਨੂੰ ਫੈਲਣ ਤੋਂ ਰੋਕਣ ਲਈ ਦੁਨੀਆ ਦੀ ਬਹੁਗਿਣਤੀ ਅਬਾਦੀ ਘਰਾਂ ਵਿੱਚ ਰਹਿਣ ਲਈ ਮਜਬੂਰ ਹੈ। ਦੇਸ਼-ਦੁਨੀਆ ਦੀਆਂ ਸਰਕਾਰਾਂ ਆਪਣੇ-ਆਪਣੇ ਪੱਧਰ ਉੱਪਰ ਇਸ ਨਾਲ ਨਜਿੱਠਣ ਦੀਆ ਕੋਸ਼ਿਸ਼ਾਂ ਕਰ ਰਹੀਆਂ ਹਨ। ਸਰਕਾਰ ਅਤੇ ਪ੍ਰਸ਼ਾਸਨ ਦੀਆ ਹਦਾਇਤਾਂ ਅਨੁਸਾਰ ਸਿਹਤ ਵਿਭਾਗ ਦਾ ਅਮਲਾ ਜ਼ਮੀਨੀ ਪੱਧਰ ਉੱਪਰ ਇਸ ਬਿਮਾਰੀ ਨਾਲ ਜੰਗ ਲੜ ਰਿਹਾ ਹੈ।

ਇਸ ਸੰਦਰਭ ਵਿੱਚ ਲਾਕਡਾਊਨ ਹੋਣ ਨਾਲ ਖਾਣ-ਪੀਣ ਦੀਆਂ ਵਸਤਾਂ ਅਤੇ ਹੋਰ ਸੇਵਾਵਾਂ ਆਮ ਲੋਕਾਂ ਤੱਕ ਪਹੁੰਚਣ ਵਿੱਚ ਮੁਸ਼ਕਿਲ ਆ ਰਹੀ ਹੈ, ਖ਼ਾਸਕਰ ਸਾਡੇ ਦੇਸ਼ ਭਾਰਤ ਵਿੱਚ। ਰੋਜ਼ਾਨਾ ਕਮਾ ਕੇ ਆਪਣੇ ਪਰਿਵਾਰ ਦਾ ਪਾਲਣ-ਪੋਸ਼ਣ ਕਰਨ ਵਾਲੇ ਲੋੜਵੰਦ ਇਨਸਾਨ, ਇਸ ਸਮੇਂ ਦੋ ਜੰਗਾਂ ਲੜ ਰਹੇ ਹਨ, ਇੱਕ ਤਾਂ ਕੋਰੋਨਾ ਮਹਾਂਮਾਰੀ ਨਾਲ ਅਤੇ ਦੂਜਾ



ਆਪਣੀ ਨਿੱਤ ਦੀਆ ਲੋੜਾਂ ਨਾਲ। ਸਰਕਾਰ ਅਤੇ ਪ੍ਰਸ਼ਾਸਨ ਕੋਸ਼ਿਸ਼ਾਂ ਕਰਨ ਦੇ ਬਾਵਜੂਦ ਲੋੜਵੰਦ ਲੋਕਾਂ ਤੱਕ ਦੋ-ਵਕਤ ਦੀ ਰੋਟੀ ਪਹੁੰਚਾਉਣ ਵਿੱਚ ਅਸਮਰਥ ਸਾਬਤ ਹੋ ਰਿਹਾ ਹੈ। ਇਸ ਸਭ ਵਿੱਚ, ਗੁਰੂ ਸਾਹਿਬਾਨ ਵੱਲੋਂ ਬਖ਼ਸ਼ੇ, ਗੁਰਮਤਿ ਸਿਧਾਂਤਾਂ ਦੇ ਉੱਪਰ ਪਹਿਰਾ ਦਿੰਦਾ ਹੋਇਆ, ਸਿੱਖ ਭਾਈਚਾਰਾ ਵੀ, ਇਸ ਮੁਸੀਬਤ ਦੇ ਵੇਲੇ, ਸਮਾਜ ਨੂੰ ਆਪਣੀਆਂ ਨਿਰਸਵਾਰਥ ਸੇਵਾ ਪ੍ਰਦਾਨ ਕਰਨ ਵਿੱਚ ਹਮੇਸ਼ਾ ਦੀ ਤਰ੍ਹਾਂ ਸਾਹਮਣੇ ਆਇਆ ਹੈ। ਸਿੱਖ ਪੰਥ ਦੀ ਸਿਰਮੌਰ ਜਥੇਬੰਦੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਹੋਰ ਸੰਸਥਾਵਾਂ ਇਸ ਬਿਪਤਾ ਭਰੇ ਵਕਤ ਅੰਦਰ ਜਿੱਥੇ ਮਰੀਜ਼ਾ ਨੂੰ ਸੰਭਾਲਣ ਲਈ ਆਪਣੀਆ ਸਰਾਂਵਾਂ ਦੇਣ ਦਾ ਐਲਾਨ ਕੀਤਾ ਹੈ ਉੱਥੇ ਹੀ ਉਨ੍ਹਾਂ ਦੁਆਰਾ ਲੋੜਵੰਦਾਂ ਲਈ ਨਿਯਮਾਂ ਵਿੱਚ ਰਹਿ ਕੇ ਗੁਰੂ ਕਾ ਲੰਗਰ ਵੀ ਵਰਤਾਇਆ ਜਾ ਰਿਹਾ ਹੈ। ਹੋਰ ਵੀ ਕਈ ਸਮਾਜ ਸੇਵੀ ਸੰਸਥਾਵਾ, ਪਿੰਡ ਪੱਧਰ ਦੀਆ ਗੁਰਦੁਆਰਾ ਕਮੇਟੀਆਂ ਵੀ ਇਸ ਔਖੇ ਸਮੇਂ ਆਪਣਾ ਸਮਾਜ ਪ੍ਰਤੀ ਫ਼ਰਜ਼ ਪਹਿਚਾਣਦੇ ਹੋਏ ਗ਼ਰੀਬ-ਗ਼ੁਰਬੇ ਦਾ ਸਹਾਰਾ ਬਣ ਰਹੀਆ ਹਨ।

ਸਿੱਖ ਲਈ ਇਹ ਮਾਣ ਵਾਲੀ ਗੱਲ ਹੈ ਕਿ ਵਿਦੇਸ਼ਾਂ ਵਿੱਚ ਵੀ ਸਿੱਖ ਪੰਥ ਦੀ ਇਸ ਨਿਸ਼ਕਾਮ ਸੇਵਾ ਨੂੰ ਸਲਾਹਿਆ ਜਾ ਰਿਹਾ ਹੈ। ਇਸ ਹੀ ਮਹਾਂਮਾਰੀ ਕਾਰਨ ਦੁਨੀਆ ਦੀ ਮਹਾਸ਼ਕਤੀ ਮੰਨੇ ਜਾਂਦੇ ਦੇਸ਼ ਅਮਰੀਕਾ ਦੇ ਨਿਊਯਾਰਕ ਸੂਬੇ ਦੇ ਮੇਅਰ ਵੱਲੋਂ ਸਿੱਖ ਭਾਈਚਾਰੇ ਵਲ ਸਹਾਇਤਾ ਦੀ ਅਪੀਲ ਕਰਨਾ ਇਸ ਦਾ ਪ੍ਰਤੱਖ ਸਬੂਤ ਹੈ। ਦੇਸ਼-ਦੁਨੀਆ, ਕਿਸੇ ਵੀ ਕੁਦਰਤੀ ਆਫ਼ਤ ਜਾ ਕਰੋਪੀ ਸਮੇਂ, ਸਿੱਖ ਭਾਈਚਾਰੇ ਤੋਂ ਇਹੀ ਉਮੀਦ ਰੱਖਦੀ ਹੈ। 'ਖ਼ਾਲਸਾ ਏਡ' ਸੰਸਥਾ ਦਾ ਵੀ, ਇਸ ਉਪਲਬਧੀ ਵਿੱਚ, ਵਡਮੁੱਲਾ ਯੋਗਦਾਨ ਰਿਹਾ ਹੈ ਕਿਉਂਕਿ ਇਸ ਸੰਸਥਾ ਦੁਆਰਾ ਦੁਨੀਆ ਪੱਧਰ ਉੱਪਰ ਕਈ ਰਾਹਤ ਕਾਰਜਾਂ ਵਿੱਚ, ਆਪਣਾ ਬਿਨਾ ਕਿਸੇ ਭੇਦਭਾਵ ਤੋਂ, ਮਾਨਵਤਾ ਦੇ ਭਲੇ ਲਈ ਬਾਖ਼ੂਬੀ ਰੋਲ ਨਿਭਾਇਆ ਜਾ ਰਿਹਾ ਹੈ। ਵਰਤਮਾਨ ਸਮੇਂ ਵੀ ਇਹ ਸੰਸਥਾ ਕਈ ਥਾਵਾਂ ਉਪਰ ਡਾਕਟਰੀ ਅਮਲੇ ਅਤੇ ਹੋਰ ਲੋੜਵੰਦਾ ਲਈ ਜ਼ਰੂਰੀ ਵਸਤਾ ਅਤੇ ਖਾਣ-ਪੀਣ ਦਾ ਪ੍ਰਬੰਧ ਕਰ ਰਹੀ ਹੈ।

ਇੱਥੇ ਤੁਹਾਡੇ ਨਾਲ ਇੱਕ ਦਿਲਚਸਪ ਜਾਣਕਾਰੀ ਸਾਂਝੀ ਕਰਨਾ ਚਾਹੁੰਦਾ ਹਾਂ, ਜਿਸ ਦੀ ਜਾਣਕਾਰੀ ਸਪੇਨ ਦੇਸ਼ ਵਿੱਚ ਰਹਿ ਰਹੇ ਸ. ਗਗਨਦੀਪ ਸਿੰਘ ਖ਼ਾਲਸਾ ਜੀ ਨੇ ਇੱਕ ਪੰਜਾਬੀ ਦੇ ਨਾਮਵਰ ਅਖ਼ਬਾਰ ਦੇ ਲਾਈਵ ਪ੍ਰੋਗਰਾਮ ਵਿੱਚ ਸਾਂਝੀ ਕੀਤੀ। ਬਾਕੀ ਦੁਨੀਆ ਵਾਗ ਸਪੇਨ ਦੇਸ਼ ਵਿੱਚ ਵੀ ਕੋਰੋਨਾ ਵਾਇਰਸ ਮਹਾਂਮਾਰੀ ਆਪਣਾ ਕਹਿਰ ਵਰਤਾ ਰਹੀ ਹੈ ਅਤੇ ਉੱਥੇ ਦੀ ਸਰਕਾਰ ਆਪਣੇ ਨਾਗਰਿਕਾਂ ਨੂੰ ਹਰ ਸੰਭਵ ਸਹਾਇਤਾ ਦੇਣ ਦੀ ਕੋਸ਼ਿਸ਼ ਕਰ ਰਹੀ ਹੈ। ਇਸ ਦੌਰਾਨ ਸਿੱਖ ਭਾਈਚਾਰਾ ਨਾਲ ਵੀ ਉੱਥੋਂ ਦੇ ਸਮਾਜਿਕ ਅਤੇ ਘਰੇਲੂ ਵਸਤੂਆਂ ਦੇ ਵਿਭਾਗ ਨੇ ਸੰਪਰਕ ਕਰ ਕੇ ਹਰ ਸੰਭਵ ਮਦਦ ਦੀ ਪੇਸ਼ਕਸ਼ ਕੀਤੀ ਪਰੰਤੂ ਸਿੱਖ ਭਾਈਚਾਰੇ ਦਾ ਜਵਾਬ ਸੁਣ ਕੇ ਉਹ ਬਹੁਤ ਹੈਰਾਨ ਹੋਏ ਕਿਉਂਕਿ ਇਸ ਮੁਸ਼ਕਿਲ ਦੇ ਸਮੇਂ ਦੌਰਾਨ ਜਦੋ ਹਰ ਕੋਈ ਸਰਕਾਰ ਵਲ ਉਮੀਦ ਦੀ ਆਸ ਰੱਖਦਾ ਹੈ ਅਤੇ ਇਹ ਭਾਈਚਾਰਾ ਸਰਕਾਰ ਨੂੰ ਆਪਣੀ ਮਦਦ ਦੀ ਪੇਸ਼ਕਸ਼ ਕਰ ਰਿਹਾ ਹੈ। ਕਹਿਣ ਤੋਂ ਭਾਵ ਇਹ ਹੈ ਕਿ ਜੇਕਰ ਅਸੀਂ ਆਪਣੀ ਗੁਰਆਂ ਦੁਆਰਾ ਦਰਸਾਏ ਮਾਰਗ ਉੱਪਰ ਚੱਲਦੇ ਹਾਂ ਤਾਂ ਸਾਡਾ ਸਮਾਜ ਅੰਦਰ ਮਾਣ-ਸਨਮਾਨ ਤਾਂ ਵਧੇਗਾ ਹੀ ਅਤੇ ਇੱਕ ਦਿਨ ਪੂਰੀ ਦੁਨੀਆ ਸਾਡੀ ਅਗਵਾਈ ਵੀ ਜ਼ਰੂਰ ਲਾਵੇਗੀ।

ਇੱਥੇ ਮੈਂ ਅੱਜਕੱਲ੍ਹ ਦੇ ਅਜਿਹੇ ਵਿਦਵਾਨਾਂ ਨੂੰ ਵੀ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਹਰ ਸਮੇਂ ਨਿੰਦਿਆਂ ਜਾਂ ਭੰਡਣ ਨਾਲ ਸਮਾਜ ਦਾ ਭਲਾ ਨਹੀਂ ਹੋਣ ਲੱਗਾ। ਸੋ, ਆਓ ਜ਼ਮੀਨੀ ਪੱਧਰ ਉੱਪਰ ਅਜਿਹਾ ਕੁੱਝ ਕਰੀਏ, ਜਿਸ ਨਾਲ ਸਮਾਜ ਦਾ ਕੁੱਝ ਸੁਧਾਰ ਹੋ ਸਕੇ ਕਿਉਂਕਿ ਕੇਵਲ ਕਮੀਆਂ ਦੱਸਣ ਨਾਲ ਸਾਡਾ ਫ਼ਰਜ਼ ਪੂਰਾ ਨਹੀ ਹੋ ਜਾਂਦਾ, ਕੋਸ਼ਿਸ਼ ਕਰੀਏ, ਉਸ ਦਾ ਸਾਰਥਿਕ ਹੱਲ ਤਲਾਸ਼ਣ ਦੀ ਤਾਂ ਜੋ ਸਮਾਜ ਅਤੇ ਕੌਮ ਦਾ ਭਲਾ ਹੋ ਸਕੇ। ਵੱਡੀਆਂ-ਵੱਡੀਆ ਗੱਲਾ ਕਰਨ ਦੇ ਨਾਲ-ਨਾਲ, ਲੋੜ ਹੈ, ਉਨ੍ਹਾਂ ਵਾਕਾਂ ਨੂੰ ਹਕੀਕਤ ਵਿੱਚ ਬਦਲਣ ਦੀ ਤਾਂ ਹੀ ਅਸੀ ਸਾਰੇ ਇਸ ਕੌਮ ਦੇ ਸੱਚੇ ਵਾਰਿਸ ਅਖਵਾਉਣ ਦੇ ਹੱਕਦਾਰ ਹੋਵਾਂਗੇ..ਆਮੀਨ!






# ਅਮਰੀਕਾ ਪ੍ਰਤੀ ਸੰਤੁਲਿਤ ਪਹੁੰਚ ਹੀ ਰੱਖਣੀ ਪਵੇਗੀ ਭਾਰਤ ਨੂੰ

ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਦਾ ਭਾਰਤ ਦਾ ਦੋ ਦਿਨਾ ਦੌਰਾ ਜ਼ਿਆਦਾ ਵਿਖਾਵੇ ਵਾਲਾ ਅਤੇ ਬਹੁਤ ਹੀ ਸੀਮਤ ਪ੍ਰਾਪਤੀਆਂ ਵਾਲਾ ਸਾਬਤ ਹੋਇਆ ਹੈ। ਅਮਰੀਕੀ ਟੀ.ਵੀ. ਸੀ. ਐਨ. ਐਨ. ਨੇ ਇਸ ਦਾ ਮੁਲਾਂਕਣ ਕਰਦਿਆਂ ਕਿਹਾ ਹੈ ਕਿ ਭਾਵੇਂ ਇਹ ਦੌਰਾ ਬਹੁਤ ਹੀ ਧੂਮਧਾਮ ਵਾਲਾ ਅਤੇ ਫੂ-ਫਾਂ ਵਾਲਾ ਸੀ, ਪਰ ਪ੍ਰਾਪਤੀਆਂ ਪੱਖੋਂ ਕਾਫੀ ਨਿਮਰਤਾ ਵਾਲਾ ਹੀ ਰਿਹਾ ਹੈ। ਭਾਵੇਂ ਕਿ ਇਸ ਦੌਰੇ ਦੀਆਂ ਤਸਵੀਰਾਂ ਤਾਂ ਬਹੁਤ ਪ੍ਰਭਾਵਸ਼ਾਲੀ ਸਨ, ਪ੍ਰੰਤੂ ਕੋਈ ਵੱਡਾ ਵਪਾਰਕ ਜਾਂ ਸੁਰੱਖਿਆ ਨਾਲ ਸਬੰਧਿਤ ਸਮਝੌਤਾ ਨਹੀਂ ਹੋ ਸਕਿਆ। ਸੀ. ਐਨ. ਐਨ. ਦੀ ਇਹ ਟਿੱਪਣੀ ਸੱਚਾਈ ਦੇ ਕਾਫੀ ਨੇੜੇ ਨਜ਼ਰ ਆਉਂਦੀ ਹੈ। ਟਰੰਪ ਨੇ ਵੀ ਕੋਈ ਲੁਕਾਅ ਨਹੀਂ ਰੱਖਿਆ ਅਤੇ ਖੁੱਲ੍ਹ ਕੇ ਕਿਹਾ ਹੈ ਕਿ ਮੋਦੀ ਵਪਾਰਕ ਸਮਝੌਤਿਆਂ ਬਾਰੇ ਕਾਫੀ ਸਖ਼ਤ ਹੈ ਅਤੇ ਅਸੀਂ ਨੇੜਲੇ ਭਵਿੱਖ ਵਿਚ ਡੈਫੀਸਿਟ (ਵਪਾਰਕ ਘਾਟਾ) ਅਤੇ ਟੈਰਿਫਸ (ਦਰਾਂ) ਬਾਰੇ ਫ਼ੈਸਲਾ ਨਹੀਂ ਕਰ ਸਕਾਂਗੇ। ਟਰੰਪ ਤੇ ਮੋਦੀ ਨੇ ਤਿੰਨ ਅਰਬ ਡਾਲਰ ਦੇ ਅਮਰੀਕੀ ਫ਼ੌਜੀ ਹੈਲੀਕਾਪਟਰ ਅਤੇ ਹੋਰ ਫ਼ੌਜੀ ਸਾਜ਼ੋ-ਸਾਮਾਨ (ਜਲ ਸੈਨਾ ਲਈ) ਖ਼ਰੀਦਣ ਲਈ ਸਮਝੌਤੇ 'ਤੇ ਦਸਤਖ਼ਤ ਕੀਤੇ। ਪ੍ਰੰਤੂ ਇਸ ਨੂੰ ਕੋਈ ਵੱਡੀ ਪ੍ਰਾਪਤੀ ਨਹੀਂ ਕਿਹਾ ਜਾ ਸਕਦਾ। ਅਜੇ ਰੂਸ ਦਾ ਭਾਰਤ ਨੂੰ ਸਭ ਤੋਂ ਵਧ ਹਥਿਆਰ ਵੇਚਣ ਵਾਲੇ ਦੇਸ਼ ਦਾ ਸਥਾਨ ਕਾਇਮ ਰਹਿਣ ਦੀ ਸੰਭਾਵਨਾ ਬਣੀ ਰਹੇਗੀ। ਭਾਵੇਂ ਕਿ ਇਸ ਦੌਰੇ ਦੀਆਂ ਤਸਵੀਰਾਂ ਅਤੇ ਮੀਡੀਆ ਕਵਰੇਜ ਤਾਂ ਕਾਫੀ ਪ੍ਰਭਾਵਸ਼ਾਲੀ ਸੀ ਪਰ ਭਾਰਤ ਦੀਆਂ ਬੁਨਿਆਦੀ ਨੀਤੀਆਂ ਵਿਚ ਕੋਈ ਵੱਡੀ ਤਬਦੀਲੀ ਆਉਣ ਦੀਆਂ ਸੰਭਾਵਨਾਵਾਂ ਬਹੁਤ ਘੱਟ ਹਨ। ਉਦਾਹਰਨ ਵਜੋਂ ਰੂਸ ਨਾ ਸਿਰਫ ਭਾਰਤ ਨੂੰ ਸਭ ਤੋਂ ਵੱਧ ਹਥਿਆਰ ਦੇਣ ਵਾਲੇ ਦੇਸ਼ ਦਾ ਸਥਾਨ ਕਾਇਮ ਰੱਖ ਸਕੇਗਾ ਸਗੋਂ ਭਾਰਤ ਰੂਸ ਨੂੰ ਹੀ ਆਪਣਾ ਸਭ ਤੋਂ ਵੱਧ ਭਰੋਸੇਯੋਗ ਅਤੇ ਪਰਖਿਆ ਹੋਇਆ ਦੋਸਤ ਸਮਝਣ ਦੀ ਨੀਤੀ 'ਤੇ ਵੀ ਕਾਇਮ ਰਹੇਗਾ। ਭਾਵੇਂ ਕਿ ਟਰੰਪ ਨੇ ਮੋਦੀ ਦੀਆਂ ਅਜੋਕੇ ਹਾਲਾਤ ਵਿਚ ਨੀਤੀਆਂ (ਸੀ. ਏ. ਏ.) ਆਦਿ 'ਤੇ ਕੋਈ ਖੁੱਲ੍ਹੀ ਟਿੱਪਣੀ ਕਰਨ ਤੋਂ ਗੁਰੇਜ਼ ਕੀਤਾ ਪਰ ਉਸ ਦੇ ਦੌਰੇ ਦੌਰਾਨ ਪੱਛਮੀ ਮੀਡੀਆ ਨੇ ਭਾਰਤ ਦੀ ਸਖ਼ਤ ਆਲੋਚਨਾ ਕਰਨੀ ਨਹੀਂ ਛੱਡੀ। ਪੱਛਮੀ ਮੀਡੀਆ ਲਗਾਤਾਰ ਇਹ ਪ੍ਰਭਾਵ ਦੇ ਰਿਹਾ ਹੈ ਕਿ ਭਾਰਤ ਧਰਮ-ਨਿਰਪੱਖਤਾ ਦੀ ਨੀਤੀ ਤੋਂ ਪਿੱਛੇ ਹਟ ਰਿਹਾ ਹੈ। ਭਾਰਤ ਵਿਚ ਖੱਬੇ ਪੱਖੀ ਧਿਰਾਂ ਇਸ ਮਸਲੇ 'ਤੇ ਮੋਦੀ ਸਰਕਾਰ ਦੀ ਸਖ਼ਤ ਆਲੋਚਨਾ ਕਰ ਰਹੀਆਂ ਹਨ, ਪਰ ਰੂਸ ਅਤੇ ਚੀਨ ਨੇ ਇਸ ਮਸਲੇ 'ਤੇ ਮੋਦੀ ਸਰਕਾਰ ਦੀ ਆਲੋਚਨਾ ਬਿਲਕੁਲ ਨਹੀਂ ਕੀਤੀ, ਸਗੋਂ ਉਨ੍ਹਾਂ ਨੇ ਇਸ ਨੂੰ ਭਾਰਤ ਦਾ ਅੰਦਰੂਨੀ ਮਸਲਾ ਕਿਹਾ ਹੈ ਅਤੇ ਪੱਛਮੀ ਦੇਸ਼ਾਂ ਅਤੇ ਪੱਛਮੀ ਮੀਡੀਆ ਦੀ ਆਲੋਚਨਾ ਕੀਤੀ ਹੈ ਕਿ ਉਹ ਧਰਮ-ਨਿਰਪੱਖਤਾ ਅਤੇ ਮਨੁੱਖੀ ਅਧਿਕਾਰਾਂ ਦੇ ਬਹਾਨੇ ਭਾਰਤ ਦੇ ਅੰਦਰੂਨੀ ਮਸਲਿਆਂ ਵਿਚ ਦਖ਼ਲ ਦੇ ਰਹੇ ਹਨ। ਮੈਨੂੰ ਰੂਸ ਅਤੇ ਚੀਨ ਦੇ ਪੱਖ ਤੋਂ ਜ਼ਿਆਦਾ ਹੈਰਾਨੀ ਨਹੀਂ ਹੋਈ, ਕਿਉਂਕਿ ਮੈਨੂੰ ਬਹੁਤ ਸਮਾਂ ਪਹਿਲਾਂ ਦੀ ਗੱਲ ਯਾਦ ਹੈ ਕਿ ਜਦੋਂ 1966 ਵਿਚ ਗਊ ਰੱਖਿਆ ਸਬੰਧੀ ਅੰਦੋਲਨ ਹੋ ਰਿਹਾ ਸੀ ਅਤੇ ਭਾਰਤੀ ਖੱਬੇ ਪੱਖੀ ਇਸ ਦੀ ਸਖ਼ਤ ਆਲੋਚਨਾ ਅਤੇ ਵਿਰੋਧਤਾ ਕਰ ਰਹੇ ਸਨ, ਪੱਛਮੀ ਮੀਡੀਆ ਇਸ ਅੰਦੋਲਨ ਦਾ ਬਹੁਤ ਮਜ਼ਾਕ ਉਡਾ ਰਿਹਾ ਸੀ, ਖ਼ਾਸ ਕਰਕੇ ਜਦੋਂ ਨਾਗੇ ਸਾਧੂਆਂ ਨੇ ਵੱਡੀ ਗਿਣਤੀ ਵਿਚ ਇਸ ਵਿਚ ਸ਼ਮੂਲੀਅਤ ਕੀਤੀ। ਉਸ ਵੇਲੇ ਸਾਨੂੰ ਬਹੁਤ ਹੈਰਾਨੀ ਹੋਈ ਜਦੋਂ ਚੀਨ ਨੇ ਭਾਰਤ ਦੇ ਖੱਬੇ ਪੱਖੀਆਂ ਦੇ ਇਸ ਅੰਦੋਲਨ ਦੀ ਵਿਰੋਧਤਾ ਕਰਨ ਲਈ ਸਖ਼ਤ ਆਲੋਚਨਾ ਕੀਤੀ ਤੇ ਕਿਹਾ ਕਿ ਭਾਰਤੀ ਖੱਬੇ ਪੱਖੀ ਬਾਹਰਲੇ ਰੂਪ ਅਤੇ ਅੰਦਰੂਨੀ ਤੱਤ ਵਿਚ ਫ਼ਰਕ ਨਹੀਂ ਸਮਝ ਸਕੇ। ਭਾਵੇਂ ਬਾਹਰਲੇ ਰੂਪ ਵਿਚ ਇਹ ਅੰਦੋਲਨ ਧਾਰਮਿਕ ਹੈ ਪਰ ਇਸ ਦਾ ਅੰਦਰੂਨੀ ਤੱਤ ਸਾਮਰਾਜ ਵਿਰੋਧੀ ਹੈ। ਪਰ ਹੁਣ ਚੀਨ ਨੇ ਇਸ (ਅਜੋਕੇ ਅੰਦੋਲਨ) ਨੂੰ ਭਾਰਤ ਦਾ ਅੰਦਰੂਨੀ ਮਾਮਲਾ ਕਹਿ ਕੇ ਕੁਝ ਵੀ ਨਾ ਕਹਿਣਾ ਹੀ ਠੀਕ ਸਮਝਿਆ ਹੈ। ਜ਼ਾਹਿਰ ਹੈ ਕਿ ਮਾਓ ਦੇ ਤੇ ਹੁਣ ਦੇ ਚੀਨ ਵਿਚ ਬਹੁਤ ਫ਼ਰਕ ਹੈ। ਜਿੱਥੇ ਉਸ ਵੇਲੇ ਦਾ ਚੀਨ ਸਿਧਾਂਤਕ ਪੱਖਾਂ 'ਤੇ ਜ਼ਿਆਦਾ ਜ਼ੋਰ ਦਿੰਦਾ ਸੀ, ਉੱਥੇ ਹੁਣ ਦਾ ਚੀਨ ਵਿਹਾਰਕ ਅਤੇ ਆਰਥਿਕ ਪੱਖਾਂ ਨੂੰ ਪਹਿਲ ਦਿੰਦਾ ਹੈ। ਇਸ ਤੋਂ ਇਕ ਗੱਲ ਸਪੱਸ਼ਟ ਹੁੰਦੀ ਹੈ ਕਿ ਰੂਸ ਅਤੇ ਚੀਨ ਹਰ ਹਾਲਤ ਵਿਚ ਭਾਰਤ ਨੂੰ ਅਮਰੀਕੀ ਖੇਮੇ ਵਿਚ ਜਾਣ ਤੋਂ ਰੋਕਣਾ ਚਾਹੁੰਦੇ ਹਨ। ਜ਼ਾਹਿਰ ਹੈ ਕਿ ਰੂਸ ਅਤੇ ਚੀਨ ਦੀ ਇਹ ਨੀਤੀ ਭਾਰਤ ਨੂੰ ਅਮਰੀਕਾ ਜਾਂ ਹੋਰ ਪੱਛਮੀ ਦੇਸ਼ਾਂ ਦੇ ਜ਼ਿਆਦਾ ਨੇੜੇ ਹੋਣ ਤੋਂ ਰੋਕੇਗੀ। ਟਰੰਪ ਚਾਹੁੰਦਾ ਸੀ ਕਿ ਭਾਰਤ ਨੂੰ ਚਹੁੰਪੱਖੀ ਗੱਠਜੋੜ (ਕੁਆਡਰੀਲੈਟਰਲ ਅਲਾਇੰਸ) ਬਾਰੇ ਉਤਸ਼ਾਹਿਤ ਕੀਤਾ ਜਾਵੇ। ਪਰ ਇਸ ਬਾਰੇ ਵੀ ਮੋਦੀ ਨੇ ਮੱਠਾ ਉਤਸ਼ਾਹ ਹੀ ਦਿਖਾਇਆ। ਬੁਨਿਆਦੀ ਤੌਰ 'ਤੇ ਇਹ ਗੱਠਜੋੜ ਅਮਰੀਕਾ ਦੀ ਚੀਨ ਨੂੰ ਘੇਰਨ ਦੀ ਨੀਤੀ ਦਾ ਹੀ ਹਿੱਸਾ ਹੈ। ਇਸ ਗੱਠਜੋੜ ਵਿਚ ਅਮਰੀਕਾ ਤੇ ਭਾਰਤ ਤੋਂ ਇਲਾਵਾ ਜਾਪਾਨ ਅਤੇ ਆਸਟ੍ਰੇਲੀਆ ਵੀ ਸ਼ਾਮਿਲ ਹਨ। ਪਰ ਇਹ ਲਗਭਗ ਠੁੱਸ ਹੋ ਗਿਆ ਹੈ। ਕਿਉਂਕਿ ਜਾਪਾਨ ਨੇ ਆਪਣੀ ਨੀਤੀ ਵਿਚ ਬੁਨਿਆਦੀ ਤਬਦੀਲੀ ਕਰਦਿਆਂ ਚੀਨ ਦੀ ਵਿਰੋਧਤਾ ਕਰਨ ਦੀ ਬਜਾਏ ਚੀਨ ਨਾਲ ਸਹਿਯੋਗ ਦੀ ਨੀਤੀ ਅਪਣਾਉਣੀ ਸ਼ੁਰੂ ਕਰ ਦਿੱਤੀ ਹੈ। ਲਗਦਾ ਹੈ ਕਿ ਜਾਪਾਨ ਨੇ ਫਿਲਿਪਾਈਨਜ਼ ਤੇ ਹੋਰ ਦੱਖਣ ਪੂਰਬੀ ਏਸ਼ਿਆਈ ਦੇਸ਼ਾਂ ਵਾਂਗ ਇਕ ਨਿਰਣਾ ਕਰ ਲਿਆ ਹੈ ਕਿ ਇਸ ਖਿੱਤੇ ਵਿਚ ਅਮਰੀਕਾ ਦਾ ਰਸੂਖ ਘਟ ਰਿਹਾ ਹੈ ਅਤੇ ਚੀਨ ਦਾ ਰਸੂਖ ਵਧ ਰਿਹਾ ਹੈ। ਇਹ ਸਭ ਦੇਸ਼ ਇਹ ਨਹੀਂ ਚਾਹੁੰਦੇ ਕਿ ਚੀਨ ਇਹ ਸਮਝੇ ਕਿ ਇਹ ਦੇਸ਼ ਉਸ ਵਿਰੁਧ ਅਮਰੀਕਾ ਨਾਲ ਰਲੇ ਹੋਏ ਹਨ। ਜਾਪਾਨ ਦਾ ਚੀਨ ਨਾਲ ਆਪਣੇ ਸਬੰਧ ਸੁਧਾਰਨ ਦਾ ਯਤਨ ਇਕ ਹੋਰ ਕਾਰਨ ਕਰਕੇ ਵੀ ਹੋ ਸਕਦਾ ਹੈ। ਜਾਪਾਨ ਦਾ ਰੂਸ ਨਾਲ ਬੁਰਿਲ ਟਾਪੂ ਸਮੂਹ ਦੇ ਚਾਰ ਦੱਖਣੀ ਟਾਪੂਆਂ ਦੀ ਪ੍ਰਭੂਸੱਤਾ ਦੇ ਮਸਲੇ ਬਾਰੇ ਝਗੜਾ ਹੈ। ਦੋਵੇਂ ਦੇਸ਼ ਇਨ੍ਹਾਂ ਟਾਪੂਆਂ 'ਤੇ ਆਪਣੀ ਪ੍ਰਭੂਸੱਤਾ ਦਾ ਦਾਅਵਾ ਕਰ ਰਹੇ ਹਨ। ਜ਼ਾਹਿਰ ਹੈ ਕਿ ਜਾਪਾਨ ਇਕੋ ਵੇਲੇ ਦੋ ਵੱਡੇ ਗੁਆਂਢੀਆਂ ਨਾਲ ਨਹੀਂ ਵਿਗਾੜਨਾ ਚਾਹੁੰਦਾ। ਭਾਵੇਂ ਕਿ ਪੰਜਾਬ ਵਿਚ ਤਾਂ ਆਸਟ੍ਰੇਲੀਆ ਦਾ ਬਹੁਤ ਨਾਂਅ ਹੈ, ਕਿਉਂਕਿ ਅੱਜ ਪੰਜਾਬੀ ਨੌਜਵਾਨਾਂ ਲਈ ਕੈਨੇਡਾ ਤੋਂ ਬਾਅਦ ਵਿਦੇਸ਼ਾਂ ਵੱਲ ਜਾਣ ਲਈ ਆਸਟ੍ਰੇਲੀਆ ਦੂਜੇ ਨੰਬਰ 'ਤੇ ਆਉਂਦਾ ਹੈ। ਪ੍ਰੰਤੂ ਸੱਚਾਈ ਇਹ ਹੈ ਕਿ ਆਰਥਿਕ ਤੌਰ 'ਤੇ ਆਸਟ੍ਰੇਲੀਆ ਚੀਨ 'ਤੇ ਬਹੁਤ ਨਿਰਭਰ ਕਰਦਾ ਹੈ ਅਤੇ ਚੀਨ ਜਦੋਂ ਚਾਹੇ ਆਸਟ੍ਰੇਲੀਆ ਦੀ ਬਾਂਹ ਮਰੋੜ ਸਕਦਾ ਹੈ। ਇਸ ਲਈ ਭਾਵੇਂ ਆਸਟ੍ਰੇਲੀਆ ਲਈ ਅਮਰੀਕਾ ਨੂੰ ਨਾਂਹ ਕਰਨੀ ਸੌਖੀ ਨਹੀਂ ਪ੍ਰੰਤੂ ਆਸਟ੍ਰੇਲੀਆ ਲਈ ਕਿਸੇ ਗੱਠਜੋੜ ਵਿਚ ਕੋਈ ਅਸਰਦਾਰ ਚੀਨ ਵਿਰੋਧੀ ਕਦਮ ਚੁੱਕਣਾ ਔਖਾ ਹੈ। ਇਨ੍ਹਾਂ ਸਭ ਕਾਰਨਾਂ ਕਰਕੇ ਅਮਰੀਕਾ ਦੇ ਚਹੁੰਪੱਖੀ ਗੱਠਜੋੜ ਦੇ ਸੰਕਲਪ ਦੇ ਠੰਢੇ ਬਸਤੇ ਵਿਚ ਪਏ ਰਹਿਣ ਦੀ ਸੰਭਾਵਨਾ ਜ਼ਿਆਦਾ ਨਜ਼ਰ ਆਉਂਦੀ ਹੈ। ਇਨ੍ਹਾਂ ਸਭ ਕਾਰਨਾਂ ਕਰਕੇ ਨਾ ਤਾਂ ਟਰੰਪ ਰੂਸ ਨੂੰ ਪਿਛੇ ਹਟਾ ਕੇ ਭਾਰਤ ਨੂੰ ਹਥਿਆਰ ਵੇਚਣ ਵਾਲਾ ਸਭ ਤੋਂ ਵੱਡਾ ਦੇਸ਼ ਅਮਰੀਕਾ ਨੂੰ ਬਣਾਉਣ ਵਿਚ ਸਫ਼ਲ ਹੋਇਆ ਅਤੇ ਨਾ ਹੀ ਚੀਨ ਨੂੰ ਘੇਰਨ ਲਈ ਭਾਰਤ ਨੂੰ ਕੋਈ ਅਸਰਦਾਰ ਭੂਮਿਕਾ ਨਿਭਾਉਣ ਲਈ ਤਿਆਰ ਕਰਨ ਵਿਚ ਸਫਲ ਹੋ ਸਕਿਆ। ਇਸ ਦਾ ਮੁੱਖ ਕਾਰਨ ਇਹ ਹੈ ਕਿ ਨਾ ਸਿਰਫ਼ ਭਾਰਤ ਅਤੇ ਅਮਰੀਕਾ ਦੇ ਬੁਨਿਆਦੀ ਹਿੱਤ ਵੱਖਰੇ-ਵੱਖਰੇ ਹਨ, ਸਗੋਂ ਉਨ੍ਹਾਂ ਵਿਚ ਟਕਰਾਅ ਵੀ ਹੈ। ਦੂਜੇ ਪਾਸੇ ਭਾਰਤ ਦੀ ਰੂਸ ਅਤੇ ਚੀਨ ਨਾਲ ਕੁਝ ਵਖਰੇਵੇਂ ਹੁੰਦਿਆਂ ਹੋਇਆਂ ਵੀ ਕੁਝ ਬੁਨਿਆਦੀ ਮਸਲਿਆਂ 'ਤੇ ਸਾਂਝ ਹੈ। ਅਮਰੀਕਾ ਅਤੇ ਪੱਛਮੀ ਦੇਸ਼ ਅਜੋਕੀ ਸੰਸਾਰਿਕ ਵਿਵਸਥਾ, ਜੋ ਕਿ ਇਕ ਧਰੁਵੀ ਹੈ ਅਤੇ ਜਿਸ ਵਿਚ ਪੱਛਮੀ ਦੇਸ਼ਾਂ ਦੀ ਉੱਚਤਾ ਅਤੇ ਚੌਧਰ ਨਿਸਚਤ ਹੈ ਅਤੇ ਭਾਰਤ, ਰੂਸ ਅਤੇ ਚੀਨ ਦੇ ਬੁਨਿਆਦੀ ਹਿੱਤਾਂ ਦੇ ਵਿਰੁਧ ਭੁਗਤਦੀ ਹੈ, ਨੂੰ ਕਾਇਮ ਰੱਖਣਾ ਚਾਹੁੰਦੇ ਹਨ। ਦੂਜੇ ਪਾਸੇ ਭਾਰਤ, ਰੂਸ ਅਤੇ ਚੀਨ ਇਸ ਵਿਵਸਥਾ ਨੂੰ ਬਦਲ ਕੇ ਬਹੁਧਰੁਵੀ ਵਿਵਸਥਾ ਸਥਾਪਿਤ ਕਰਨਾ ਚਾਹੁੰਦੇ ਹਨ ਜਿਸ ਵਿਚ ਸਾਰੇ ਦੇਸ਼ ਇਕੋ ਜਿਹੇ ਭਾਗੀਦਾਰ ਹੋਣ। ਭਾਰਤ ਤੇ ਅਮਰੀਕਾ ਦੇ ਬੁਨਿਆਦੀ ਹਿੱਤਾਂ ਵਿਚ ਇਹ ਟਕਰਾਅ ਕਦੇ ਵੀ ਭਾਰਤ ਨੂੰ ਅਮਰੀਕਾ ਦੇ ਜ਼ਿਆਦਾ ਨੇੜੇ ਹੋਣ ਤੋਂ ਰੋਕੇਗਾ। ਮੋਦੀ ਤੇ ਟਰੰਪ ਆਪਸ ਵਿਚ ਜਿੰਨੀਆਂ ਮਰਜ਼ੀ ਨਿੱਘੀਆਂ ਜੱਫੀਆਂ ਪਾ ਲੈਣ ਪਰ ਉਹ ਚਾਹੁੰਦੇ ਹੋਏ ਵੀ ਅਮਰੀਕਾ-ਭਾਰਤ ਗੱਠਜੋੜ ਬਣਾਉਣ ਵਿਚ ਸਫ਼ਲ ਨਹੀਂ ਹੋ ਸਕਦੇ। ਨੇਤਾ ਦੋਸਤੀ ਤੇ ਨੇੜਤਾ ਦਾ ਜਿੰਨਾ ਮਰਜ਼ੀ ਦਿਖਾਵਾ ਕਰ ਲੈਣ ਪ੍ਰੰਤੂ ਇਸ ਖੇਤਰ ਵਿਚ ਉਨ੍ਹਾਂ ਦੀਆਂ ਪ੍ਰਾਪਤੀਆਂ ਬੜੀਆਂ ਸੀਮਤ ਅਤੇ ਨਿਮਰ ਰਹਿਣ ਦੀ ਹੀ ਸੰਭਾਵਨਾ ਹੈ। ਇਤਿਹਾਸ ਨੂੰ ਸਾਰੀਆਂ ਅੰਦਰੂਨੀ ਭਾਵਨਾਵਾਂ (ਸਬਜੈਕਟਿਵ ਫੀਲਿੰਗਸ) ਨਹੀਂ ਸਗੋਂ ਬਾਹਰਮੁਖੀ ਸੱਚਾਈਆਂ (ਐਬਜੈਕਟਿਵ ਰੀਐਲਿਟੀਜ਼) ਨਿਰਧਾਰਿਤ ਕਰਦੀਆਂ ਹਨ।

# ਬੰਜੀ ਜੰਪਿੰਗ ਕਰਨ ਗਈ ਕੁੜੀ ਨੂੰ ਬਿਨਾਂ ਰੱਸੀ ਦੇ ਦਿੱਤਾ ਧੱਕਾ ! ਹੋਈ ਦਰਦਨਾਕ ਮੌਤ



ਲਾਈਮੀਰਾ, 16 ਜੂਨ (ਪ੍ਰਤੀਨਿਧੀ) : ਅਕਸਰ ਹੀ ਵੱਖ-ਵੱਖ ਲੋਕਾਂ ਦੇ ਵੱਖ-ਵੱਖ ਸ਼ੌਕ ਹੁੰਦੇ ਹਨ ਤੇ ਆਪਣੇ ਸ਼ੌਕ ਪੂਰੇ ਕਰਨ ਲਈ ਲੋਕ ਕਿਸੇ ਵੀ ਹੱਦ ਤਕ ਚਲੇ ਜਾਂਦੇ ਹਨ। ਇਸੇ ਦੌਰਾਨ ਦੱਖਣੀ ਅਮਰੀਕੀ ਦੇਸ਼ ਬ੍ਰਾਜ਼ੀਲ ਤੋਂ ਇੱਕ ਬੇਹੱਦ ਸਨਸਨੀਖੇਜ਼ ਖ਼ਬਰ ਸਾਹਮਣੇ ਆਈ ਹੈ, ਜਿੱਥੋਂ ਦੇ ਲਾਈਮੀਰਾ ਸ਼ਹਿਰ 'ਚ ਬੰਜੀ ਜੰਪਿੰਗ ਦੌਰਾਨ ਭਿਆਨਕ ਲਾਪ੍ਰਵਾਹੀ ਕਾਰਨ ਇੱਕ 21 ਸਾਲਾ ਕੁੜੀ ਦੀ ਦਰਦਨਾਕ ਮੌਤ ਹੋ ਗਈ। ਬੰਜੀ ਜੰਪਿੰਗ ਮੈਨੇਜਰ ਕੁੜੀ ਨੂੰ ਪਲੇਟਫ਼ਾਰਮ ਤੋਂ ਹੇਠਾਂ ਲੌਂਚ ਕਰਨ ਵੇਲੇ ਉਸ ਨਾਲ ਸੇਫ਼ਟੀ ਰੋਪ ਅਟੈਚ ਕਰਨਾ ਭੁੱਲ ਗਏ, ਜਿਸ ਕਾਰਨ ਕੁੜੀ ਸਿੱਧੀ 40 ਮੀਟਰ ਹੇਠਾਂ ਜਾ ਡਿੱਗੀ, ਜਿਸ ਮਗਰੋਂ ਮੌਕੇ 'ਤੇ ਹੀ ਉਸ ਦੀ ਮੌਤ ਹੋ ਗਈ।

ਮ੍ਰਿਤਕਾ ਦੀ ਪਛਾਣ ਮਾਰੀਆ ਐਡੁਆਰਡਾ ਰੌਡਰਿਗਜ਼ ਡੀ ਫ਼੍ਰੀਟਾਸ ਵਜੋਂ ਹੋਈ ਹੈ। ਉਸ ਨੇ ਹਾਲ ਹੀ 'ਚ ਫ਼ਿਜ਼ੀਕਲ ਐਜੂਕੇਸ਼ਨ ਅਤੇ ਸਪੋਰਟਸ ਮੈਨੇਜਮੈਂਟ ਦੀ ਗ੍ਰੈਜੂਏਸ਼ਨ ਪੂਰੀ ਕੀਤੀ ਸੀ। ਇਹ ਹਾਦਸਾ ਸਾਓ ਪਾਉਲੋ ਸੂਬੇ ਦੇ ਅੰਦਰੂਨੀ ਖੇਤਰ 'ਚ ਸਥਿਤ 'ਪੋਂਟੇ ਡੋ ਐਸਕੇਲੇਟੋ' 'ਤੇ ਵਾਪਰਿਆ, ਜੋ ਐਡਵੈਂਚਰ ਗੇਮਜ਼ ਲਈ ਕਾਫ਼ੀ ਮਸ਼ਹੂਰ ਹੈ।

ਇਸ ਪੂਰੇ ਹਾਦਸੇ ਦੀ ਇੱਕ ਵੀਡੀਓ ਵੀ ਸਾਹਮਣੇ ਆਈ ਹੈ, ਜਿਸ 'ਚ ਬੰਜੀ ਜੰਪਿੰਗ ਟੀਮ ਦੇ ਮੈਂਬਰ ਕੁੜੀ ਨੂੰ ਜੰਪਿੰਗ ਪਲੇਟਫ਼ਾਰਮ ਵਲ ਲੈ ਕੇ ਜਾਂਦੇ ਦਿਖਾਈ ਦਿੰਦੇ ਹਨ। ਜਿਵੇਂ ਹੀ ਉਸ ਨੂੰ ਉੱਪਰੋਂ ਲੌਂਚ ਕੀਤਾ ਜਾਂਦਾ ਹੈ, ਤਾਂ ਉੱਥੇ ਮੌਜੂਦ ਲੋਕ ਰੌਲ਼ਾ ਪਾਉਣ ਲੱਗਦੇ ਹਨ ਤੇ ਕਹਿੰਦੇ ਹਨ- 'Guys, the rope !। ਉਨ੍ਹਾਂ ਨੂੰ ਅਹਿਸਾਸ ਹੋ ਗਿਆ ਕਿ ਕੁੜੀ ਨਾਲ ਸੇਫ਼ਟੀ ਰੋਪ ਅਟੈਚ ਨਹੀਂ ਕੀਤੀ ਗਈ ਸੀ।

ਹਾਦਸੇ ਤੋਂ ਕੁੱਝ ਸਮਾਂ ਪਹਿਲਾਂ ਹੀ ਮਾਰੀਆ ਨੇ ਆਪਣੇ ਇੰਸਟਾਗ੍ਰਾਮ ਅਕਾਊਂਟ 'ਤੇ ਇੱਕ ਮਜ਼ਾਕੀਆ ਸਟੋਰੀ ਵੀ ਸ਼ੇਅਰ ਕੀਤੀ ਸੀ। ਹਾਦਸੇ ਵਾਲੀ ਜਗ੍ਹਾ 'ਤੇ ਮਾਰੀਆ ਦਾ ਮੰਗੇਤਰ ਵੀ ਮੌਜੂਦ ਸੀ, ਜਿਸ ਦੀ ਹਾਦਸੇ ਮਗਰੋਂ ਹਾਲਤ ਵਿੱਗੜ ਗਈ ਤੇ ਉਸ ਨੂੰ ਹਸਪਤਾਲ ਦਾਖਲ ਕਰਵਾਉਣਾ ਪਿਆ। ਹਾਦਸੇ ਤੋਂ ਤੁਰੰਤ ਬਾਅਦ ਮੈਨੇਜਰਾਂ 'ਚੋਂ 2 ਲੋਕ ਜੰਗਲ ਵਲ ਫ਼ਰਾਰ ਹੋ ਗਏ ਸਨ, ਪਰ ਮਿਲਟਰੀ ਪੁਲਿਸ ਨੇ 'ਆਗੁਈਆ' ਹੈਲੀਕੌਂਪਟਰ ਦੀ ਮਦਦ ਨਾਲ ਸਰਚ ਆਪਰੇਸ਼ਨ ਚਲਾ ਕੇ ਉਨ੍ਹਾਂ ਨੂੰ ਲੱਭ ਲਿਆ। ਹੁਣ ਤਕ ਇਸ ਮਾਮਲੇ 'ਚ ਕੁੱਲ 6 ਲੋਕਾਂ ਨੂੰ ਗ੍ਰਿਫ਼ਤਾਰ ਕੀਤਾ ਜਾ ਚੁੱਕਾ ਹੈ ਅਤੇ ਪੁਲਿਸ ਇਹ ਜਾਂਚ ਕਰ ਰਹੀ ਹੈ ਕਿ ਆਖ਼ਿਰ ਇੰਨੀ ਵੱਡੀ ਲਾਪੰਵਾਹੀ ਹੋਈ ਕਿਵੇਂ ?

### ਰੋਮਾਨੀਆ 'ਚ ਭਾਰਤੀ ਨੌਜਵਾਨ ਨੇ ਕੀਤਾ ਦਲੇਰੀ ਵਾਲਾ ਕੰਮ !

# 5 ਸਾਲਾ ਬੱਚੀ ਨੂੰ ਬਰਫ਼ੀਲੀ ਝੀਲ 'ਚ ਡੁੱਬਣ ਤੋਂ ਬਚਾਇਆ

## ਪ੍ਰਭਾਵਿਤ ਹੋ ਕੇ ਸਰਕਾਰ ਨੇ ਦਿੱਤੀ ਪੀ.ਆਰ.



ਬੁਚਾਰੈਸਟ, 16 ਜੂਨ (ਪ੍ਰਤੀਨਿਧੀ) : ਰੋਮਾਨੀਆ 'ਚ ਕੰਮ ਕਰ ਰਹੇ ਭਾਰਤੀ ਮੂਲ ਦੇ ਇੱਕ ਮਜ਼ਦੂਰ ਨੇ ਆਪਣੀ ਜਾਨ ਜ਼ੋਖਮ ਵਿੱਚ ਪਾ ਕੇ 5 ਸਾਲਾ ਬੱਚੀ ਨੂੰ ਬਰਫ਼ੀਲੀ ਝੀਲ ਵਿੱਚ ਡੁੱਬਣ ਤੋਂ ਬਚਾਇਆ। ਇਸ ਬਹਾਦਰੀ ਭਰੇ ਕੰਮ ਲਈ ਉਸ ਨੂੰ ਰੋਮਾਨੀਆ ਦੇ ਕ੍ਰਾਯੋਵਾ ਸ਼ਹਿਰ ਦੀ ਔਨਰੇਰੀ ਸਿਟੀਜ਼ਨਸ਼ਿਪ ਦੇਣ ਦਾ ਫ਼ੈਸਲਾ ਕੀਤਾ ਗਿਆ ਹੈ। ਵਿਪਨ ਕੁਮਾਰ ਦੀ ਬਹਾਦਰੀ ਦੀ ਕਹਾਣੀ ਹੁਣ ਪੂਰੇ ਦੇਸ਼ ਵਿੱਚ ਚਰਚਾ ਦਾ ਵਿਸ਼ਾ ਬਣੀ ਹੋਈ ਹੈ।

ਵਿਪਨ ਕੁਮਾਰ ਨੇ ਸਥਾਨਕ ਟੀ.ਵੀ. ਚੈਨਲ ਡਿਜ਼ੀ-24 ਨੂੰ ਦੱਸਿਆ ਕਿ ਉਹ ਆਪਣੇ ਇੱਕ ਦੋਸਤ ਨਾਲ ਟਹਿਲ ਰਹੇ ਸਨ, ਉਦੋਂ ਹੀ ਉਨ੍ਹਾਂ ਨੇ ਝੀਲ ਦੇ ਬਰਫ਼ੀਲੇ ਪਾਣੀ ਵਿੱਚ ਡੁੱਬ ਰਹੀ ਇੱਕ ਛੋਟੀ ਬੱਚੀ ਨੂੰ ਦੇਖਿਆ। ਸਥਿਤੀ ਦੀ ਗੰਭੀਰਤਾ ਨੂੰ ਸਮਝਦਿਆਂ ਹੀ ਉਨ੍ਹਾਂ ਨੇ ਬਿਨਾਂ ਦੇਰੀ ਕੀਤੇ ਝੀਲ ਵਿੱਚ ਛਾਲ ਮਾਰ ਦਿੱਤੀ। ਵਿਪਨ ਨੇ ਕਿਹਾ, ਪਾਣੀ ਬੇਹੱਦ ਠੰਢਾ ਸੀ ਅਤੇ ਸਭ ਕੁੱਝ ਬਹੁਤ ਤੇਜ਼ੀ ਨਾਲ ਹੋਇਆ। ਉਸ ਸਮੇਂ ਮੇਰੇ ਮਨ ਵਿੱਚ ਸਿਰਫ਼ ਬੱਚੀ ਨੂੰ ਸੁਰੱਖ਼ਿਅਤ ਬਾਹਰ ਕੱਢਣ ਦਾ ਹੀ ਖ਼ਿਆਲ ਸੀ।

ਬਰਫ਼ ਟੁੱਟਣ ਤੋਂ ਬਾਅਦ ਵੀ ਨਹੀਂ ਛੱਡਿਆ ਹੌਸਲਾ

ਚਸ਼ਮਦੀਦਾਂ ਅਨੁਸਾਰ ਬੱਚੀ ਝੀਲ ਦੀ ਜੰਮੀ ਹੋਈ ਸਤ੍ਹਾ 'ਤੇ ਪਹੁੰਚ ਗਈ ਸੀ, ਉਦੋਂ ਹੀ ਉਸ ਦੇ ਹੇਠਾਂ ਦੀ ਬਰਫ਼ ਟੁੱਟ ਗਈ ਅਤੇ ਉਹ ਪਾਣੀ ਵਿੱਚ ਡਿੱਗ ਗਈ। ਵਿਪਨ ਇੱਕ ਸਲੇਜ ਦੀ ਮਦਦ ਨਾਲ ਉਸ ਵਲ ਵਧੇ ਪਰ ਰਸਤੇ ਵਿੱਚ ਉਨ੍ਹਾਂ ਦੇ ਹੇਠਾਂ ਦੀ ਬਰਫ਼ ਵੀ ਟੁੱਟ ਗਈ। ਇਸ ਦੇ ਬਾਵਜੂਦ ਉਨ੍ਹਾਂ ਨੇ ਬੱਚੀ ਦਾ ਹੱਥ ਫ਼ੜ ਲਿਆ ਅਤੇ ਉਸ ਨੂੰ ਬਰਫ਼ੀਲੇ ਪਾਣੀ 'ਚ ਡੁੱਬਣ ਨਹੀਂ ਦਿੱਤਾ, ਜਦੋਂ ਤਕ ਕਿ ਬਚਾਅ ਟੀਮ ਮੌਕੇ 'ਤੇ ਨਹੀਂ ਪਹੁੰਚ ਗਈ। ਘਟਨਾ ਉਸ ਸਮੇਂ ਵਾਪਰੀ ਜਦੋਂ ਬੱਚੀ ਆਪਣੇ ਮਾਤਾ-ਪਿਤਾ ਨਾਲ ਸ਼ਹਿਰ ਦੇ ਇੱਕ ਪਾਰਕ ਵਿੱਚ ਘੁੰਮਣ ਆਈ ਸੀ। ਬੱਚੀ ਸਲੇਜ ਤੋਂ ਉੱਤਰ ਕੇ ਝੀਲ ਵਲ ਦੌੜ ਗਈ ਅਤੇ ਹਾਦਸੇ ਦਾ ਸ਼ਿਕਾਰ ਹੋ ਗਈ। ਉਸ ਨੂੰ ਬਚਾਉਣ ਲਈ ਉਸ ਦੇ ਪਿਤਾ ਵੀ ਝੀਲ ਵਿੱਚ ਉੱਤਰੇ ਪਰ ਉਹ ਵੀ ਟੁੱਟੀ ਹੋਈ ਬਰਫ਼ ਦੇ ਵਿੱਚਕਾਰ ਫ਼ਸ ਗਏ। ਇਸ ਤੋਂ ਬਾਅਦ ਲੋਕਾਂ ਨੇ ਤੁਰੰਤ ਐਮਰਜੈਂਸੀ ਸੇਵਾਵਾਂ ਨੂੰ ਸੂਚਨਾ ਦਿੱਤੀ। ਬਚਾਅ ਮੁਹਿੰਮ ਤੋਂ ਬਾਅਦ ਵਿਪਨ ਕੁਮਾਰ ਅਤੇ ਬੱਚੀ ਦੋਵਾਂ ਨੂੰ ਹਸਪਤਾਲ ਲਿਜਾਇਆ ਗਿਆ। ਡਾਕਟਰਾਂ ਨੇ ਦੱਸਿਆ ਕਿ ਦੋਵਾਂ ਨੂੰ ਹਾਈਪੋਥਰਮਿਕ ਸ਼ਾਕ (ਜ਼ਿਆਦਾ ਠੰਢ ਕਾਰਨ ਸਰੀਰ ਦਾ ਤਾਪਮਾਨ ਡਿੱਗਣਾ) ਹੋਇਆ ਸੀ, ਪਰ ਉਨ੍ਹਾਂ ਦੀ ਹਾਲਤ ਸਥਿਰ ਸੀ ਅਤੇ ਸਮਾਂ ਰਹਿੰਦੇ ਇਲਾਜ ਮਿਲਣ ਕਰ ਕੇ ਵੱਡਾ ਖ਼ਤਰਾ ਟਲ ਗਿਆ।

ਵਿਪਨ ਕੁਮਾਰ ਦੀ ਬਹਾਦਰੀ ਤੋਂ ਪ੍ਰਭਾਵਿਤ ਹੋ ਕੇ ਉਨ੍ਹਾਂ ਦੀ ਕੰਪਨੀ ਦੇ ਮਾਲਕ ਨੇ ਉਨ੍ਹਾਂ ਨੂੰ ਇਨਾਮ ਵਜੋਂ ਭਾਰਤ ਯਾਤਰਾ ਕਰਵਾਉਣ ਬਾਰੇ ਵਿੱਚਾਰ ਸ਼ੁਰੂ ਕੀਤਾ ਹੈ, ਤਾਂ ਜੋ ਉਹ ਆਪਣੇ ਪਰਿਵਾਰ ਨੂੰ ਮਿਲ ਸਕਣ। ਉਨ੍ਹਾਂ ਦੀ 8 ਸਾਲਾ ਧੀ ਭਾਰਤ 'ਚ ਰਹਿੰਦੀ ਹੈ ਅਤੇ ਪਰਿਵਾਰ ਲੰਬੇ ਸਮੇਂ ਤੋਂ ਉਨ੍ਹਾਂ ਤੋਂ ਦੂਰ ਹੈ। ਕੁੱਝ ਹੀ ਮਹੀਨੇ ਪਹਿਲਾਂ ਰੁਜ਼ਗਾਰ ਦੀ ਭਾਲ ਵਿੱਚ ਰੋਮਾਨੀਆ ਪਹੁੰਚੇ ਵਿਪਨ ਕੁਮਾਰ ਅੱਜ ਕ੍ਰਾਯੋਵਾ ਦੇ ਸਭ ਤੋਂ ਸਤਿਕਾਰਤ ਲੋਕਾਂ ਵਿੱਚ ਸ਼ਾਮਲ ਹੋ ਗਏ ਹਨ। ਉਨ੍ਹਾਂ ਦੇ ਹੌਸਲੇ ਅਤੇ ਤੁਰੰਤ ਫ਼ੈਸਲੇ ਨੇ ਨਾ ਸਿਰਫ਼ ਇੱਕ ਮਾਸੂਮ ਦੀ ਜਾਨ ਬਚਾਈ, ਸਗੋਂ ਇਹ ਵੀ ਦਿਖਾਇਆ ਕਿ ਇਨਸਾਨੀਅਤ ਅਤੇ ਬਹਾਦਰੀ ਦੀ ਕੋਈ ਹੱਦ ਨਹੀਂ ਹੁੰਦੀ।

ਕ੍ਰਾਯੋਵਾ ਦੀ ਮੇਅਰ ਲਿਆ ਓਲਗੁਟਾ ਵਾਸਿਲੇਸਕੂ ਨੇ ਵਿਪਨ ਕੁਮਾਰ ਦੇ ਹੌਸਲੇ ਦੀ ਸ਼ਲਾਘਾ ਕਰਦਿਆਂ ਉਨ੍ਹਾਂ ਨੂੰ ਸ਼ਹਿਰ ਦੀ ਔਨਰੇਰੀ ਸਿਟੀਜ਼ਨਸ਼ਿਪ ਦੇਣ ਦਾ ਪ੍ਰਸਤਾਵ ਰੱਖਿਆ। ਉਨ੍ਹਾਂ ਕਿਹਾ ਕਿ ਵਿਪਨ ਦਾ ਨਿਰਸਵਾਰਥ ਅਤੇ ਮਨੁੱਖੀ ਕਾਰਜ ਸਮਾਜ ਲਈ ਇੱਕ ਪ੍ਰੇਰਣਾ ਹੈ ਅਤੇ ਬਾਕੀ ਲੋਕਾਂ ਨੂੰ ਵੀ ਅਜਿਹੀਆਂ ਉਦਾਹਰਨਾਂ ਤੋਂ ਸਬਕ ਲੈਣਾ ਚਾਹੀਦਾ ਹੈ। ਮੇਅਰ ਅਨੁਸਾਰ ਵਿਪਨ ਕੁਮਾਰ ਜੂਨ 2025 ਵਿੱਚ ਭਾਰਤ ਤੋਂ ਰੋਮਾਨੀਆ ਪਹੁੰਚੇ ਸਨ। ਹਾਲ ਹੀ ਵਿੱਚ ਉਨ੍ਹਾਂ ਨੇ ਡੋਲਜ ਕਾਊਂਟੀ ਦੇ ਮਾਲੂ ਮਾਰੇ ਖੇਤਰ ਵਿੱਚ ਇੱਕ ਨਿਰਮਾਣ ਕੰਪਨੀ ਵਿੱਚ ਮਜ਼ਦੂਰ ਵਜੋਂ ਕੰਮ ਸ਼ੁਰੂ ਕੀਤਾ ਸੀ। ਉਹ ਬਿਹਤਰ ਰੁਜ਼ਗਾਰ ਅਤੇ ਪਰਿਵਾਰ ਦੇ ਭਵਿੱਖ ਲਈ ਵਿਦੇਸ਼ ਆਏ ਸਨ।

# ਹੈਲੀਕਾਪਟਰ ਹਾਦਸੇ 'ਚ ਅਮਰੀਕੀ ਗਾਇਕ ਓਲੀਵਰ ਟ੍ਰੀ ਤੇ ਯੂਟਿਊਬਰ 'ਗਾਸਪੀ' ਸਣੇ 6 ਦੀ ਮੌਤ



ਰੀਓ -ਡੀ -ਜਨੇਰੀਓ , 16 ਜੂਨ (ਪ੍ਰਤੀਨਿਧੀ) : ਬ੍ਰਾਜ਼ੀਲ ਦੇ ਪ੍ਰਸਿੱਧ ਸ਼ਹਿਰ ਰੀਓ ਡੀ ਜਨੇਰੀਓ ਵਿੱਚ ਐਤਵਾਰ ਸਵੇਰੇ ਇੱਕ ਭਿਆਨਕ ਹਾਦਸਾ ਵਾਪਰਿਆ, ਜਿੱਥੇ ਦੋ ਹੈਲੀਕੌਂਪਟਰਾਂ ਦੀ ਆਪਸੀ ਟੱਕਰ ਕਾਰਨ 6 ਲੋਕਾਂ ਦੀ ਮੌਤ ਹੋ ਗਈ। ਮ੍ਰਿਤਕਾਂ ਵਿੱਚ ਮਸ਼ਹੂਰ ਅਮਰੀਕੀ ਗਾਇੱਕ ਓਲੀਵਰ ਟ੍ਰੀ (32) ਅਤੇ ਅਰਜਨਟੀਨਾ ਦੇ ਪ੍ਰਸਿੱਧ ਯੂਟਿਊਬਰ ਗਾਸਪਰ ਪ੍ਰਿਮ (23), ਜੋ ਕਿ ਇੰਟਰਨੈੱਟ 'ਤੇ 'ਗਾਸਪੀ' ਵਜੋਂ ਜਾਣੇ ਜਾਂਦੇ ਸਨ, ਵੀ ਸ਼ਾਮਲ ਹਨ।

ਇਹ ਦਰਦਨਾਕ ਹਾਦਸਾ ਸਥਾਨਕ ਸਮੇਂ ਅਨੁਸਾਰ ਸਵੇਰੇ ਕਰੀਬ 09:00 ਵਜੇ ਸ਼ਹਿਰ ਦੇ ਦੱਖਣ-ਪੱਛਮੀ ਇਲਾਕੇ 'ਰੀਕ੍ਰੀਓ ਡੋਸ ਬੈਂਡੇਇਰਾਂਟੇਸ' ਦੇ ਉੱਪਰ ਵਾਪਰਿਆ। ਇੱਕ ਹੈਲੀਕੌਂਪਟਰ ਵਿੱਚ 5 ਲੋਕ ਸਵਾਰ ਸਨ, ਜਦੋਂ ਕਿ ਦੂਜੇ ਵਿੱਚ ਸਿਰਫ਼ ਉਸ ਦਾ ਪਾਇਲਟ ਹੀ ਮੌਜੂਦ ਸੀ। ਰੀਓ-ਡੀ* ਜਨੇਰੀਓ ਦੀ ਸਿਵਲ ਪੁਲਿਸ ਨੇ ਦੱਸਿਆ ਕਿ ਇਸ ਟੱਕਰ ਵਿੱਚ ਕੋਈ ਵੀ ਜਿਊਂਦਾ ਨਹੀਂ ਬਚਿਆ। ਮ੍ਰਿਤਕਾਂ ਦੀ ਪਛਾਣ ਓਲੀਵਰ ਟ੍ਰੀ, ਗਾਸਪਰ ਪ੍ਰਿਮ, ਯਾਤਰੀ ਲੁਕਾਸ ਬ੍ਰਿਟੋ ਚਾਵੇਸ, ਲੁਕਾਸ ਵਿਗਨਾਲੇ ਅਤੇ ਪਾਇਲਟ ਅਲੈਗਜ਼ੈਂਡਰ ਸੂਜ਼ਾ ਅਤੇ ਚਾਰਲਸ ਮਾਰਸੀਲੈਕ ਵਜੋਂ ਹੋਈ ਹੈ।

ਹਾਦਸੇ ਤੋਂ ਬਾਅਦ ਇੱਕ ਹੈਲੀਕੌਂਪਟਰ ਚੀਨੀ ਇਲੈਕਟ੍ਰਿਕ ਵਾਹਨ ਨਿਰਮਾਤਾ ਕੰਪਨੀ 'BYD' ਦੁਆਰਾ ਕਿਰਾਏ 'ਤੇ ਲਈ ਗਈ ਜ਼ਮੀਨ 'ਤੇ ਜਾ ਡਿੱਗਿਆ। ਇਸ ਕਾਰਨ ਉੱਥੇ ਪਾਰਕ ਕੀਤੀਆਂ ਕਰੀਬ 20 ਕਾਰਾਂ ਨੂੰ ਭਿਆਨਕ ਅੱਗ ਲੱਗ ਗਈ। ਦੂਜਾ ਹੈਲੀਕੌਂਪਟਰ ਘਟਨਾ ਸਥਾਨ ਤੋਂ ਲੱਗਭਗ 100 ਮੀਟਰ ਦੀ ਦੂਰੀ 'ਤੇ ਡਿੱਗਿਆ। ਹਾਦਸੇ ਦਾ ਮਲਬਾ ਨੇੜਲੇ ਰਿਹਾਇਸ਼ੀ ਅਤੇ ਦਫ਼ਤਰੀ ਇਮਾਰਤਾਂ 'ਤੇ ਵੀ ਜਾ ਡਿੱਗਿਆ। ਫ਼ਾਇਰ ਸਰਵਿਸ ਦੇ ਬੁਲਾਰੇ ਅਨੁਸਾਰ 45 ਫ਼ਾਇਰ ਫ਼ਾਈਟਰਾਂ ਅਤੇ 15 ਗੱਡੀਆਂ ਦੀ ਮਦਦ ਨਾਲ ਕਰੀਬ ਇੱਕ ਘੰਟੇ ਵਿੱਚ ਅੱਗ 'ਤੇ ਕਾਬੂ ਪਾਇਆ ਗਿਆ। ਬ੍ਰਾਜ਼ੀਲ ਦੀ ਹਵਾਈ ਸੈਨਾ ਅਤੇ ਹਵਾਈ ਹਾਦਸਾ ਜਾਂਚ ਕੇਂਦਰ ਦੇ ਜਾਂਚਕਰਤਾਵਾਂ ਨੇ ਹਾਦਸੇ ਦੇ ਕਾਰਨਾਂ ਦਾ ਪਤਾ ਲਗਾਉਣ ਲਈ ਰਸਮੀ ਜਾਂਚ ਸ਼ੁਰੂ ਕਰ ਦਿੱਤੀ ਹੈ।

# 5 ਮਹੀਨਿਆਂ 'ਚ ਸੂਡਾਨ ਡਰੋਨ ਹਮਲਿਆਂ 'ਚ 1,000 ਤੋਂ ਵੱਧ ਲੋਕਾਂ ਦੀ ਮੌਤ : ਸੰਯੁਕਤ ਰਾਸ਼ਟਰ



ਜਨੇਵਾ, 16 ਜੂਨ (ਪ੍ਰਤੀਨਿਧੀ) : ਸੰਯੁਕਤ ਰਾਸ਼ਟਰ ਦੇ ਅਧਿਕਾਰ ਮੁਖੀ ਨੇ ਸੋਮਵਾਰ ਨੂੰ ਸੰਘਰਸ਼ ਪ੍ਰਭਾਵਿਤ ਸੂਡਾਨ ਵਿੱਚ ਡਰੋਨ ਯੁੱਧ ਦੀ ਵਰਤੋਂ 'ਚ 'ਤੇਜ਼ ਵਾਧੇ' ਦੀ ਨਿੰਦਾ ਕੀਤੀ ਤੇ ਇਸ ਦੇ ਨਾਲ ਹੀ ਕਿਹਾ ਕਿ 2026 ਦੇ ਪਹਿਲੇ 5 ਮਹੀਨਿਆਂ ਦੌਰਾਨ ਅਜਿਹੇ ਹਮਲਿਆਂ ਵਿੱਚ 1,000 ਤੋਂ ਵੱਧ ਨਾਗਰਿਕ ਮਾਰੇ ਗਏ।

ਅਪ੍ਰੈਲ 2023 ਵਿੱਚ ਨਿਯਮਿਤ ਫ਼ੌਜ ਅਤੇ ਅਰਧ ਸੈਨਿਕ ਰੈਪਿਡ ਸਪੋਰਟ ਫ਼ੋਰਸਿਜ਼ ਵਿੱਚਕਾਰ ਸ਼ੁਰੂ ਹੋਣ ਤੋਂ ਬਾਅਦ ਡਰੋਨ ਯੁੱਧ ਸੂਡਾਨ ਦੇ ਸੰਘਰਸ਼ ਦੀ ਇੱਕ ਵੱਧਦੀ ਪ੍ਰਮੁੱਖ ਵਿਸ਼ੇਸ਼ਤਾ ਬਣ ਗਈ ਹੈ। ਸੰਯੁਕਤ ਰਾਸ਼ਟਰ ਦੇ ਅਧਿਕਾਰ ਮੁੱਖੀ ਵੋਲਕਰ ਤੁਰਕ ਨੇ ਕਿਹਾ ਕਿ ਸੂਡਾਨ 'ਚ ਭਿਆਨਕ ਸੰਘਰਸ਼ ਫ਼ੈਲਿਆ ਤੇ ਵਧਿਆ ਹੈ, ਜਿਸ'ਚ ਡਰੋਨ ਯੁੱਧ ਦੀ ਵਰਤੋਂ 'ਚ ਤੇਜ਼ੀ ਨਾਲ ਵਾਧਾ ਹੋਇਆ ਹੈ। ਅਧਿਕਾਰੀ ਨੇ ਜਨੇਵਾ ਵਿੱਚ ਸੰਯੁਕਤ ਰਾਸ਼ਟਰ ਮਨੁੱਖੀ ਅਧਿਕਾਰ ਪ੍ਰੀਸ਼ਦ ਨੂੰ ਉਦਘਾਟਨੀ ਸਮਾਗਮ ਵਿੱਚ ਕਿਹਾ ਕਿ ਜਨਵਰੀ ਅਤੇ ਮਈ 2026 ਦੇ ਵਿੱਚਕਾਰ, ਸਾਡੇ ਦਫ਼ਤਰ ਨੇ ਡਰੋਨ ਹਮਲਿਆਂ ਦੁਆਰਾ ਮਾਰੇ ਗਏ 1,000 ਤੋਂ ਵੱਧ ਨਾਗਰਿਕਾਂ ਦਾ ਦਸਤਾਵੇਜ਼ੀਕਰਨ ਕੀਤਾ। ਉਸ ਨੇ ਇਹ ਵੀ ਦੁੱਖ ਪ੍ਰਗਟ ਕੀਤਾ ਕਿ ਬਲਾਤਕਾਰ ਅਤੇ ਜਿਣਸੀ ਹਿੰਸਾ ਬਹੁਤ ਜ਼ਿਆਦਾ ਹੈ।

ਸੂਡਾਨ 'ਚ ਚੱਲ ਰਹੇ ਵਿਸ਼ਾਲ ਸੰਘਰਸ਼ ਨੇ ਹਜ਼ਾਰਾਂ ਲੋਕਾਂ ਦੀ ਜਾਨ ਲੈ ਲਈ ਹੈ ਤੇ 11 ਮਿਲੀਅਨ ਤੋਂ ਵੱਧ ਲੋਕਾਂ ਨੂੰ ਆਪਣੇ ਘਰਾਂ ਤੋਂ ਬੇਘਰ ਹੋਣ ਲਈ ਮਜਬੂਰ ਕੀਤਾ ਹੈ। ਸੰਯੁਕਤ ਰਾਸ਼ਟਰ ਨੇ ਇਸ ਨੂੰ ਦੁਨੀਆਂ ਦਾ ਸਭ ਤੋਂ ਵੱਡਾ ਵਿਸਥਾਪਨ ਅਤੇ ਭੁੱਖਮਰੀ ਸੰਕਟ ਪੈਦਾ ਕਰਨ ਵਾਲਾ ਦੇਸ਼ ਦੱਸਿਆ।

# ਲੰਡਨ ਦੀਆਂ ਸੜਕਾਂ 'ਤੇ ਉਤਰੇ ਹਜ਼ਾਰਾਂ 'ਬ੍ਰਿਟਿਸ਼ ਕਸ਼ਮੀਰੀ', ਪਾਕਿਸਤਾਨ ਵਿਰੁੱਧ ਕੱਢਿਆ ਵਿਸ਼ਾਲ ਰੋਸ ਮਾਰਚ




ਲੰਡਨ, 16 ਜੂਨ (ਪ੍ਰਤੀਨਿਧੀ) : ਲੰਡਨ ਵਿੱਚ ਹਜ਼ਾਰਾਂ 'ਬ੍ਰਿਟਿਸ਼ ਕਸ਼ਮੀਰੀ' ਪਾਕਿਸਤਾਨ ਦੇ ਕਬਜ਼ੇ ਵਾਲੇ ਕਸ਼ਮੀਰ (ਪੀ.ਓ.ਕੇ.) ਵਿੱਚ ਸੁਰੱਖ਼ਿਆ ਬਲਾਂ ਦੀਆਂ ਕਾਰਵਾਈਆਂ ਦਾ ਵਿਰੋਧ ਕਰਨ ਲਈ ਪਾਰਲੀਮੈਂਟ ਸਕੁਏਅਰ ਵਿੱਚ ਇਕੱਠੇ ਹੋਏ। ਭੀੜ ਨੇ ਬੈਨਰ ਲਹਿਰਾਏ ਅਤੇ ਪਾਕਿਸਤਾਨੀ ਫ਼ੌਜਾਂ ਵਿਰੁੱਧ 'ਇਨਕਲਾਬ' ਦੇ ਸਮਰਥਨ ਵਿੱਚ ਨਾਅਰੇ ਲਗਾਏ। ਸਾਂਝੀ ਆਵਾਮੀ ਐਕਸ਼ਨ ਕਮੇਟੀ (ਜੇ.ਏ.ਏ.ਸੀ.) ਦੇ ਸਮਰਥਨ ਵਿੱਚ ਪ੍ਰਦਰਸ਼ਨਕਾਰੀਆਂ ਨੇ ਮਨੁੱਖੀ ਅਧਿਕਾਰਾਂ ਦੀ ਬਹਾਲੀ ਅਤੇ ਖੇਤਰ ਵਿੱਚ ਫ਼ੈਲ ਰਹੇ ਅੱਤਵਾਦ ਵਿਰੁੱਧ ਕਾਰਵਾਈ ਦੀ ਮੰਗ ਕੀਤੀ।

ਪ੍ਰਦਰਸ਼ਨਕਾਰੀਆਂ ਨੇ 'ਪਾਕਿਸਤਾਨੀ ਫ਼ੌਜ ਵਾਪਸ ਜਾਓ' ਵਰਗੇ ਨਾਅਰੇ ਵੀ ਲਗਾਏ। ਉਨ੍ਹਾਂ ਨੇ ਪੀ.ਓ.ਕੇ. ਵਿੱਚ ਨਾਗਰਿਕਾਂ ਦੀਆਂ ਕਥਿਤ ਹੱਤਿਆਵਾਂ, ਔਰਤਾਂ ਨਾਲ ਛੇੜਛਾੜ ਅਤੇ ਸ਼ਾਂਤੀਪੂਰਨ ਪ੍ਰਦਰਸ਼ਨਕਾਰੀਆਂ ਵਿਰੁੱਧ ਤਾਕਤ ਦੀ ਵਰਤੋਂ 'ਤੇ ਵੀ ਗੰਭੀਰ ਚਿੰਤਾ ਪ੍ਰਗਟ ਕੀਤੀ। ਪ੍ਰਦਰਸ਼ਨਕਾਰੀਆਂ ਨੇ ਨਿਆਂ ਦੀ ਮੰਗ ਕਰਦੇ ਹੋਏ ਨਾਅਰੇ ਲਗਾਏ ਅਤੇ ਖੇਤਰ ਵਿੱਚ ਹਾਲ ਹੀ ਵਿੱਚ ਹੋਈਆਂ ਅਸ਼ਾਂਤੀ ਦੀਆਂ ਘਟਨਾਵਾਂ ਨੂੰ ਉਜਾਗਰ ਕਰਨ ਵਾਲੇ ਤਖ਼ਤੀਆਂ ਫ਼ੜੀਆਂ ਹੋਈਆਂ ਸਨ।

ਇਸ ਹਫ਼ਤੇ ਦੇ ਸ਼ੁਰੂ ਵਿੱਚ ਬ੍ਰੈਡਫੋਰਡ ਵਿੱਚ ਪਾਕਿਸਤਾਨੀ ਕੌਂਸਲੇਟ ਦੇ ਬਾਹਰ ਇਸੇ ਤਰ੍ਹਾਂ ਦੇ ਪ੍ਰਦਰਸ਼ਨਾਂ ਤੋਂ ਬਾਅਦ ਇਹ ਵਿਰੋਧ ਮਾਰਚ ਹੋਇਆ। ਪਾਕਿਸਤਾਨ ਦੇ ਮਨੁੱਖੀ ਅਧਿਕਾਰ ਕਮਿਸ਼ਨ (ਐੱਚ.ਆਰ.ਸੀ.ਪੀ.) ਸਮੇਤ ਕਈ ਸੰਗਠਨਾਂ ਨੇ ਅੱਤਿਵਾਦ ਵਿਰੋਧੀ ਕਾਨੂੰਨਾਂ ਤਹਿਤ ਐਸੱ.ਜੇ.ਐੱਸ.ਏ.ਸੀ. 'ਤੇ ਪਾਬੰਦੀ ਲਗਾਉਣ ਦੇ ਤਥਾਕਥਿਤ ਖੇਤਰੀ ਸਰਕਾਰ ਦੇ ਫ਼ੈਸਲੇ 'ਤੇ ਡੂੰਘੀ ਚਿੰਤਾ ਪ੍ਰਗਟ ਕੀਤੀ ਹੈ।

ਪੀ.ਓ.ਕੇ. ਦੇ ਰਾਵਲਕੋਟ ਵਿੱਚ ਪੁਲਿਸ ਅਤੇ ਐੱਸ.ਜੇ.ਐੱਸ.ਏ.ਸੀ. ਕਾਰਕੁੰਨਾਂ ਵਿੱਚਕਾਰ ਹਾਲ ਹੀ ਵਿੱਚ ਹੋਈਆਂ ਝੜਪਾਂ ਵਿੱਚ ਕਈ ਨਾਗਰਿਕਾਂ ਅਤੇ ਪੁਲਿਸ ਮੁਲਾਜ਼ਮਾਂ ਦੀ ਮੌਤ ਹੋ ਗਈ। ਭਾਰਤ ਦਾ ਕਹਿਣਾ ਹੈ ਕਿ ਪਾਕਿਸਤਾਨ ਨੇ ਜੰਮੂ-ਕਸ਼ਮੀਰ ਅਤੇ ਲੱਦਾਖ ਦੇ ਕੇਂਦਰ ਸ਼ਾਸ਼ਤ ਪ੍ਰਦੇਸ਼ਾਂ ਦੇ ਕੁੱਝ ਹਿੱਸਿਆਂ 'ਤੇ ਗੈਰ-ਕਾਨੂੰਨੀ ਕਬਜ਼ਾ ਕੀਤਾ ਹੋਇਆ ਹੈ।

# ਅਮਰੀਕਾ ਦੇ ਹਾਊਸ ਆਫ਼ ਰਿਪ੍ਰੈਜ਼ੈਂਟੇਟਿਵਜ਼ ਨੇ ਸਮਾਜ ਸੇਵੀ ਜਸਦੀਪ ਸਿੰਘ ਜੱਸੀ ਨੂੰ ਕੀਤਾ ਸਨਮਾਨਿਤ




ਵਾਸ਼ਿੰਗਟਨ , 16 ਜੂਨ (ਪ੍ਰਤੀਨਿਧੀ) : ਅਮਰੀਕਾ ਦੇ ਇਲੀਨੌਇਸ ਸੂਬੇ ਨੇ ਹਾਊਸ ਔਫ਼ ਰਿਪ੍ਰੈਜ਼ੈਂਟੇਟਿਵਜ਼ ਦੇ ਕਾਂਗਰਸਮੈਨ ਜੋਨਾਥਨ . ਐਲ. ਜੈਕਸਨ ਵਲੋਂ ਅਮਰੀਕੀ ਸੰਸਦ ਵਿੱਚ ਪ੍ਰਮੁੱਖ ਸਿੱਖ ਆਗੂ ਅਤੇ ਸਮਾਜ ਸੇਵੀ ਜਸਦੀਪ ਸਿੰਘ ਜੱਸੀ ਨੂੰ ਸਨਮਾਨਿਤ ਕੀਤਾ ਗਿਆ। ਜਸਦੀਪ ਸਿੰਘ ਜੱਸੀ ਦੀ ਇਸ ਇਤਿਹਾਸਕ ਪ੍ਰਾਪਤੀ ਨੂੰ ਅਮਰੀਕੀ ਸੰਸਦ ਦੇ ਅਧਿਕਾਰਤ ਰਿਕਾਰਡ 119 ਕਾਂਗਰਸ ਵਿੱਚ ਦਰਜ ਕੀਤਾ ਗਿਆ ਹੈ। ਇਲੀਨੋਇਸ ਸੂਬੇ ਤੋਂ ਮਾਨਯੋਗ ਕਾਂਗਰਸਮੈਨ ਜੋਨਾਥਨ ਐੱਲ. ਜੈਕਸਨ ਵਲੋਂ ਸੰਸਦ ਵਿੱਚ ਜਸਦੀਪ ਸਿੰਘ ਚੰਢੋਕ ਦੇ ਕਾਰਜਾਂ ਦੀ ਭਰਪੂਰ ਸ਼ਲਾਘਾ ਕਰਦਿਆਂ ਇੱਕ ਪ੍ਰਸ਼ੰਸਾ ਪੱਤਰ ਪੇਸ਼ ਕੀਤਾ ਗਿਆ।

ਜਸਦੀਪ ਸਿੰਘ ਜੱਸੀ ਪਿਛਲੇ 3 ਦਹਾਕਿਆਂ ਤੋਂ ਵੱਧ ਸਮੇਂ ਤੋਂ ਅਮਰੀਕਾ ਦੀਆਂ ਸਿਹਤ ਸੰਭਾਲ, ਮਾਨਵਤਾਵਾਦੀ ਸੇਵਾਵਾਂ, ਗੈਰ-ਲਾਭਕਾਰੀ ਸੰਸਥਾਵਾਂ, ਪੈਟਰੋਲੀਅਮ ਮਾਰਕੀਟਿੰਗ, ਰੀਅਲ ਅਸਟੇਟ ਅਤੇ ਅੰਤਰਰਾਸ਼ਟਰੀ ਸਲਾਹਕਾਰ ਵਜੋਂ ਵੱਖ-ਵੱਖ ਖੇਤਰਾਂ ਵਿੱਚ ਇੱਕ ਦੂਰ-ਅੰਦੇਸ਼ੀ ਆਗੂ ਅਤੇ ਉੱਦਮੀ ਵਜੋਂ ਨਿਰੰਤਰ ਕਾਰਜਸ਼ੀਲ ਹਨ। ਉਨ੍ਹਾਂ ਵਲੋਂ ਅਜਿਹੀਆਂ ਮਾਨਤਾਵਾਦੀ ਸੇਵਾਵਾਂ ਦੇਣ ਦੇ ਬਦਲੇ ਅਮਰੀਕੀ ਸੰਸਦ ਦੇ ਅਧਿਕਾਰਿਤ ਰਿਕਾਰਡ ਇਸ ਸਿੱਖ ਆਗੂ ਦਾ ਨਾਂ ਦਰਜ ਕੀਤਾ ਗਿਆ ਹੈ। ਜੋ ਮੌਜੂਦਾ ਸਮੇਂ ਵਿੱਚ ਉਹ 'ਸੈਂਟਰ ਫ਼ੌਰ ਸੋਸ਼ਲ ਚੇਂਜ' ਦੇ ਚੀਫ਼ ਓਪਰੇਟਿੰਗ ਅਫ਼ਸਰ (ਸੀ.ਓ.ਓ.) ਵਜੋਂ ਅਮਰੀਕਾ 'ਚ ਸੇਵਾਵਾਂ ਨਿਭਾ ਰਹੇ ਹਨ, ਜਿੱਥੇ ਉਹ ਬੌਧਿਕ ਅਤੇ ਵਿਕਾਸ ਸਬੰਧੀ ਅਪਾਹਜ਼ਤਾਵਾਂ ਵਾਲੇ ਲੋਕਾਂ ਦੀ ਰਿਹਾਇਸ਼, ਕਿੱਤਾਮੁੱਖੀ ਸਿਖਲਾਈ, ਮਾਨਸਿਕ ਸਿਹਤ ਅਤੇ ਸਮਾਜਿਕ ਸੁਧਾਰ ਲਈ ਬੇਮਿਸਾਲ ਯੋਗਦਾਨ ਪਾ ਰਹੇ ਹਨ। ਇਸ ਦੇ ਨਾਲ ਹੀ ਉਹ 'ਸਿੱਖਸ ਔਫ਼ ਅਮੈਰਿਕਾ' ਦੇ ਚੇਅਰਮੈਨ ਵਜੋਂ ਵੀ ਸੇਵਾ ਨਿਭਾ ਰਹੇ ਹਨ, ਜਿੱਥੇ ਉਨ੍ਹਾਂ ਨੇ ਅਮਰੀਕਾ ਵਿੱਚ ਸਿੱਖ-ਅਮਰੀਕਨਾਂ ਦੀ ਆਵਾਜ਼ ਅਤੇ ਪਛਾਣ ਨੂੰ ਮਜ਼ਬੂਤ ਕਰਨ, ਵੱਖ-ਵੱਖ ਧਰਮਾਂ ਵਿੱਚ ਆਪਸੀ ਸਾਂਝ ਵਧਾਉਣ, ਸੱਭਿਆਚਾਰਕ ਸਮਝ ਅਤੇ ਪ੍ਰਵਾਸੀਆਂ ਨੂੰ ਮੁੱਖ ਧਾਰਾ ਨਾਲ ਜੋੜਨ ਲਈ ਅਣਥੱਕ ਮਿਹਨਤ ਕੀਤੀ ਹੈ।

ਕਾਂਗਰਸਮੈਨ ਜੋਨਾਥਨ ਐੱਲ. ਜੈਕਸਨ ਨੇ ਆਪਣੇ ਸੰਬੋਧਨ ਵਿੱਚ ਸਮੂਹ ਸਾਥੀਆਂ ਨੂੰ ਅਪੀਲ ਕੀਤੀ ਕਿ ਉਹ ਹੈੱਲਥਕੇਅਰ ਲੀਡਰਸ਼ਿਪ, ਅਪਾਹਜ਼ਤਾਵਾਂ ਵਾਲੇ ਲੋਕਾਂ ਦੀ ਮਦਦ, ਗੈਰ-ਲਾਭਕਾਰੀ ਸੇਵਾਵਾਂ, ਪ੍ਰਵਾਸੀਆਂ ਦੀ ਭਾਈਵਾਲੀ, ਉੱਦਮਤਾ ਅਤੇ ਧਾਰਮਿਕ ਸਹਿਣਸ਼ੀਲਤਾ ਦੇ ਖੇਤਰ ਵਿੱਚ ਜਸਦੀਪ ਸਿੰਘ ਜੱਸੀ ਦੇ ਭਾਰੀ ਯੋਗਦਾਨ ਲਈ ਉਨ੍ਹਾਂ ਦਾ ਸਨਮਾਨ ਕਰਨ। ਉਨ੍ਹਾਂ ਕਿਹਾ ਕਿ ਮਿਸਟਰ ਜੱਸੀ ਦਾ ਜੀਵਨ ਨਿੱਜੀ ਪ੍ਰਸਿੱਧੀ ਤੋਂ ਉੱਪਰ ਉੱਠ ਕੇ ਸਮਾਜ ਦੀ ਸੇਵਾ ਕਰਨ ਦੀ ਇੱਕ ਬੇਹੱਦ ਮਿਸਾਲੀ ਉਦਾਹਰਣ ਹੈ, ਜਿਸ ਨੇ ਅਮਰੀਕਾ ਵਿੱਚ ਸਿੱਖ ਭਾਈਚਾਰੇ ਦਾ ਸਿਰ ਮਾਣ ਨਾਲ ਉੱਚਾ ਕੀਤਾ ਹੈ।

# ਬ੍ਰਿਟੇਨ 'ਚ ਪਾਕਿਸਤਾਨੀ ਸ਼ਰਨਾਰਥੀ ਵੱਲੋਂ ਕੁੜੀ ਨੂੰ ਛੇੜਨ 'ਤੇ ਹੋਈ 10 ਸਾਲ ਦੀ ਕੈਦ



ਲੰਡਨ, 16 ਜੂਨ (ਪ੍ਰਤੀਨਿਧੀ) : ਬ੍ਰਿਟੇਨ ਦੀ ਇੱਕ ਅਦਾਲਤ ਨੇ 18 ਸਾਲਾ ਕੁੜੀ ਨਾਲ ਬਲਾਤਕਾਰ ਕਰਨ ਦੇ ਗੰਭੀਰ ਦੋਸ਼ 'ਚ ਪਾਕਿਸਤਾਨੀ ਮੂਲ ਦੇ ਸ਼ਰਨਾਰਥੀ ਸ਼ੇਰਾਜ ਮਲਿਕ ਨੂੰ 10 ਸਾਲ ਦੀ ਕੈਦ ਦੀ ਸਜ਼ਾ ਸੁਣਾਈ ਹੈ। ਅਦਾਲਤ ਨੇ ਫ਼ੈਸਲਾ ਸੁਣਾਉਂਦਿਆਂ ਕਿਹਾ ਕਿ ਦੋਸ਼ੀ ਨੇ ਕੁੜੀ ਦੀ ਨਸ਼ੇ ਦੀ ਹਾਲਤ ਅਤੇ ਉਸ ਦੀ ਬੇਵੱਸੀ ਦਾ ਗਲਤ ਫ਼ਾਇਦਾ ਉਠਾਇਆ ਹੈ। ਸਜ਼ਾ ਪੂਰੀ ਹੋਣ ਤੋਂ ਬਾਅਦ ਵੀ ਮਲਿਕ ਅਗਲੇ 4 ਸਾਲਾਂ ਤਕ ਵਿਸ਼ੇਸ਼ ਨਿਗਰਾਨੀ ਹੇਠ ਰਹੇਗਾ।

ਅਭਿਯੋਜਨ ਪੱਖ ਅਨੁਸਾਰ, ਇਹ ਘਟਨਾ 29 ਜੂਨ 2025 ਨੂੰ ਬ੍ਰਿਟੇਨ ਦੇ ਸਟਨ ਲਾਨ ਪਾਰਕ ਵਿੱਚ ਵਾਪਰੀ ਸੀ। ਪੀੜਤ ਕੁੜੀ ਉਸ ਸਮੇਂ ਆਪਣੇ ਇੱਕ ਦੋਸਤ ਨਾਲ ਪਾਰਕ ਵਿੱਚ ਮੌਜੂਦ ਸੀ ਅਤੇ ਦੋਵੇਂ ਸ਼ਰਾਬ ਪੀ ਰਹੇ ਸਨ। ਇਸੇ ਦੌਰਾਨ ਉਨ੍ਹਾਂ ਦੀ ਮੁਲਾਕਾਤ ਸ਼ੇਰਾਜ ਮਲਿਕ ਅਤੇ ਉਸ ਦੇ ਸਾਥੀਆਂ ਨਾਲ ਹੋਈ। ਕੁਝ ਸਮੇਂ ਬਾਅਦ ਜਦੋਂ ਕੁੜੀ ਦਾ ਦੋਸਤ ਉੱਥੋਂ ਜਾਣ ਲੱਗਾ, ਤਾਂ ਉਸ ਨੇ ਉੱਥੇ ਮੌਜੂਦ ਲੋਕਾਂ ਨੂੰ ਕੁੜੀ ਦਾ ਧਿਆਨ ਰੱਖਣ ਲਈ ਕਿਹਾ ਸੀ। ਪਰ ਦੋਸਤ ਦੇ ਜਾਣ ਤੋਂ ਬਾਅਦ ਮਲਿਕ ਪੀੜਤਾ ਨੂੰ ਪਾਰਕ ਦੇ ਇੱਕ ਸੁੰਨਸਾਨ ਹਿੱਸੇ ਵਿੱਚ ਲੈ ਗਿਆ ਅਤੇ ਉਸ ਨਾਲ ਬਲਾਤਕਾਰ ਕੀਤਾ।

ਰਿਪੋਰਟਾਂ ਮੁਤਾਬਕ ਘਟਨਾ ਦਾ ਸਭ ਤੋਂ ਸ਼ਰਮਨਾਕ ਪਹਿਲੂ ਇਹ ਸੀ ਕਿ ਬਲਾਤਕਾਰ ਕਰਨ ਤੋਂ ਬਾਅਦ ਮਲਿਕ ਨੇ ਕੁੜੀ ਤੋਂ ਪੁੱਛਿਆ, 'ਕੀ ਤੁਹਾਨੂੰ ਮਜ਼ਾ ਆਇਆ ?' ਦੋਸ਼ੀ ਦੇ ਇਸ ਵਤੀਰੇ ਕਾਰਨ ਲੋਕਾਂ ਵਿੱਚ ਭਾਰੀ ਗੁੱਸਾ ਹੈ ਅਤੇ ਲੋਕਾਂ ਨੇ ਉਸ ਦੀ ਤੁਲਨਾ ਜਾਨਵਰਾਂ ਨਾਲ ਕੀਤੀ ਹੈ। ਅਦਾਲਤ ਵਿੱਚ ਸੁਣਵਾਈ ਦੌਰਾਨ ਮਲਿਕ ਨੇ ਦਾਅਵਾ ਕੀਤਾ ਸੀ ਕਿ ਇਹ ਸਭ ਆਪਸੀ ਸਹਿਮਤੀ ਨਾਲ ਹੋਇਆ ਸੀ, ਪਰ ਜੂਰੀ ਨੇ ਉਸ ਨੂੰ ਬਲਾਤਕਾਰ ਦੇ ਦੋਵਾਂ ਮਾਮਲਿਆਂ ਵਿੱਚ ਦੋਸ਼ੀ ਕਰਾਰ ਦਿੱਤਾ।

ਸਜ਼ਾ ਸੁਣਾਉਂਦੇ ਹੋਏ ਜੱਜ ਸਾਈਮਨ ਐਸ਼ ਕੇਸੀ ਨੇ ਕਿਹਾ ਕਿ ਦੋਸ਼ੀ ਨੇ ਜਾਣਬੁੱਝ ਕੇ ਇੱਕ ਅਜਿਹੀ ਕੁੜੀ ਨੂੰ ਨਿਸ਼ਾਨਾ ਬਣਾਇਆ ਜੋ ਬੇਹੱਦ ਕਮਜ਼ੋਰ ਅਤੇ ਅਸੁਰੱਖ਼ਿਅਤ ਸਥਿਤੀ ਵਿੱਚ ਸੀ। ਅਦਾਲਤ ਅਨੁਸਾਰ, ਜਦੋਂ ਪੀੜਤਾ ਨੇ ਵਿਰੋਧ ਕਰਨ ਦੀ ਕੋਸ਼ਿਸ਼ ਕੀਤੀ, ਤਾਂ ਮਲਿਕ ਨੇ ਉਸ ਦੇ ਸਿਰ ਅਤੇ ਚਿਹਰੇ 'ਤੇ ਹਮਲਾ ਵੀ ਕੀਤਾ। ਪੀੜਤਾ ਨੇ ਆਪਣੇ 'ਵਿਕਟਿਮ ਇਮਪੈਕਟ ਸਟੇਟਮੈਂਟ' ਵਿੱਚ ਦੱਸਿਆ ਕਿ ਇਸ ਘਟਨਾ ਨੇ ਉਸ ਦੀ ਪੂਰੀ ਜ਼ਿੰਦਗੀ ਬਦਲ ਦਿੱਤੀ ਹੈ ਅਤੇ ਉਹ ਅੱਜ ਵੀ ਮਾਨਸਿਕ ਸਦਮੇ ਅਤੇ ਡਰਾਉਣੇ ਸੁਪਨਿਆਂ ਦਾ ਸਾਹਮਣਾ ਕਰ ਰਹੀ ਹੈ।

ਜਾਂਚ 'ਚ ਸਾਹਮਣੇ ਆਇਆ ਹੈ ਕਿ ਸ਼ੇਰਾਜ ਮਲਿਕ ਪਾਕਿਸਤਾਨ 'ਚ ਪੈਦਾ ਹੋਇਆ ਸੀ ਅਤੇ ਬ੍ਰਿਟੇਨ ਪਹੁੰਚਣ ਤੋਂ ਪਹਿਲਾਂ ਉਹ ਇਟਲੀ, ਜਰਮਨੀ ਅਤੇ ਫ਼ਰਾਂਸ ਵਿੱਚ ਵੀ ਰਹਿ ਚੁੱਕਾ ਸੀ। ਰਿਪੋਰਟ ਅਨੁਸਾਰ, ਜਦੋਂ ਉਸ ਨੇ ਇਸ ਵਾਰਦਾਤ ਨੂੰ ਅੰਜ਼ਾਮ ਦਿੱਤਾ, ਉਸ ਨੂੰ ਬ੍ਰਿਟੇਨ ਆਏ ਅਜੇ ਇੱਕ ਸਾਲ ਵੀ ਨਹੀਂ ਹੋਇਆ ਸੀ। ਅਦਾਲਤ ਨੇ ਸਪੱਸ਼ਟ ਕੀਤਾ ਕਿ ਅਜਿਹੇ ਗੰਭੀਰ ਅਪਰਾਧਾਂ ਵਿੱਚ ਪੀੜਤਾਂ ਦੀ ਸੁਰੱਖ਼ਿਆ ਅਤੇ ਨਿਆਂ ਯਕੀਨੀ ਬਣਾਉਣਾ ਹੀ ਉਨ੍ਹਾਂ ਦੀ ਸਰਵਉੱਚ ਤਰਜੀਹ ਹੈ।

# ਲਹਿੰਦੇ ਪੰਜਾਬ 'ਚ ਪਿਓ ਵੱਲੋਂ ਆਪਣੀ ਧੀ ਤੇ ਜਵਾਈ ਦਾ ਕੀਤਾ ਕਤਲ



ਲਾਹੌਰ , 16 ਜੂਨ (ਪ੍ਰਤੀਨਿਧੀ) : ਪਾਕਿਸਤਾਨ ਤੋਂ ਦਿਲ ਦਹਿਲਾ ਦੇਣ ਵਾਲਾ ਮਾਮਲਾ ਸਾਹਮਣੇ ਆਇਆ ਹੈ। ਇੱਥੇ ਪੰਜਾਬ ਸੂਬੇ ਵਿੱਚ ਅਣਖ ਖਾਤਰ ਕਤਲ ਦੇ ਇੱਕ ਮਾਮਲੇ ਵਿੱਚ ਇੱਕ ਨਵ-ਵਿਆਹੇ ਜੋੜੇ ਦੀ ਲਾੜੀ ਦੇ ਪਿਤਾ ਨੇ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ। ਪੁਲਿਸ ਨੇ ਸੋਮਵਾਰ ਨੂੰ ਇਸ ਸਬੰਧੀ ਜਾਣਕਾਰੀ ਦਿੱਤੀ।

ਇਹ ਘਟਨਾ ਬੀਤੇ ਦਿਨੀਂ ਲਾਹੌਰ ਤੋਂ ਲੱਗਭਗ 80 ਕਿਲੋਮੀਟਰ ਦੂਰ ਗੁੱਜ਼ਰਾਂਵਾਲਾ ਦੇ ਇੱਕ ਪਿੰਡ ਵਿੱਚ ਵਾਪਰੀ। ਪੁਲਿਸ ਨੇ ਦੱਸਿਆ ਕਿ ਕੁੜੀ ਫ਼ੈਜ਼ਾ ਤਾਰਿਕ ਨੇ ਆਪਣੇ ਪਰਿਵਾਰ ਦੀ ਇੱਛਾ ਵਿਰੁੱਧ ਅਬਦੁਲ ਵਹੀਦ ਨਾਲ ਭੱਜ ਕੇ ਕੋਰਟ ਮੈਰਿਜ ਕਰ ਲਈ ਸੀ। ਪੁਲਿਸ ਅਧਿਕਾਰੀ ਜ਼ੁਬੈਰ ਸਿਆਲ ਨੇ ਪੱਤਰਕਾਰਾਂ ਨੂੰ ਦੱਸਿਆ ਕਿ ਫ਼ੈਜ਼ਾ ਫ਼ੋਨ ਰਾਹੀਂ ਆਪਣੇ ਪਰਿਵਾਰ ਨਾਲ ਸੰਪਰਕ ਵਿੱਚ ਰਹੀ, ਜਿਸ ਨੇ ਉਸ ਨੂੰ ਵਾਪਸ ਆਉਣ ਲਈ ਮਨਾ ਲਿਆ। ਇਸ ਦੌਰਾਨ ਜੋੜੇ ਨੂੰ ਭਰੋਸਾ ਦਿੱਤਾ ਗਿਆ ਸੀ ਕਿ ਉਨ੍ਹਾਂ ਨੂੰ ਕੋਈ ਨੁਕਸਾਨ ਨਹੀਂ ਪਹੁੰਚਾਇਆ ਜਾਵੇਗਾ।

ਬੀਤੇ ਦਿਨੀਂ ਜਦੋਂ ਜੋੜਾ ਕੁੜੀ ਵਾਲਿਆਂ ਦੇ ਘਰ ਰਾਤ ਦੇ ਖਾਣੇ ਲਈ ਪਹੁੰਚਿਆ ਤਾਂ ਪਿਤਾ ਤਾਰਿਕ ਵੜੈਚ ਨੇ ਉਨ੍ਹਾਂ ਨੂੰ ਤਸੀਹੇ ਦਿੱਤੇ ਅਤੇ ਗੋਲੀ ਮਾਰ ਦਿੱਤੀ। ਸਿਆਲ ਨੇ ਕਿਹਾ ਕਿ ਇੱਕ ਕਰਮਚਾਰੀ ਜਿਸ ਨੇ ਦਖਲ ਦੇਣ ਦੀ ਕੋਸ਼ਿਸ਼ ਕੀਤੀ, ਉਸ ਨੂੰ ਵੀ ਗੋਲੀ ਮਾਰ ਦਿੱਤੀ ਗਈ। ਪੁਲਿਸ ਨੇ ਕਿਹਾ ਕਿ ਵੜੈਚ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਹੈ ਅਤੇ ਉਸ ਨੇ 'ਪਰਿਵਾਰ ਦੀ ਇੱਜ਼ਤ ਨੂੰ ਠੇਸ ਪਹੁੰਚਾਉਣ ਕਾਰਨ' ਲਈ ਆਪਣੀ ਧੀ ਅਤੇ ਜਵਾਈ ਦੀ ਹੱਤਿਆ ਕਰਨ ਦਾ ਜੁਰਮ ਕਬੂਲ ਕਰ ਲਿਆ ਹੈ। ਦੂਜੇ ਪਾਸੇ ਮਨੁੱਖੀ ਅਧਿਕਾਰ ਸੰਗਠਨਾਂ ਅਨੁਸਾਰ ਪਾਕਿਸਤਾਨ ਵਿੱਚ ਹਰ ਸਾਲ 'ਇੱਜ਼ਤ' ਦੇ ਨਾਮ 'ਤੇ ਲੱਗਭਗ 1,000 ਔਰਤਾਂ ਨੂੰ ਮਾਰ ਦਿੱਤਾ ਜਾਂਦਾ ਹੈ। ਪਾਕਿਸਤਾਨ ਦੇ ਮਨੁੱਖੀ ਅਧਿਕਾਰ ਕਮਿਸ਼ਨ ਦਾ ਕਹਿਣਾ ਹੈ ਕਿ ਹਿੰਸਾ ਨੂੰ ਰੋਕਣ ਲਈ ਕੀਤੇ ਗਏ ਕਾਨੂੰਨੀ ਸੁਧਾਰਾਂ ਦੇ ਬਾਵਜੂਦ ਇਹ ਪ੍ਰਥਾ ਜਾਰੀ ਹੈ।